# ਪੰਜਾਬੀ ਸੂਬਾ

# ਤੇ

# ਅਸੀਂ ਪੰਜਾਬੀ

ਅਮਰ ਭਾਰਤੀ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਮੁਖ ਸ਼ਬਦ

ਨਾਮਧਾਰੀ ਪੰਥ ਦੇ ਦਿੱਲੀ ਵਿਚੋਂ ਨਿਕਲਣ ਵਾਲੇ 'ਰੋਜ਼ਾਨਾ ਨਵਾਂ ਹਿੰਦੁਸਤਾਨ' ਵਿਚ 'ਪੰਜਾਬੀ ਸੂਬੇ' ਦੇ ਸਵਾਲ ਬਾਰੇ ਬਹੁਤ ਸਾਰੇ ਲੇਖ ਲਿਖੇ ਗਏ ਹਨ। ਪੰਜਾਬੀ ਸੂਬੇ ਦਾ ਸਵਾਲ ਸਾਡੇ ਆਪਣੇ ਸੂਬੇ ਦਾ ਸਵਾਲ ਹੈ ਤੇ ਇਸ ਬਾਰੇ ਅਸਾਂ ਸਮੇਂ ਸਮੇਂ ਆਪਣੀ ਰਾਏ ਜ਼ਾਹਰ ਕਰਨੀ ਜ਼ਰੂਰੀ ਸਮਝੀ ਹੈ। ਪਰ ਪੰਜਾਬ ਦੇ ਕੁਝ ਅਖਬਾਰਾਂ ਅਜੀਤ, ਅਕਾਲੀ ਪਤ੍ਰਕਾ, ਪ੍ਰਭਾਤ ਤੇ ਪ੍ਰਦੀਪ ਨੇ ਸਾਡੇ ਲੇਖਾਂ ਦੇ ਅਰਥ ਆਪਣੇ ਆਪਣੇ ਲੜਾਈ ਦੇ ਸਿਧਾਂਤਾਂ ਅਨੁਸਾਰ ਲੈਕੇ ਸਾਡੇ ਬਾਰੇ ਕੁਝ ਲੇਖ ਲਿਖੇ ਹਨ। ਅਜੀਤ, ਅਕਾਲੀ ਪਤ੍ਰਕਾ ਤੇ ਪ੍ਰਭਾਤ ਨੇ ਤਾਂ ਇਸ ਤਰ੍ਹਾਂ ਦਾ ਮਤ ਜ਼ਾਹਰ ਕੀਤਾ ਹੈ ਕਿ 'ਨਵਾਂ ਹਿੰਦੁਸਤਾਨ' ਪੰਜਾਬੀ ਸੂਬੇ ਦਾ ਉਸੇ ਤਰ੍ਹਾਂ ਹੀ ਵਿਰੋਧ ਕਰ ਰਿਹਾ ਹੈ ਜਿਵੇਂ ਪ੍ਰਤਾਪ ਤੇ ਪ੍ਰਦੀਪ, ਆਰੀਯ ਸਮਾਜੀ ਜਾਂ ਜਨਸੰਘ ਦੇ ਅਖਬਾਰ ਕਰਦੇ ਹਨ ਤੇ ਉਹਨਾਂ ਨੇ ਸਾਨੂੰ ਇਹ ਸਲਾਹ ਵੀ ਦੇਣ ਦੀ ਕਿਰਪਾ ਕੀਤੀ ਹੈ ਕਿ ਅਸੀਂ ਸਿੱਖ ਹੋਣ ਦੇ ਨਾਤੇ ਜਾਂ ਤੇ ਪੰਜਾਬੀ ਸੂਬੇ ਦੀ ਹਮਾਇਤ ਕਰੀਏ ਜਾਂ ਫਿਰ ਚੁਪ ਰਹੀਏ।

ਅਸਾਂ ਨਿਮਰਤਾ ਨਾਲ ਇਸ ਦਾ ਉਤਰ ਦਿੱਤਾ ਹੈ ਤੇ ਇਹ ਗੱਲ ਸਪਸ਼ਟ ਕਰਨ ਦਾ ਜਤਨ ਕੀਤਾ ਹੈ ਕਿ ਸਾਡਾ ਅਸਲ ਦ੍ਰਿਸ਼ਟੀਕੋਣ ਕੀ ਹੈ।

ਬੁਨਿਆਦੀ ਤੌਰ ਤੇ ਇਸ ਬਾਰੇ ਸਾਡਾ ਮਤ ਇਹ ਹੈ ਕਿ ਅਸੀਂ ਕਿਸੇ ਵੀ ਮੰਗ ਨੂੰ ਮਜ਼ਹਬੀ ਰੂਪ ਦੇਣ ਦੇ ਖਿਲਾਫ ਹਾਂ, ਮਜ਼ਹਬ ਦੇ ਆਧਾਰ ਉੱਤੇ ਸਿਆਸੀ ਮੰਗਾਂ ਦੇ ਅਸੀਂ ਵਿਰੋਧੀ ਹਾਂ।

ਅਸੀਂ ਦੇਸ਼ ਦੀ ਅਖੰਡਤਾ, ਕੌਮੀ ਏਕਤਾ ਤੇ ਧਾਰਮਕ ਸਹਿਹੋਂਦ ਦੇ ਵਿਸ਼ਵਾਸੀ ਹਾਂ ਇਸ ਲਈ ਕਿਸੇ ਭੀ ਅਜੇਹੀ ਗੱਲ ਦੀ ਹਮਾਇਤ ਨਹੀਂ ਕਰਦੇ ਜਿਹੜੀ ਕਿਸੇ ਵੀ ਤਰ੍ਹਾਂ ਦੇਸ਼ ਦੇ ਲੋਕਾਂ ਨੂੰ ਆਪਸ ਵਿਚ ਪਾੜਦੀ ਹੋਵੇ, ਸ਼ੱਕ ਸ਼ਕੂਕ ਪੈਦਾ ਕਰਦੀ ਹੋਵੇ ਤੇ ਪਰਸਪਰ ਝਗੜਿਆਂ ਦਾ ਕਾਰਨ ਬਣਦੀ ਹੋਵੇ।

ਜਿਥੋਂ ਤਕ ਭਾਸ਼ਾ ਦੇ ਆਧਾਰ ਉੱਤੇ ਸੂਬਿਆਂ ਦੀ ਰਚਨਾ ਦਾ ਸਵਾਲ ਹੈ ਉਸ ਦੀ ਅਸੀਂ ਹਮਾਇਤ ਕਰਦੇ ਹਾਂ, ਪਰ ਜੇ ਏਸੇ ਸਵਾਲ ਨੂੰ ਹੀ ਗ਼ਲਤ ਢੰਗ ਨਾਲ ਤੇ ਹੋਰ ਮਨੋਰਥਾਂ ਨਾਲ ਪੇਸ਼ ਕਰਕੇ ਇਸ ਬਾਰੇ ਦੂਜੀਆਂ ਧਿਰਾਂ ਵਿਚ ਭੁਲੇਖੇ ਪੈਦਾ ਕਰ ਦਿੱਤੇ ਗਏ ਹੋਣ ਜਿਸ ਨਾਲ ਇਕੋ ਦੇਸ਼, ਇਕੋ ਪ੍ਰਾਂਤ ਵਿਚ ਰਹਣਿ ਵਾਲੇ ਲੋਕਾਂ ਵਿਚ ਇਕ ਦੂਜੇ ਦੇ ਪ੍ਰਤੀ ਸ਼ੱਕ ਤੇ ਡਰ ਦੀ ਭਾਵਨਾ ਪੈਦਾ ਹੁੰਦੀ ਹੋਵੇ ਤਾਂ ਅਸੀਂ ਉਲਾਰ ਦ੍ਰਿਸ਼ਟੀਕੋਣ ਛਡ ਕੇ ਉਹ ਰਾਹ ਤਲਾਸ਼ ਕਰਨ ਦੇ ਹੱਕ ਵਿਚ ਹਾਂ ਜਿਸ ਨਾਲ ਦੇਸ਼ ਦੀ ਸਭ ਤੋਂ ਕੀਮਤੀ ਚੀਜ਼ ਕੌਮੀ ਤੇ ਮਜ਼ਹਬੀ ਏਕਤਾ ਨੂੰ ਸੱਟ ਨਾ ਵਜੇ।

ਪੰਜਾਬ ਦਾ ਝਗੜਾ ਦੂਸਰੇ ਭਾਸ਼ਾਈ ਪ੍ਰਾਂਤਾਂ ਨਾਲੋਂ ਵਖਰਾ ਹੈ। ਦੂਸਰੇ ਭਾਸ਼ਾਈ ਪ੍ਰਾਂਤਾਂ ਵਿਚ ਕੋਈ

Sri Satguru Jagjit Singh Ji Elibrary NamdhariElibrary@gmail.com

ਵੀ ਧਿਰ ਆਪਣੀ ਮਾਤਰੀ ਭਾਸ਼ਾ ਤੋਂ ਮੁਨਕਰ ਨਹੀਂ ਸਗੋਂ ਸਾਰੀਆਂ ਧਿਰਾਂ ਆਦਰ ਕਰਦੀਆਂ ਤੇ ਉਸ ਨੂੰ ਪਰਚਾਰਦੀਆਂ ਹਨ । ਓਧਰ ਭਾਸ਼ਾਈ ਪ੍ਰਾਂਤਾਂ ਦੀ ਮੰਗ ਮਜ਼ਹਬੀ ਆਧਾਰ ਉੱਤੇ ਮੰਗੀ ਨਹੀਂ ਗਈ ਤੇ ਮਜ਼ਹਬੀ ਆਧਾਰ ਉੱਤੇ ਉਸ ਦਾ ਵਿਰੋਧ ਨਹੀਂ ਹੋਇਆ । ਓਥੇ ਜਨਤਾ ਇਕ ਬੰਨੇ ਸੀ ਤੇ ਸਰਕਾਰ ਆਪ-ਣੀਆਂ ਮੁਸ਼ਕਿਲਾਂ ਸਮੇਤ ਦੂਸਰੇ ਬੰਨੇ ।

ਪੰਜਾਬ ਵਿਚ ਜਿਹੜੇ ਹਿੰਦੀ ਲਈ ਲੜਦੇ ਹਨ ਉਹ ਹਿੰਦੀ ਨਹੀਂ ਜਾਣਦੇ ਤੇ ਜਿਹੜੇ ਪੰਜਾਬੀ ਦੀ ਦੁਹਾਈ ਦੇਂਦੇ ਹਨ ਉਹ ਪੰਜਾਬੀ ਦੀ ਮਰਯਾਦਾ ਨਹੀਂ ਪਛਾਣਦੇ । ਉਹ ਪੰਜਾਬੀ ਭਾਸ਼ਾ ਨੂੰ ਓਨੀ ਕੁ ਜ਼ਮੀਨ ਵੀ ਦੇਣ ਲਈ ਤਿਆਰ ਨਹੀਂ ਹਨ ਜਿਥੋਂ ਤਕ ਉਹ ਬੋਲੀ ਤੇ ਸਮਝੀ ਜਾਂਦੀ ਹੈ । ਉਹ ਇਸ ਭਾਸ਼ਾ ਲਈ ਓਨਾਂ ਕੁ ਹੀ ਖਿੱਤਾ ਚੁਣਦੇ ਹਨ ਜਿਥੋਂ ਤਕ ਸਿੱਖਾਂ ਦੀ ਗਿਣਤੀ ਬਹੁਤੀ ਹੈ ।

ਪੰਜਾਬ ਵਿਚ ਭਾਸ਼ਾ ਦੀ ਚਰਚਾ ਹਿੰਦੂ-ਸਿਖ ਦੇ ਨਾਮ ਉੱਤੇ ਹੋ ਰਹੀ ਹੈ, ਜਿਸ ਨੂੰ ਅਸੀਂ ਪੰਜਾਬ ਲਈ ਚੰਗੀ ਗੱਲ ਨਹੀਂ ਸਮਝਦੇ ।

ਸਾਡਾ ਮਤ ਹੈ ਕਿ ਮੌਜੂਦਾ ਪੰਜਾਬ ਦੇ ਬਹੁਤ ਵਡੇ ਹਿਸੇ ਦੀ ਭਾਸ਼ਾ ਪੰਜਾਬੀ ਹੈ । ਇਸ ਵਿਚ ਹਰਿਆਣਾ ਵੀ ਆਉਂਦਾ ਹੈ, ਕਾਂਗੜਾ ਤੇ ਹਿਮਾਚਲ ਪ੍ਰਦੇਸ਼ ਵੀ । ਅਸੀਂ ਚਾਹੁੰਦੇ ਹਾਂ ਕਿ ਇਸ ਸਾਰੇ ਪੰਜਾਬ ਦੀ ਮੁਖ ਭਾਸ਼ਾ ਪੰਜਾਬੀ ਹੋਵੇ । ਹਿੰਦੀ ਨੂੰ ਰਾਸ਼ਟਰ ਭਾਸ਼ਾ ਦੇ ਨਾਤੇ ਹਰ ਕੋਈ ਪੜ੍ਹੇ । ਪਰ ਜ ਇਸੇ ਗੱਲ ਤੋਂ ਪਰਸਪਰ ਏਕਤਾ ਟੁਟਦੀ ਹੋਵੇ ਤੇ ਪੰਜਾਬੀ ਲੋਕ ਦਿਲੋਂ ਇਕ ਦੂਜੇ ਤੋਂ ਦੂਰ ਹੁੰਦੇ ਦਿੱਸਦੇ ਹੋਣ ਤਾਂ ਸਾਨੂੰ ਇਸ ਵਿਚ ਵੀ ਕੋਈ ਹਰਜ ਨਹੀਂ ਦਿੱਸਦਾ ਕਿ ਕੁਝ ਵਿਸ਼ੇਸ਼ ਇਲਾਕਿਆਂ ਵਿਚ ਕੁਝ ਲੋਕ ਪਹਿਲੀ ਜਮਾਤ ਤੋਂ ਹਿੰਦੀ ਅਤੇ ਪੰਜਵੀਂ ਤੋਂ ਪੰਜਾਬੀ ਪੜ੍ਹ ਲੈਣ ।

ਰੀਜਨਲ ਫਾਰਮੂਲਾ ਕੁਝ ਏਸੇ ਅਧਾਰ ਉੱਤੇ ਹੀ ਮਨਜ਼ੂਰ ਕੀਤਾ ਗਿਆ ਸੀ ਤੇ ਉਸ ਨੂੰ ਅਕਾਲੀ ਪਾਰਟੀ ਤੇ ਦੂਜੀਆਂ ਹਿੰਦੂ ਸੰਸਥਾਵਾਂ ਨੇ ਪਰਵਾਨ ਕੀਤਾ ਸੀ ।

ਅਕਾਲੀ ਪਾਰਟੀ ਵਲੋਂ ਪੰਜਾਬੀ ਸੂਬੇ ਦਾ ਸਵਾਲ ਉਠਾਇਆ ਗਿਆ ਹੈ ਅਤੇ ਉਸ ਨੂੰ 'ਸਿਖਾਂ' ਲਈ ਜ਼ਰੂਰੀ ਦੱਸਿਆ ਗਿਆ ਹੈ ।

ਅਸੀਂ ਇਸ ਸਵਾਲ ਬਾਰੇ ਉਸ ਤਰ੍ਹਾਂ ਦਾ ਉਲਾਰ ਦ੍ਰਿਸ਼ਟੀਕੋਣ ਨਹੀਂ ਅਪਣਾ ਸਕੇ ਜਿਵੇਂ ਦਾ ਅਕਾਲੀ ਤੇ ਆਰੀਯਾ ਸਮਾਜੀ ਵੀਰਾਂ ਨੇ ਅਪਣਾ-ਇਆ ਹੈ, ਸਾਡੀ ਚਾਹ ਇਕੋ ਹੈ ਤੇ ਉਹ ਇਹ ਕਿ ਅਸੀਂ ਸਾਰੇ ਪੰਜਾਬੀ ਲੋਕ ਪਰਸਪਰ ਪ੍ਰੇਮ ਨਾਲ ਰਹਿ ਸਕੀਏ ।

ਏਸੇ ਪੱਖ ਤੋਂ 'ਨਵਾਂ ਹਿੰਦੁਸਤਾਨ' ਦੇ ਸੰਪਾਦਕੀ ਕਾਲਮਾਂ ਵਿਚ ਬਹੁਤ ਸਾਰੇ ਲੇਖ ਲਿਖੇ ਗਏ ਹਨ ਤੇ ਉਨ੍ਹਾਂ ਵਿਚੋਂ ਕੁਝ ਕੁ ਲੇਖ ਇਸ ਕਿਤਾਬਚੇ ਦੇ ਰੂਪ ਵਿਚ ਪ੍ਰਕਾਸ਼ਤ ਕੀਤੇ ਜਾ ਰਹੇ ਹਨ ਇਨ੍ਹਾਂ ਲੇਖਾਂ ਤੋਂ ਇਹ ਗੱਲ ਸਪਸ਼ਟ ਹੋ ਜਾਏਗੀ ਕਿ ਪੰਜਾਬੀ ਸੂਬੇ ਬਾਰੇ ਅਸਾਂ ਜਿਹੜਾ ਦ੍ਰਿਸ਼ਟੀਕੋਣ ਅਪਣਾ-ਇਆ ਸੀ—ਅੰਤ ਨੂੰ ਸੰਤ ਫਤੇਹ ਸਿੰਘ ਜੀ ਅਤੇ ਜਲੰਧਰ ਦੇ ਪੰਜਾਬੀ ਅਖਬਾਰ ਅਜੀਤ ਨੇ ਵੀ ਮੰਨ ਲਿਆ ਹੈ ।

ਅਸੀਂ ਸਮਝਦੇ ਹਾਂ ਕਿ ਜਿਸ ਦ੍ਰਿੜ੍ਹਤਾ ਤੇ ਨਿਰਪਖਤਾ ਨਾਲ ਅਸਾਂ ਪੰਜਾਬੀ ਸੂਬੇ ਦੇ ਸਵਾਲ ਉਤੇ ਵੱਖ ਵੱਖ ਪਹਿਲੂਆਂ ਤੋਂ ਚਰਚਾ ਕੀਤੀ ਹੈ ਉਸ ਦਾ ਅਸਰ ਪੰਜਾਬ ਦੇ ਸਿਆਸੀ ਹਲ-ਕਿਆਂ ਨੇ ਕਬੂਲ ਕੀਤਾ ਹੈ ਤੇ ਇਸ ਦਾ ਨਰੋਇਆ ਅਸਰ ਪਿਆ ਹੈ ।

—ਅਮਰ ਭਾਰਤੀ

(੭ ਜਨਵਰੀ ੧੯੬੬)

Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਸੂਬੇ ਲਈ ਆਤਮਘਾਤ ?

ਸੰਤ ਫਤੇਹ ਸਿੰਘ ਜੀ ਨੇ ਭੀ ਆਪਣਾ ੧੬ ਅਗਸਤ ਵਾਲਾ ਐਲਾਨ ਕਰ ਦਿਤਾ ਹੈ। ਆਪ ਨੇ ਫੁਰਮਾਇਆ ਹੈ ਕਿ ਜੇ ੧੫ ਸਤੰਬਰ ਤਕ ਪੰਜਾਬੀ ਸੂਬੇ ਦੀ ਮੰਗ ਨਾ ਮੰਨੀ ਗਈ ਤਾਂ ਉਹ ਉਸ ਤੋਂ ੧੫ ਦਿਨ ਪਹਿਲਾਂ ਰੱਖੇ ਮਰਨ ਵਰਤ ਦੇ ੧੬ ਵੇਂ ਦਿਨ ਸੜ ਕੇ ਮਰ ਜਾਣਗੇ। ਸੰਤ ਜੀ ਨੇ ਪੰਜਾਬੀ ਸੂਬੇ ਦੀ ਮੰਗ ਮਨਵਾਉਣ ਲਈ ਸਰਕਾਰ ਨੂੰ ੨੮ ਦਿਨਾਂ ਦਾ ਨੋਟਿਸ ਦਿਤਾ ਹੈ।

ਇਸ ਵੇਲੇ ਹਿੰਦੁਸਤਾਨ ਜਿਸ ਸੰਕਟ ਵਿਚੋਂ ਲੰਘ ਰਿਹਾ ਹੈ ਉਸ ਵਿਚ ਸੰਤ ਫਤੇਹ ਸਿੰਘ ਜੀ ਵਰਗੇ ਜ਼ਿੰਮੇਵਾਰ ਵਿਅਕਤੀ ਵਲੋਂ ਉਪਰੋਕਤ ਕਿਸਮ ਦੀ ਗੱਲ ਸੁਣ ਕੇ ਉਸ ਉਤੇ ਯਕੀਨ ਕਰਨਾ ਔਖਾ ਹੋ ਜਾਂਦਾ ਹੈ। ਪਾਕਿਸਤਾਨ ਦਾ ਕਸ਼ਮੀਰ ਉਤੇ ਹਮਲਾ ਚਲ ਰਿਹਾ ਹੈ। ਚੀਨ ਧਮਕੀਆਂ ਦੇ ਰਿਹਾ ਹੈ। ਅੰਨ ਦਾ ਸੰਕਟ ਹੈ, ਮਹਿੰਗਾਈ ਸਿਖਰਾਂ ਛੂਹ ਰਹੀ ਹੈ। ਬੇਕਾਰੀ ਸ਼ੈਤਾਨ ਦੀ ਆਂਦਰ ਵਾਂਗ ਵਧਦੀ ਜਾ ਰਹੀ ਹੈ—ਅਤੇ ਸੰਤ ਫਤੇਹ ਸਿੰਘ ਜੀ ਇਨ੍ਹਾਂ ਸਭਨਾਂ ਗੱਲਾਂ ਵਲੋਂ ਬੇ ਪਰਵਾਹ ਹੋ ਕੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਮਰਨ ਵਰਤ ਰੱਖਣ ਤੇ ਫਿਰ ਇਕ ਨਿਸਚਿਤ ਮਿਆਦ ਤੋਂ ਬਾਅਦ ਸੜ ਕੇ ਮਰ ਜਾਣ ਦੀਆਂ ਗੱਲਾਂ ਕਰ ਰਹੇ ਹਨ। ਕੌਣ ਯਕੀਨ ਕਰੇਗਾ ਕਿ ਇਹ ਗੱਲ ਸਿੱਖਾਂ ਦੇ ਇਕ ਜ਼ਿੰਮੇਵਾਰ ਨੇਤਾ ਨੇ ਆਖੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ ਤਾਂ ਇਸ ਲਈ ਕਿ ਇਹ ਦੇਸ਼ ਵਾਸੀਆਂ ਵਿਚ ਓਜ ਭਰ ਸਕੇਗਾ, ਦੇਸ਼ ਦੀ ਤੇ ਧਰਮ ਦੀ ਰੱਖਿਆ ਕਰੇਗਾ ਇਹ ਰਚਨਾ ਇਸ ਲਈ ਨਹੀਂ ਸੀ ਕੀਤੀ ਗਈ ਕਿ ਸਿੱਖ ਆਪਣੇ ਹੀ ਹਮ ਵਤਨਾ, ਆਪਣੇ ਹੀ ਹਮ ਮਜ਼-ਹਬਾਂ ਨਾਲ ਪਰਾਇਆਂ ਵਾਂਗ, ਬਾਹਰਲਿਆਂ ਵਾਂਗ ਸੌਦਾ ਕਰਨ। ਸਿੱਖਾਂ ਦਾ ਇਸ ਦੇਸ਼ ਦੀ ਧਰਤੀ ਉਤੇ, ਸਰਕਾਰ ਉਤੇ ਤੇ ਜ਼ਿੰਦਗੀ ਦੇ ਹੋਰ ਹਰੇਕ ਖੇਤਰ ਵਿਚ ਕਿਸੇ ਹੋਰ ਕੌਮ ਨਾਲੋਂ ਕਿਸੇ ਵੀ ਤਰ੍ਹਾਂ ਘਟ ਹਕ ਨਹੀਂ। ਇਹ ਵੀ ਦੂਜਿਆਂ ਵਾਂਗ ਹੀ ਇਸ ਦੇਸ਼ ਦੇ ਮਾਲਿਕ ਹਨ—ਫਿਰ ਪਤਾ ਨਹੀਂ ਕਿਉਂ ਇਹ ਏਡੇ ਵਡੇ ਦੇਸ਼ ਦੀ ਮਾਲਕੀ ਛਡ ਕੇ ਨਿਕੇ ਜਿਹੇ ਸੂਬੇ ਦੀ—ਜਿਸ ਵਿਚ ਸਿਖ ਬਹੁਤੇ ਹੋਣ—ਪ੍ਰਾਪਤੀ ਲਈ ਮਰ ਕੇ ਦੇਸ਼ ਵਿਚ ਇਕ ਤੂਫਾਨ ਖੜਾ ਕਰਨ ਦੀਆਂ ਧਮਕੀਆਂ ਦੇ ਰਹੇ ਹਨ।

ਦੁਸ਼ਮਨ ਨੇ ਦੇਸ਼ ਉਤੇ ਹਮਲਾ ਕੀਤਾ ਹੋਵੇ ਤੇ ਅਕਾਲ ਲੀਡਰ ਅੱਗ ਵਿਚ ਸੜ ਮਰਨ ਦੀਆਂ ਧਮਕੀਆਂ ਦੇ ਕੇ ਇਕ ਨਿਗੂਣੀ ਜਿਹੀ ਗੱਲ ਮਨਵਾਉਣੀ ਚਾਹੁਣ—ਕਿੰਨਾ ਅਜੀਬ ਲਗਦਾ ਹੈ!

ਕੀ ਸੰਤ ਫਤੇਹ ਸਿੰਘ ਜੀ ਦਾ ਮੌਜੂਦਾ ਰਵਈਯਾ ਪਾਕਿਸਤਾਨੀ ਹਮਲਾਵਰਾਂ ਦੇ ਹੱਕ ਵਿਚ ਨਹੀਂ ਜਾਂਦਾ? ਸੰਤ ਜੀ ਮਰਨ ਵਰਤ ਰੱਖਦੇ ਤਾਂ ਨਿਸਚੇ ਹੀ ਇਸ ਵਿਸ਼ਵਾਸ ਨਾਲ ਹਨ ਕਿ ਇੰਜ ਕੀਤਿਆਂ ਸਿੱਖਾਂ ਵਿਚ ਸਰਕਾਰ ਵਿਰੋਧੀ ਇਕ ਅੰਦੋਲਨ ਸ਼ੁਰੂ ਹੋ ਜਾਏਗਾ। ਗੜ-ਬੜ ਮੱਚੇਗੀ ਗਿਰਫਤਾਰੀਆਂ ਹੋਣਗੀਆਂ ਤੇ ਸਰ-ਕਾਰ ਇਹ ਮੰਨਣ ਲਈ ਮਜਬੂਰ ਹੋਵੇਗੀ ਕਿ ਸਿੱਖ ਦੂਜੀਆਂ ਕੌਮਾਂ ਉੱਤੇ ਆਪਣਾ ਅਕਾਲੀ ਰਾਜ ਚਲਾ ਸਕਣ।

ਇਹ ਕਿਹੋ ਜਿਹੀ ਭਾਵਨਾ ਹੈ? ਕੀ ਅਕਾਲੀ ਲੀਡਰ ਕਦੇ ਵੀ ਦੇਸ਼ ਦੇ ਹਿਤ ਲਈ ਨਹੀਂ ਸੋਚਣਗੇ? ਅਕਾਲੀ ਲੀਡਰ ਸ਼ਾਇਦ ਇਹ ਨਹੀਂ ਜਾਣਦੇ ਕਿ ਇਹੋ ਜਿਹੀਆਂ ਗੱਲਾਂ ਕਰਕੇ ਉਹ ਸਿੱਖਾਂ ਬਾਰੇ ਦੇਸ਼ ਵਾਸੀਆਂ ਦੀਆਂ ਕਿਹੋ ਜਹੀਆਂ ਭਾਵਨਾਵਾਂ ਦੀ ਸਿਰਜਨਾ ਕਰ ਰਹੇ ਹਨ।

ਪੰਜਾਬੀ ਸੂਬੇ ਦੀ ਸਿਖਾਂ ਨੂੰ ਕੋਈ ਲੋੜ ਨਹੀਂ, ਉਸਦੀ ਲੋੜ ਸਾਰੇ ਪੰਜਾਬੀਆਂ ਨੂੰ ਹੈ।

ਇਹ ਕਿੰਨਾ ਅਜੀਬ ਲਗਦਾ ਹੈ ਕਿ ਸਾਰੇ ਦੇਸ਼ ਦੀਆਂ ਵਡੀਆਂ ਸਮ-ਸਿਆਵਾਂ ਤੋਂ ਆਪਣੇ ਆਪ ਨੂੰ ਲਾਂਭੇ ਰਖ ਕੇ ਅਕਾਲੀ ਨੇਤਾ ਇਨ੍ਹਾਂ ਛੋਟੀਆਂ ਗੱਲਾਂ ਤੇ ਆ ਗਏ ਹਨ। ਅੱਜ ਦੇਸ਼ ਦੀ ਇਕ ਭਾਵਨਾ ਦੀ ਲੋੜ ਹੈ, ਮਜ਼ਹਬੀ ਜਾਂ ਹੋਰ ਕਿਸੇ ਵੀ ਕਿਸਮ ਦੇ ਵਖਰੇਵੇਂ ਦੀ ਰੁਚੀ ਛਡ ਕੇ ਪਰਸ-ਪਰ ਏਕਤਾ ਨੂੰ ਵਧਾਉਣ ਦੀ ਲੋੜ ਹੈ—ਪਰ ਅਕਾਲੀ ਨੇਤਾ ਜੁਗ ਦੀ ਆਵਾਜ਼ ਨਹੀਂ ਸੁਣ ਰਹੇ, ਸਗੋਂ ਬੀਤੀਆਂ ਸਦੀਆਂ ਦੇ ਮਜ਼ਹਬੀ ਰਾਜਾਂ ਦੇ ਸੁਪਨਿਆਂ ਨੂੰ ਅਜ ਸਾਕਾਰ ਕਰਨ ਬਾਰੇ ਸੋਚ ਰਹੇ ਹਨ।

ਇਹ ਸਵਾਲ ਬਣਦਾ ਹੈ ਕਿ ਆਖਰ ਏਡੀ ਕਿਹੜੀ ਮੁਸ਼ਕਲ ਆਈ ਹੋਈ ਏ ਅਕਾਲੀ ਸਿੱਖਾਂ ਨੂੰ ਜਿਸ ਲਈ ਸੰਤ ਜੀ ਆਤਮ ਘਾਤ ਕਰਨ ਤੇ ਉਤਾਰੂ ਹੋ ਗਏ ਤੇ ਸਮੁਚੇ ਦੇਸ਼ ਦੇ ਅਮਨ ਚੈਨ ਨੂੰ ਵਿਗਾੜਨ ਦਾ ਕਾਰਨ ਬਣਨ ਦੀ ਤਿਆਰੀ ਕਰ ਰਹੇ ਹਨ?

ਸੰਤ ਫਤੇਹ ਸਿੰਘ ਜੀ ਨੂੰ ਜਾਂ ਅਕਾਲੀਆਂ ਨੂੰ ਸੰਤ ਜੀ ਦੇ ਇਸ ਕਦਮ ਦਾ ਕੋਈ ਲਾਭ ਪੁਜੇ ਨਾ ਪੁਜੇ ਇਹ ਤਾਂ ਸਮਾਂ ਹੀ ਦਸੇਗਾ—ਪਰ ਪਾਕਿਸਤਾਨ ਵਿਚ ਜ਼ਰੂਰ ਘਿਓ ਦੇ ਦੀਵੇ ਜਗਣਗੇ—ਧੰਨ ਹੈ ਸਿੱਖੀ!

(੧੮ ਅਗਸਤ ੧੯੬੫)

-:*:-

Sri Satguru Jagjit Singh Ji Elibrary NamdhariElibrary@gmail.com

## ਮਾਸਟਰ ਜੀ ਦੀ ਫਤੇਹ

ਅੰਤ ਨੂੰ ਮਾਸਟਰ ਤਾਰਾ ਸਿੰਘ ਜੀ ਹੀ ਸਿਆਸੀ ਲੀਡਰ ਸਿੱਧ ਹੋਏ ਹਨ। ਸੰਤ ਫਤੇਹ ਸਿੰਘ ਜੀ ਨੇ ਇਕ ਵਾਰੀ ਮਾਸਟਰ ਜੀ ਨੂੰ ਪੈਰਾਂ ਤੋਂ ਕੱਢ ਦਿੱਤਾ ਸੀ–ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵੀ ਮਾਸਟਰ ਜੀ ਕੋਲੋਂ ਖੋਹ ਲਈ ਸੀ ਪਰ ਮਾਸਟਰ ਜੀ ਖੁਦ ਜਿਸ ਮਾਸਟਰ ਦੇ ਚੇਲੇ ਹਨ ਉਸਦੇ ਰਾਜ ਵਿਚ ਸੂਰਜ ਨਹੀਂ ਸੀ ਡੁਬਦਾ। ਏਡਾ ਵਡਾ ਰਾਜ ਸਥਾਪਤ ਕਰਨ ਵਾਲੇ ਅੰਗਰੇਜ਼ ਦੇ ਨਾਲ ਰਹਿ ਕੇ ਜਿਸ ਨੇ ਸਿਆਸਤ ਦਾ ਸਬਕ ਸਿਖਿਆ ਹੋਵੇ ਭਲਾ ਉਹ ਕਿਸੇ ਨੂੰ ਕਾਹਨੂੰ ਟਿਕਣ ਦੇਣ ਲਗਾ ਹੈ।

ਮਾਸਟਰ ਜੀ ਨਾਲ ਸਿਰਫ ਸਿਦਕੀ ਤੇ ਕੁਰਬਾਨੀ ਵਾਲਾ ਵਿਅੱ-ਕਤੀ ਹੀ ਜਿਤ ਸਕਦਾ ਹੈ, ਜਿਸ ਵਿਚ ਕੋਈ ਊਣ ਨਾ ਹੋਵੇ-ਉਹ ਊਣ ਉਦੋਂ ਸੰਤ ਜੀ ਵਿਚ ਹੀ ਰਹਿ ਗਈ ਸੀ ਜੋ ਕਿ ਉਨਾਂ ਨੇ 'ਪੰਜਾਬੀ ਸੂਬਾ ਅੰਦੋਲਨ ਸਮੇਂ ਮਰਨ ਵਰਤ ਰਖ ਕੇ ਬਿਨਾਂ ਸੂਬਾ ਹਾਸਿਲ ਕਰਨ ਤੋਂ ਛਡ ਦਿੱਤਾ ਸੀ।

ਉਦੋਂ ਪੰਜਾਬੀ ਸੂਬੇ ਦੇ ਨਾਅਰੇ ਪਿਛੇ ਬਹੁਤ ਸਾਰੀਆਂ ਤਾਕਤਾਂ ਸਨ ਕਿਉਂ ਕਿ ਉਦੋਂ ਸੰਤ ਜੀ ਵਲੋਂ ਇਸ ਨੂੰ ਸਿਖ ਲਈ ਹੀ ਜ਼ਰੂਰੀ ਨਹੀਂ ਸਗੋਂ ਹਰ ਪੰਜਾਬੀ ਲਈ ਜ਼ਰੂਰੀ ਆਖਿਆ ਗਿਆ ਸੀ। ਪਰ ਓਦੋਂ ਸੰਤ ਜੀ ਜਾਨ ਬਚਾ ਗਏ। ਫਿਰ ਮਾਸਟਰ ਜੀ ਦੀ ਵਾਰੀ ਆਈ–ਅਤੇ ਜਦੋਂ ਉਹਨਾਂ ਨੂੰ ਪ੍ਰਾਪਤੀ ਸੂਬੇ ਦੀ ਨਾਮੁਮਕਿਨ ਦਿਸੀ ਤਾਂ ਆਤਮਘਾਤ ਉਹਨਾਂ ਨੇ ਵੀ ਪਾਪ ਹੀ ਸਮਝਿਆ ਅਤੇ ਮਰਨ ਵਰਤ ਤੋੜ ਦਿਤਾ।

ਸੰਤ ਫਤਿਹ ਸਿੰਘ ਜੀ ਨੇ ਆਪਣੀ ਕਮਜ਼ੋਰੀ ਨੂੰ ਮਾਸਟਰ ਤਾਰਾ ਸਿੰਘ ਜੀ ਦੇ ਹੁਕਮ ਹੇਠ ਲੁਕਾ ਕੇ ਮਾਸਟਰ ਜੀ ਤੇ ਸਿਆਸੀ ਹਮਲਾ ਕੀਤਾ ਤੇ ਮਾਸਟਰ ਜੀ ਦੇ ਪੈਰ ਉਖਾੜ ਦਿਤੇ। ਮਾਸਟਰ ਜੀ ਉਤੇ ਪੰਥ ਨਾਲ ਗਦਾਰੀ ਤੇ ਜਾਨ ਬਚਾਉਣ ਦੇ ਇਲਜ਼ਾਮ ਲਗਾਏ— ਜਿਉਂ ਜਿਉਂ ਸੰਤ ਜੀ ਵਲੋਂ ਮਾਸਟਰ ਜੀ ਉਤੇ ਪੰਥ ਨਾਲ ਗਦਾਰੀ ਤੇ ਜਾਨ ਪਿਆਰੀ ਕਰਨ ਦੇ ਦੋਸ਼ ਲਗਦੇ ਗਏ ਤਿਉਂ ਤਿਉਂ ਸੰਤ ਜੀ ਮਾਸਟਰ ਜੀ ਦੇ ਚਾਲੀ ਪੰਜਤਾਲੀ ਸਾਲ ਪਹਿਲਾਂ ਦੇ ਤਿਆਰ ਕੀਤੇ ਜਾਲ ਵਿਚ ਫਸਦੇ ਚਲੇ ਗਏ।

ਮਾਸਟਰ ਜੀ ਦਾ ਪੰਜਾਬੀ ਸੂਬ ਦਾ ਨਾਅਰਾ ਉਹਨਾਂ ਦੇ ਸਾਰੇ ਜੀਵਨ ਦੀ ਕਮਾਈ ਵਿਚੋਂ ਨਿਕਲਿਆ ਸੀ, ਤੇ ਇਸ ਤੋਂ ਪਹਿਲਾਂ ਇਹ ਕਈ ਕਈ ਰੂਪਾਂ ਵਿਚ ਪ੍ਰਗਟ ਹੋ ਚੁਕਾ ਸੀ।

'ਸਿੱਖ ਰਾਜ' 'ਖਾਲਿਸਤਾਨ' 'ਸਿੱਖ ਸਟੇਟ' 'ਸਿੱਖ ਹੋਮਲੈਂਡ' ਤੇ 'ਪੰਜਾਬੀ ਸੂਬਾ-ਇਹ ਸਾਰੇ ਨਾਅਰੇ ਮਾਸਟਰ ਜੀ ਨੇ ਉਮਰ ਭਰ ਲਗਾਏ ਹਨ ਤੇ ਇਹਨਾਂ ਦੀ ਲੋੜ ਸਿੱਖ ਪੰਥ ਲਈ ਦਸੀ ਹੈ। ਸੰਤ ਫਤੇਹ ਸਿੰਘ ਜੀ ਨੇ ਮਾਸਟਰ ਜੀ ਨੂੰ ਪੰਜਾਬੀ ਸੂਬਾ ਮੋਰਚੇ ਤੋਂ ਭੱਜ ਗਏ ਦਸ ਕੇ ਮਾਸਟਰ ਜੀ ਦੀਆਂ ਪਿਛਲੇ ਚਾਲੀ ਪੰਜਤਾਲੀ ਸਾਲਾਂ ਦੀਆਂ ਨਾ ਕਾਮੀਆਂ ਦੀ ਪੰਡ ਆਪਣੇ ਸਿਰ ਤੇ ਚੁਕ ਲਈ ਤੇ ਉਹ ਪੰਡ ਚੁਕੀ ਚੁਕੀ ਹੀ ਮਾਸਟਰ ਜੀ ਨਾਲ ਲੜਨਾ ਸ਼ੁਰੂ ਕੀਤਾ।

ਮਾਸਟਰ ਜੀ ਹੌਲੇ ਫੁਲ ਹੋ ਕੇ ਲੜੇ ਹਨ ਤੇ ਉਹਨਾਂ ਨੇ ਪੰਥ ਅਤੇ ਪੰਜਾਬੀ ਸੂਬੇ ਦੇ ਚਕ੍ਰ ਵਿਊਹ ਵਿਚ ਫਸੇ ਸੰਤ ਜੀ ਉਤੇ ਬੜੇ ਚਿਰ ਤੋਂ ਸਾਂਭ ਸਾਂਭ ਰੱਖੇ 'ਸਿਖ ਸਟੇਟ' ਦੇ ਬ੍ਰਹਮ ਅਸਤਰ ਨੂੰ ਚਲਾ ਦਿੱਤਾ। ਨਾਅਰਾ ਦੇ ਦਿੱਤਾ ਕਿ ਸਿਖਾਂ ਦਾ ਗੁਜ਼ਾਰਾ ਵਖਰੀ ਸਿੱਖ ਸਟੇਟ ਤੋਂ ਬਿਨਾ ਨਹੀਂ ਹੋ ਸਕਦਾ ਉਹ ਉਹਨਾਂ ਨੂੰ ਚਾਹੀਦਾ ਹੀ ਹੈ।

ਸੰਤ ਜੀ ਕੋਲ ਮਾਸਟਰ ਜੀ ਦੇ ਇਸ ਬ੍ਰਹਮ-ਅਸਤ੍ਰ ਦੀ ਕਾਟ ਲਈ ਆਪਣਾ ਕੋਈ ਅਸਤਰ ਸ਼ਸਤਰ ਨਹੀਂ ਸੀ–ਲੈ ਦੇ ਕੇ ਮਾਸਟਰ ਜੀ ਦੀ ਨਾਕਾ-ਮੀਆਂ ਦੀ ਪੰਡ ਵਿਚਲਾ 'ਪੰਜਾਬੀ ਸੂਬਾ' ਹੀ ਹੈ ਸੀ–ਉਸੇ ਨੂੰ ਹੀ ਸੰਤ ਜੀ ਨੇ ਅਗੇ ਕਰ ਦਿਤਾ ਹੈ ਕਿ ਸਿੱਖ ਪੰਥ ਨੂੰ ਪੰਜਾਬੀ ਸੂਬਾ ਜ਼ਰੂਰ ਚਾਹੀਦਾ ਹੈ। ਤੇ ਉਸ ਲਈ ਉਹ (ਸੰਤ ਜੀ) ਮਰਨ ਵਰਤ ਰਖਣਗੇ, ਅਤੇ ਮਰਨ ਵਰਤ ਤੋਂ ੧੫ ਦਿਨ ਬਾਅਦ ਆਪਣੇ ਆਪ ਨੂੰ ਸਾੜ ਕੇ ਮਰ ਜਾਣਗੇ।

ਸੰਤ ਜੀ–ਪਿਛਲੇ ਤਿੰਨ ਚਾਰ ਸਾਲਾਂ ਵਿਚ 'ਪੰਥ-ਪੰਥ-ਸਿਖ-ਸਿਖ ਕੂਕ ਕੇ ਪੰਜਾਬੀ ਸੂਬੇ ਦੇ ਹੱਕ ਵਿਚ ਗੈਰ ਸਿਖਾਂ ਪੰਜਾਬੀ ਸੂਬੇ ਦੀ ਹਮਾਇਤ ਪੂਰੀ ਦੀ ਪੂਰੀ ਗਵਾ ਚੁਕੇ ਹਨ·ਲੈ ਦੇ ਕੇ ਹੁਣ ਉਹਨਾਂ ਕੋਲ ਸਾਰਾ ਜਮ੍ਹਾਂ ਪੂੰਜੀ ਉਹਨਾਂ ਦਾ ਆਪਣਾ ਸ਼ਰੋਮਣੀ ਅਕਾਲੀ ਦਲ ਹੈ।

ਜੇ ਸੰਤ ਜੀ ਆਪਣੇ ਹਮਾਇਤੀ ਅੱਧੇ ਕੁ ਅਕਾਲੀਆਂ ਦੇ ਬਲ ਉਤੇ ਜਾਂ ਉਹਨਾਂ ਅਕਾਲੀਆਂ ਲਈ ਪੰਜਾਬੀ ਸੂਬਾ ਹਾਸਲ ਕਰਨ ਲਈ ਆਤਮ ਘਾਤ ਕਰਨ ਦੀਆਂ ਗੱਲਾਂ ਕਰ ਸਕਦੇ ਹਨ, ਜਿਸ੍ਰ ਵਿਚ ਕਿ ਗੈਰ ਸਿੱਖ ਵੀ ਹੋਣਗੇ ਤਦ ਮਾਸਟਰ ਜੀ ਆਪਣੇ ਹਮਾਇਤੀ ਅਕਾਲੀਆਂ ਤੇ ਹੋਰ ਤੰਗ ਨਜ਼ਰ ਸਿੱਖਾਂ ਦੇ ਬਲ ਉਤੇ ਜੇ ਸਿੱਖਾਂ ਨੂੰ ਨਿਰੋਲ ਸਿੱਖ ਸਟੇਟ ਲੈ ਕੇ ਦੇਣ ਦਾ ਲਾਰਾ ਲਗਾਉਣ ਤਾਂ ਕੌਣ ਜਿੱਤੇਗਾ ?

ਜੇ ਅਕਾਲਿ ਸਿੱਖਾਂ ਦੀ ਫ਼ਿਰਕੂ ਰੁਚੀ ਨੂੰ ਉਭਾਰ ਕੇ ਅਕਾਲੀ ਪੰਥ ਨੂੰ ਪੰਜਾਬੀ ਸੂਬਾ ਹੀ ਲੈ ਕੇ ਦੇਣਾ ਹੈ ਤਾਂ ਨਿਸਚੇ ਹੀ ਉਸੇ ਫਿਰਕੂ ਰੁਚੀ ਨੂੰ ਮਾਸਟਰ ਜੀ ਪੰਜਾਬੀ ਸੂਬੇ ਨਾਲੋਂ ਜ਼ਿਆਦਾ ਫਿਰਕੂ



Sri Satguru Jagjit Singh Ji Elibrary NamdhariElibrary@gmail.com

ਨਾਅਰੇ 'ਸਿੱਖ ਸਟੇਟ' ਲਈ ਵਰਤਣ ਵਿਚ ਸਫ਼ਲ ਹੋਣਗੇ।

ਮਾਸਟਰ ਜੀ ਦੇ ਇਸ ਵੇਲੇ ਦੋਹਾਂ ਹੱਥਾਂ ਵਿਚ ਲੱਡੂ ਹਨ। ਜੇ ਸੰਤ ਜੀ ਆਤਮ ਘਾਤ ਕਰਕੇ ਆਮ ਸਿੱਖ ਜਨਤਾ ਦੇ ਮਨ ਨੂੰ ਪੰਜਾਬੀ ਸੂਬੇ ਲਈ ਤਿਆਰ ਕਰ ਦੇਂਦੇ ਹਨ ਤਾਂ ਮਾਸਟਰ ਜੀ ਦੇ ਰਾਹ ਵਿਚੋਂ ਇਕ ਤਾਂ ਸੰਤ ਜੀ ਹਟ ਜਾਣਗੇ ਦੂਜਾ ਸਿਖਾਂ ਦੇ ਬਣੇ ਬਣਾਏ ਮਨ ਨੂੰ 'ਸਿਖ ਸਟੇਟ' ਦੇ ਨਾਅਰੇ ਦਵਾਲੇ ਖੜਿਆਂ ਕਨਨ ਵਿਚ ਮਾਸਟਰ ਜੀ ਸਫਲ ਹੋ ਜਾਣਗੇ।

ਮਾਸਟਰ ਜੀ ਨੂੰ ਅਕਾਲੀ ਸਿਖਾਂ ਵਿਚ ਆਪਣੀ ਪੁਛ ਪਰਤੀਤੀ ਚਾਹੀਦੀ ਹੈ ਉਹ ਬਣ ਜਾਏਗੀ ਤੇ ਵਿਚਾਰੇ ਸੰਤ ਜੀ ਮਾਸਟਰ ਜੀ ਦੀ ਚਾਲ ਦਾ ਸ਼ਿਕਾਰ ਹੋ ਕੇ ਆਪਣੇ ਆਪ ਉਹਨਾਂ ਦੇ ਰਸਤੇ ਵਿਚੋਂ ਹਟ ਜਾਣਗੇ।

੨੦ ਅਗਸਤ ੧੯੬੫

## ਸ਼ਕਾਇਤ ਕੀ ਤੇ ਮੰਗ ਕੀ ?

ਪੰਜਾਬ ਇਕ ਵਾਰੀ ਫਿਰ ਫਿਰਕੂ-ਖਿਚੋਤਾਣ ਤੇ ਬਦ ਅਮਨੀ ਦਾ ਅਖਾੜਾ ਬਣਨ ਜਾ ਰਿਹਾ ਹੈ। ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਦੀ ਆਪਸੀ ਲੜਾਈ ਨੇ ਸਾਰੇ ਹਿੰਦੁਸਤਾਨ ਵਿਚ ਹਿੰਦੂ-ਸਿੱਖਾਂ ਦੇ ਤੰਗ ਨਜ਼ਰ ਫਿਰਕੂ ਜਜ਼ਬਿਆਂ ਨੂੰ ਜਗਾਉਣ ਦਾ ਕੰਮ ਸ਼ੁਰੂ ਕਰ ਦਿਤਾ ਹੈ।

ਮਾਸਟਰ ਤਾਰਾ ਸਿੰਘ ਜੀ ਤਾਂ ਪਿਛਲੀਆਂ ਹਾਰਾਂ ਤੋਂ ਤੰਗ ਆਣ ਕੇ ਮੁੜ ਉਚੇਚਾ ਸਿਖ ਹੱਕਾਂ ਅਤੇ ਸਿਖ ਸਟੇਟ ਜਿਹੇ ਨਾਅਰਿਆਂ ਤੇ ਆ ਗਏ ਹਨ ਜਦੋਂ ਕਿ ਸੰਤ ਫਤੇਹ ਸਿੰਘ ਜੀ ਪੰਜਾਬੀ ਭਾਸ਼ਾ ਦੇ ਨਾਮ ਉਤੇ ਸਿੱਖ ਹਕਾਂ ਦੀ ਗੱਲ ਕਰ ਰਹੇ ਹਨ।

ਪੰਜਾਬੀ ਸੂਬੇ ਦੀ ਮੰਗ ਨਾਲ ਅਕਾਲੀਆਂ ਵਲੋਂ ਦੋ ਪਰਕਾਰ ਦੀਆਂ ਗੱਲਾਂ ਜੋੜ ਕੇ ਦੱਸੀਆਂ ਜਾ ਰਹੀਆਂ ਹਨ।(੧)ਪੰਜਾਬੀ ਜ਼ਬਾਨ ਨੂੰ ਉਸ ਦਾ ਅਸਲੀ ਸਥਾਨ ਨਹੀਂ ਦਿੱਤਾ ਗਿਆ, ਉਸ ਨਾਲ ਵਿਤਕਰਾ ਹੁੰਦਾ ਹੈ, ਇਸ ਲਈ ਪੰਜਾਬੀ ਸੂਬਾ ਜ਼ਰੂਰੀ ਹੈ।(੨) ਸਿਖਾਂ ਨੂੰ ਉਹਨਾਂ ਦੀ ਵਖਰੀ ਹਸਤੀ ਤੇ ਦਰਜਾ ਨਹੀਂ ਦਿਤਾ ਜਾਂਦਾ ਵਡੀਆਂ ਨੌਕਰੀਆਂ ਨਹੀਂ ਦਿਤੀਆਂ ਜਾਂਦੀਆਂ,ਸ੍ਰੀ ਗਰੰਥ ਸਾਹਿਬ ਦਾ ਅਪਮਾਨ ਹੋ ਰਿਹਾ ਹੈ— ਇਸ ਲਈ ਪੰਜਾਬੀ ਸੂਬਾ ਬਣਨਾ ਜ਼ਰੂਰੀ ਹੈ।

ਪੰਜਾਬੀ ਸੂਬਾ ਬਣਵਾਨ ਲਈ ਜਿੰਨੀਆ ਲਹਿਰਾਂ ਚਲੀਆਂ ਹਨ ਉਹ ਉਹ ਗੁਰਦਵਾਰਿਆਂ ਵਿਚੋਂ ਗੁਰਦਵਾਰਿਆਂ ਦੀ ਪਵਿਤਰਤਾ ਦੀ ਖਾਤਿਰ ਪੁਲਸ ਓਥੇ ਨਹੀਂ ਜਾ ਸਕਦੀ।

ਜਿਥੋਂ ਤਕ ਪੰਜਾਬੀ ਜ਼ਬਾਨ ਦਾ ਸਵਾਲ ਹੈ ਉਸ ਬਾਰੇ ਕਿਸੇ ਤੋਂ ਵੀ ਇਹ ਗਲ ਨਹੀਂ ਲੁਕੀ ਹੋਈ ਕਿ ਅਕਾਲੀ ਲੀਡਰਾਂ ਨੇ ਪੰਜਾਬੀ ਜ਼ਬਾਨ ਦੀ ਤਰੱਕੀ ਹੋਈ ਜਾਂ ਉਸਨੂੰ ਰਾਜਸੀ ਦਰਜਾ ਦਿਵਾਉਣ ਲਈ ਅਜੇ ਤਕ ਕੋਈ ਲਹਿਰ ਨਹੀਂ ਚਲਾਈ ਜਿਵੇਂ ਕਿ ਦੂਸਰ ਸੂਬਿਆਂ ਵਾਲਿਆਂ ਨੇ ਆਪਣੀਆਂ ਆਪਣੀਆਂ ਸੂਬਕ ਬੋਲੀਆਂ ਲਈ ਜਾਨਾਂ ਤਕ ਵਾਰੀਆਂ ਹਨ। ਹੋਰ ਤੇ ਹੋਰ ਪਾਕਿਸਤਾਨੀ ਬੰਗਾਲੀ ਖਿਤੇ 'ਚ ਮੁਸਲਮਾਨ ਬੰਗਾਲੀਆਂ ਨੇ ਬੰਗਾਲੀ ਜ਼ਬਾਨ ਲਈ ਜਾਨਾਂ ਕੁਰਬਾਨ ਕੀਤੀਆਂ ਹਨ, ਪਰ ਅਕਾਲੀ ਆਗੂਆਂ ਨੇ ਪੰਜਾਬੀ ਜ਼ਬਾਨ ਨਾਲ ਧਕੇ ਬਾਰੇ ਕਦੇ ਜੋਸ਼ ਨਹੀਂ ਖਾਧਾ ਸਗੋਂ ਇਸ ਤੋਂ ਬਿਲਕੁਲ ਉਲਟ ਅੰਗਰੇਜ਼ੀ ਨੂੰ ਪੰਜਾਬ ਦੀ ਇਕ ਰਾਜ ਭਾਸ਼ਾ ਬਣਾਈ ਰੱਖਣ ਲਈ ਪੰਜਾਬ ਅਸੈਂਬਲੀ ਵਿਚ ਅਕਾਲੀਆਂ ਨੇ ਵੋਟ ਦਿਤੀ।

ਇਹ ਠੀਕ ਹੈ ਕਿ ਪੰਜਾਬੀ ਜ਼ਬਾਨ ਨੂੰ ਅਜੇ ਤਕ ਪੰਜਾਬ ਵਿਚ ਉਸ ਦੇ ਯੋਗ ਦਰਜਾ ਨਹੀਂ ਮਿਲਿਆ। ਪੰਜਾਬੀ ਖ਼ਿੱਤੇ ਵਿਚ ਰੇਡੀਓ ਸਟੇਸ਼ਨ ਉਤੇ ਅਜੇ ਪੰਜਾਬੀ ਨੂੰ ਪਹਿਲ ਨਾ ਦੇ ਕੇ ਹਿੰਦੀ ਨੂੰ ਪਹਿਲ ਦਿਤੀ ਹੈ, ਕਈ ਸਰਕਾਰੀ ਸੰਸਥਾਵਾਂ ਪੰਜਾਬੀ ਜ਼ਬਾਨ ਤੋਂ ਵਿਰਵੀਆਂ ਹਨ—

ਪਰ ਪੰਜਾਬੀ ਨਾਲ ਇਸ ਵਿਤਕਰੇ ਨੂੰ ਉਸ ਪੰਜਾਬੀ ਸੂਬੇ ਦੀ ਮੰਗ ਦਾ ਅਧਾਰ ਨਹੀਂ ਬਣਾਇਆ ਜਾ ਸਕਦਾ ਜਿਸ ਵਿਚ ਨਿਰੋਲ 'ਸਿਖ ਹੱਕਾਂ' ਦੀ ਪੂਰਤੀ ਹੁੰਦੀ ਦਸੀ ਜਾਂਦੀ ਹੈ।

ਸੰਤ ਫਤੇਹ ਸਿੰਘ ਜੀ ਨੇ ਪ੍ਰਧਾਨ ਮੰਤਰੀ ਸ੍ਰੀ ਸ਼ਾਸਤਰੀ ਨਾਲ ਮੁਲਾਕਾਤ ਵਿਚ 'ਸਿੱਖ ਹੱਕਾਂ ਦਾ ਸਵਾਲ ਉਠਾਕੇ ਪੰਜਾਬੀ ਸੂਬੇ ਦੀ ਆਵਾਜ਼ ਰਖੀ ਹੈ। ਅਕਾਲੀ ਪਰਚਾਰਕ ਵੀ ਆਮ ਸਿਖਾਂ ਵਿਚ ਇਹ ਪ੍ਰਚਾਰ ਕਰਦੇ ਹਨ ਕਿ ਸਿਖਾਂ ਨਾਲ ਕਲਕੱਤੇ ਵਿਚ ਵਿਤਕਰਾ ਹੁੰਦਾ ਹੈ, ਸਿੱਖਾਂ ਨੂੰ ਉੱਤਰ ਪ੍ਰਦੇਸ਼ ਦੇ ਤਰਾਈ ਇਲਾਕੇ ਵਿਚੋਂ ਉਹਨਾਂ ਦੇ ਘਰ ਘਾਟ ਫੂਕ ਕੇ ਕਢਿਆ ਜਾ ਰਿਹਾ ਹੈ—ਸਿਖਾਂ ਨੂੰ ਫਲਾਣੀ ਨੌਕਰੀ ਨਹੀਂ ਮਿਲੀ, ਸਿਖਾਂ ਦੇ ਧਰਮ ਗਰੰਥ ਦਾ ਅਪਮਾਨ ਹੁੰਦਾ ਹੈ ਇਤਿ ਆਦਿ।

ਇਹਨਾਂ ਗਲਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੰਗ ਅਸਲ ਵਿਚ ਪੰਜਾਬੀ ਜ਼ਬਾਨ ਤੇ ਅਧਾਰਤ ਪੰਜਾਬੀ ਸੂਬੇ ਦੀ ਨਹੀਂ ਸਗੋਂ ਉਸ ਸੂਬੇ ਦੀ ਹੈ ਜਿਥੇ ਸਿਖ ਮਨ ਮਰਜ਼ੀ ਨਾਲ ਇਕ ਫਿਰਕੇ ਦੇ ਤੌਰ ਤੇ ਇਹੋ ਜਿਹਾ ਰਾਜ ਕਰ ਸਕਣ ਜਿਸ ਵਿਚ ਉਹ ਤਾਂ ਕਿਸੇ ਗੈਰ ਸਿੱਖ ਨੂੰ ਨੌਕਰੀ ਦੇ ਸਕਣ ਪਰ ਕੋਈ ਗੈਰ ਸਿੱਖ ਕਿਸੇ ਨੂੰ ਰਖ ਕੱਢ ਨਾ ਸਕਦਾ ਹੋਵੇ।

ਅਸੀਂ ਸਮਝਦੇ ਹਾਂ ਕਿ ਹਿੰਦੁਸਤਾਨ ਵਿਚ ਜੋ ਇਜ਼ਤ ਤੇ ਜੋ ਦਰਜਾ ਸਿਖਾਂ ਦਾ ਹੈ ਉਹ ਹੋਰ ਕਿਸੇ ਮਜ਼ਹਬੀ



Sri Satguru Jagjit Singh Ji Elibrary NamdhariElibrary@gmail.com

ਇਕਾਈ ਦਾ ਨਹੀਂ। ਸਿਖ ਪੰਜਾਬ ਵਿਚ ਹੀ ਨਹੀਂ ਹਨ-ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ ਸਰਕਾਰੀ ਨੌਕਰੀਆਂ, ਸਨਅਤਾਂ ਤੇ ਹੋਰ ਕਾਰੋ-ਬਾਰਾਂ ਵਿਚ ਛਾਏ ਹੋਏ ਹਨ। ਉਨ੍ਹਾਂ ਦੀ ਇਜ਼ਤ ਹੈ, ਜੋ ਸਿਖ ਕਿਸੇ ਥਾਂ ਪਸੰਦ ਨਹੀਂ ਕੀਤੇ ਜਾਂਦੇ ਤਾਂ ਉਹ ਉਹੋ ਜਿਹੇ ਬੰਦੇ ਹਨ ਜਿਹੜੇ ਸਿਖ ਦੀਆਂ ਬੁਨਿਆਦੀ ਸਿਫਤਾਂ ਨੂੰ ਤਿਆਗ ਕੇ ਸ਼ਰਾਬੀ ਕਬਾਬੀ ਬਣ ਕੇ ਸਥਾਨਕ ਲੋਕਾਂ ਦੀ ਮਰਯਾਦਾ ਦੀ ਉਲੰਘਣਾ ਕਰਦੇ ਹਨ।

ਜੇ ਅਸੀਂ ਸਿਖਾਂ ਨਾਲ ਉਪਰੋਕਤ ਵਿਤਕਰੇ ਨੂੰ ਪੰਜਾਬੀ ਸੂਬੇ ਦਾ ਆਧਾਰ ਫਰਜ਼ ਕਰ ਵੀ ਲਈਏ ਤਾਂ ਉਹੋ ਜਿਹੇ ਪੰਜਾਬੀ ਸੂਬੇ ਦੀ ਰਚਨਾ ਦਾ ਸਿਧਾ ਅਰਥ ਇਹੋ ਹੀ ਨਿਕਲ ਸਕਦਾ ਹੈ ਕਿ ਸਿਖ ਆਪਣੇ ਆਪ ਨੂੰ ਬਾਕੀ ਹਿੰਦੁਸਤਾਨੀਆਂ ਨਾਲੋਂ ਬਿਲਕੁਲ ਵਖਰੀ ਇਕ ਕੌਮ ਦੇ ਰੂਪ ਵਿਚ ਇਕ ਵਖਰੇ ਇਲਾਕੇ ਵਿਚ ਕੇਂਦਰਿਤ ਕਰਨਾ ਚਾਹੁੰਦੇ ਹਨ। ਪੂਰੇ ਹਿੰਦੁਸ-ਤਾਨ ਦੀ ਮਾਲਕੀ ਛਡ ਕੇ ਇਕ ਛੋਟੇ ਜਿਹੇ ਖਿਤੇ ਵਿਚ ਸੁੰਗੜ ਜਾਣਾ ਚਾਹੁੰਦੇ ਹਨ।

ਅਕਾਲੀ ਲੀਡਰਾਂ ਨੂੰ ਸ਼ਾਇਦ ਭੁਲ ਗਿਆ ਹੈ ਕਿ ਮੁਸਲਿਮ ਲੀਗ ਨੇ ਪਾਕਿਸਤਾਨ ਦੇ ਹਕ ਵਿਚ ਵੀ ਠੀਕ ਇਹੋ ਹੀ ਦਲੀਲਾਂ ਦਿਤੀਆਂ ਸਨ। ਇਹੋ ਵਿਤਕਰਾ ਇਹੋ ਵਿਸ਼ੇਸ਼ ਹਕ ਵਧਦੇ ਵਧਦੇ ਪਾਕਿਸਤਾਨ ਦਾ ਰੂਪ ਧਾਰ ਗਏ।

ਮਾਸਟਰ ਤਾਰਾ ਸਿੰਘ ਜੀ ਦੀ ਮੰਗ ਸਪਸ਼ਟ ਹੈ-ਉਹ ਅਜ ਕਲ ਨਿਰੋਲ ਸਿੱਖ ਹਕਾਂ ਦਾ ਸਵਾਲ ਉਠਾ ਰਹੇ ਹਨ-ਉਸ ਲਈ ਉਹ ਲਹਿਰ ਵੀ ਖੜੀ ਕਰਨ ਤਾਂ ਉਨ੍ਹਾਂ ਦਾ ਹੱਕ ਬਣਦਾ ਹੈ ਕਿਉਂਕਿ ਉਨ੍ਹਾਂ ਨੇ ਆਪਣਾ ਨਿਰੋਲ ਫਿਰਕੂ ਰੂਪ ਕਦੇ ਲੁਕ ਇਆ ਨਹੀਂ, ਉਨ੍ਹਾਂ ਨੇ ਆਪਣੀ ਸਾਰੀ ਸਿਆਸੀ ਲੜਾਈ ਏਸੇ ਗੱਲ ਦੁਆਲੇ ਚਲਾਈ ਹੈ।

ਪਰ ਸੰਤ ਫਤਹ ਸਿੰਘ ਜੀ ਜਿਸ ਢੰਗ ਨਾਲ ਮਾਸਟਰ ਜੀ ਵਾਲੀ ਲੜਾਈ ਹੀ ਲੜ ਰਹੇ ਹਨ ਉਹ ਕੋਈ ਚੰਗਾ ਨਤੀਜਾ ਦੇਣ ਵਾਲੀ ਨਹੀਂ। ਸੰਤ ਜੀ ਜਿਸ ਆਲੇ ਦੁਆਲੇ ਵਿਚ ਘਿਰੇ ਹੋਏ ਹਨ, ਜਿਹੜੇ ਲੋਕ ਉਨ੍ਹਾਂ ਦੇ ਸਲਾਹਕਾਰ ਹਨ-ਉਨ੍ਹਾਂ ਵਿਚੋਂ ਇਕ ਵੀ ਇਹੋ ਜਿਹਾ ਨਹੀਂ ਜਿਹੜਾ ਮਾਸਟਰ ਜੀ ਦੇ ਅਕਾਲੀ ਦਲ ਵਿਚ ਨਾ ਰਿਹਾ ਹੋਵੇ ਤੇ ਜਿਸ ਨੇ ਮਾਸਟਰ ਜੀ ਦੀਆਂ ਰਾਜ ਨੀਤਕ ਲੜਾਈਆਂ ਵਿਚ ਹਿੱਸਾ ਨ ਪਾਇਆ ਹੋਵੇ। ਸਿਧਾਂਤਕ ਤੌਰ ਤੇ ਉਹ ਸਾਰੇ ਅੱਜ ਵੀ ਮਾਸਟਰ ਜੀ ਦੀ ਚਿਰਾਂ ਤੋਂ ਸ਼ੁਰੂ ਕੀਤੀ ਲੜਾਈ ਹੀ ਲੜ ਰਹੇ ਹਨ-ਫਰਕ ਹੈ ਤਾਂ ਸਿਰਫ਼ ਇਹ ਕਿ ਇਨ੍ਹਾਂ ਲੀਡਰਾਂ ਨੂੰ ਮਾਸਟਰ ਦੇ ਮਰਨ ਵਰਤ ਤੇ ਬੜੀਆਂ ਆਸਾਂ ਸਨ। ਮਾਸਟਰ ਜੀ ਨੇ ਉਦੋਂ ਮਰਨ ਵਰਤ ਤੋੜ ਕੇ ਉਨ੍ਹਾਂ ਦੀਆਂ ਆਸਾਂ ਉਤੇ ਪਾਣੀ ਫੇਰ ਦਿਤਾ-ਉਨ੍ਹਾਂ ਨੇ ਸੰਤ ਜੀ ਨੂੰ ਲੀਡਰ ਬਣਾ ਲਿਆ।

ਅੱਜ ਹਾਲਤ ਇਹ ਹੈ ਕਿ ਸੰਤ ਜੀ ਦੇ ਅਹੰ ਨੂੰ ਮਾਸਟਰ ਜੀ ਦੇ ਮੁਕਾਬਲੇ ਵਿਚ ਜਗਾ ਕੇ ਉਨ੍ਹਾਂ ਲੀਡਰਾਂ ਨੇ ਮਰਨ ਵਰਤ ਤੇ ਸੜ ਮਰਨ ਦਾ ਐਲਾਨ ਕਰਵਾ ਦਿਤਾ ਹੈ। ਉਸ ਤੋਂ ਬਾਅਦ ਹੁਣ ਉਹ ਸੰਤ ਜੀ ਨੂੰ ਹਰ ਘੜੀ ਘੇਰੀ ਰਖਦੇ ਹਨ, ਬਾਹਰੀ ਦੁਨੀਆਂ ਨਾਲੋਂ ਉਨ੍ਹਾ ਦਾ ਸੰਪਰਕ ਇਕ ਤਰ੍ਹਾਂ ਨਾਲ ਤੋੜ ਦਿਤਾ ਗਿਆ ਹੈ। ਹਰ ਘੜੀ ਉਨ੍ਹਾਂ ਨੂੰ ਉਨ੍ਹਾਂ ਦੇ ਵਰਤ ਦੀ ਤੇ ਪ੍ਰਣ ਦੀ ਯਾਦ ਕਰਵਾਈ ਜਾਂਦੀ ਤੇ ਹਰ ਮਿਲਣ ਗਿਲਣ ਵਾਲੇ ਨਾਲ ਇਹੋ ਇਕੋ ਹੀ ਗੱਲ ਕਰਵਾਈ ਜਾਂਦੀ ਹੈ ਸੰਤ ਜੀ ਦਾ ਡੇਰਾ ਦਰਬਾਰ ਸਾਹਿਬ ਦੀ ਹਦੂਦ ਦੇ ਅੰਦਰ ਹੈ। ਸੰਤ ਜੀ ਆਪਣੇ ਸਾਥੀਆਂ ਦੀ ਇਛਿਆ ਤੋਂ ਬਿਨਾ ਬਾਹਰ ਨਹੀਂ ਨਿਕਲ ਸਕਦੇ, ਜਿਉਂਦੇ ਨਹੀਂ ਰਹਿ ਸਕਦੇ।

ਸੰਤ ਜੀ ਦੀ ਆਹੂਤੀ ਦੀ ਤਿਆਰੀ ਵਾਲੇ ਮਾਸਟਰ ਤਾਰਾ ਸਿੰਘ ਜੀ ਨੂੰ ਵੀ ਛਡਣਾ ਨਹੀਂ ਚਾਹੁੰਦੇ ਉਨ੍ਹਾਂ ਨੇ ਮਾਸਟਰ ਜੀ ਦੇ ਅਹੰ ਨੂੰ ਵੀ ਖੁਰਾਕ ਦੇਣੀ ਸ਼ੁਰੂ ਕੀਤੀ ਹੈ।

ਮਾਸਟਰ ਜੀ ਤੇ ਉਨ੍ਹਾਂ ਦਾ ਗਰੁਪ ਵੀ ਮੌਜੂਦਾ ਹਾਲਤ ਤੋਂ ਪੂਰਾ ਫਾਇਦਾ ਉਠਾਉਣ ਦੇ ਰੌਂ ਵਿਚ ਹੈ। ਮਾਸਟਰ ਗਰੁਪ ਨੇ ਸੰਤਾਂ ਦੇ ਮਰਨ ਵਰਤ ਤੇ ਸੜ ਮਰਨ ਦੀ ਹਮਾਇਤ ਕਰ ਦਿਤੀ ਹੈ ਤੇ ਗੁਰਦਵਾਰੇ ਤੋਂ ਬਾਹਰਲੇ ਮੋਰਚੇ ਉਤੇ ਸਰਗਰਮ ਹੋ ਗਿਆ ਹੈ।

ਜੇ ਪੰਜਾਬੀ ਜ਼ਬਾਨ ਨਾਲ ਹੀ ਕਿਸੇ ਵਿਤਕਰੇ ਦਾ ਸਵਾਲ ਹੁੰਦਾ ਤਾਂ ਉਸ ਲਈ ਲੜੀ ਜਾਣ ਵਾਲੀ ਲੜਾਈ ਦਾ ਰੂਪ ਇਹ ਨਾ ਹੁੰਦਾ ਜਿਹੜਾ ਰੂਪ ਅਜ ਸੰਤ ਜੀ ਦੇ ਮਰਨ ਵਰਤ ਦੀ ਧਮਕੀ ਤੋਂ ਬਣਦਾ ਜਾ ਰਿਹਾ ਹੈ। ਉਸ ਲੜਾਈ ਵਿਚ ਸੰਤ ਜੀ ਨੂੰ ਪੰਜਾਬ ਦੇ ਹਰ ਤਬਕੇ ਦੀ ਹਮਾਇਤ ਹਾਸਿਲ ਹੁੰਦੀ ਅਤੇ ਉਹ ਲੜਾਈ ਜੋ ਠੀਕ ਭਾਸ਼ਾਈ ਅਧਾਰ ਉਤੇ ਸੂਬੇ ਦੀ ਰਚਨਾ ਦਾ ਰੂਪ ਵੀ ਧਾਰਦੀ ਤਾਂ ਉਹ ਲੜਾਈ ਉਸਾਰੂ ਹੁੰਦੀ ਇਸ ਨਾਲ ਪੰਜਾਬ ਦੀ ਇਜ਼ਤ ਵਧਦੀ, ਅਮਨ ਤੇ ਏਕਤਾ ਵਧਦੀ—ਪਰ ਹੁਣ ਇੰਜ ਨਹੀਂ ਹੋਵੇਗਾ।

੨੪ ਅਗਸਤ ੧੯੬੫

-:*:-



Sri Satguru Jagjit Singh Ji Elibrary NamdhariElibrary@gmail.com

# ਮਾਸਟਰ ਜੀ ਮੋਰਚੇ ਤੇ

ਪਿਛਲੇ ਦਿਨੀ ਇਨ੍ਹਾਂ ਹੀ ਕਾਲਮਾਂ ਵਿਚ 'ਮਾਸਟਰ ਜੀ ਦੀ ਫਤਿਹ' ਸਿਰ-ਲੇਖ ਹੇਠ ਜਿਹੜੀ ਗੱਲ ਲਿਖੀ ਗਈ ਸੀ ਲੁਧਿਆਣੇ ਵਿਚ ਹੋਈ ਮਾਸਟਰ ਧੜੇ ਦੇ ਅਕਾਲੀ ਦਲ ਦੀ ਮੀਟਿੰਗ ਨੇ ਉਸ ਦੀ ਪੁਸ਼ਟੀ ਕਰ ਦਿਤੀ ਹੈ।

ਮਾਸਟਰ ਧੜੇ ਨੇ ਖੁਲ੍ਹ ਕੇ ਆਖ ਦਿਤਾ ਹੈ ਕਿ ਪੰਜਾਬੀ ਸੂਬਾ ਉਹਨਾਂ ਦੀ ਸਿਖ ਸਟੇਟ ਤਕ ਪਹੁੰਚਣ ਦਾ ਇਕ ਪੜਾਅ ਹੈ ਤੇ ਸੰਤ ਜੀ ਦੇ ਪੰਜਾਬੀ ਸੂਬੇ ਲਈ ਜਾਣ ਦੇਣ ਦੇ ਨਾਲ ਨਾਲ ਮਾਸਟਰ ਧੜੇ ਦੇ ਅੰਦੋਲਨ ਵਿਚ ਜਾਣ ਪੈ ਜਾਏਗੀ।

ਅਸਾਂ ਲਿਖਿਆ ਸੀ ਕਿ ਸੰਤ ਫਤੇਹਸਿੰਘ ਜੀ ਮਾਸਟਰ ਜੀ ਦੇ ਖਿਲਾਫ ਲੜਦੇ ਹੋਏ ਉਨ੍ਹਾਂ ਦੇ ਹੀ ਜਾਲ ਵਿਚ ਜਾ ਫਸੇ ਹਨ ਤੇ ਹੁਣ ਮਾਸਟਰ ਜੀ ਦੀ ਖਾਤਰ (ਪੰਜਾਬੀ ਸੂਬ ਦੀ ਖਾਤਰ ਨਹੀਂ) ਉਹਨਾਂ ਨੂੰ ਆਪਣੀ ਜਾਣ ਦੇ ਕੇ ਮਾਸ-ਟਰ ਜੀ ਦੀ ਲੀਡਰੀ ਬਹਾਲ ਕਰਨੀ ਪਏਗੀ।

ਇਹ ਇਕ ਅਜਬ ਸੰਜੋਗ ਹੈ। ਕਿਥੇ ਉਹ ਸਮਾਂ ਸੀ ਜਦੋਂ ਸੰਤ ਫਤੇਹ ਸਿੰਘ ਜੀ ਸੱਚੀ ਸੁੱਚੀ ਦੇ ਭਾਸ਼ਾਈ ਆਧਾਰ ਵਾਲੇ ਪੰਜਾਬੀ ਸੂਬੇ ਲਈ ਲੜਦੇ ਸਨ ਤੇ ਉਹਨਾਂ ਦੀ ਹਮਾਇਤ ਪੰਜਾਬ ਦੇ ਬਹੁਤ ਸਾਰੇ ਗੈਰ ਸਿੱਖ ਕਰਦੇ ਸਨ। ਕਮਿਊਨਿਸਟ ਪਾਰਟੀ ਨੇ ਤੇ ਪੰਜਾਬੀ ਸੂਬੇ ਲਈ ਚਲੇ ਸਤਿਆਗ੍ਰਹਿ ਵਿਚ ਹਜ਼ਾਰਾਂ ਗ੍ਰਿਫਤਾਰੀਆਂ ਵੀ ਦਿਤੀਆਂ ਸਨ ਅਤੇ ਕਿੱਥੇ ਅਜ ਦਾ ਸਮਾਂ ਹੈ ਜਦੋਂ ਸੰਤ ਜੀ ਪੰਜਾਬੀ ਜ਼ਬਾਨ ਨੂੰ ਇਕ ਬੰਨੇ ਰਖ ਕੇ ਸਿਖਾਂ ਨਾਲ ਵਿਤਕਰੇ ਦਾ ਸਵਾਲ ਉਠਾਕੇ ਪੰਜਾਬੀ ਸੂਬਾ ਅਰਥਾਤ ਮਾਸ-ਟਰ ਤਾਰਾ ਸਿੰਘ ਜੀ ਦੀ ਸਿਖ ਸਟੇਟ ਲਈ ਆਪਣੀ ਜਾਣ ਤੇ ਖੇਡ ਜਾਣ ਲਈ ਤਿਆਰ ਹੋ ਗਏ ਹਨ।

ਮਾਸਟਰ ਜੀ ਦੇ ਦਲ ਨੇ ਸੰਤਾਂ ਨੂੰ ਮਰਨ ਵਰਤ ਤੇ ਸੜਨ ਲਈ ਹਲਾ ਸ਼ੇਰੀ ਦਿਤੀ ਹੈ ਤੇ ਯਕੀਨ ਦਵਾਇਆ ਹੈ ਕਿ ਉਹਨਾਂ ਦੇ ਮਰਨ ਤੋਂ ਬਾਅਦ ਅਕਾਲੀ ਪੰਥ ਬਿਨਾ ਲੀਡਰ ਦੇ ਨਹੀਂ ਰਹਿੰਦਾ ਸਗੋਂ ਮਾਸਟਰ ਜੀ ਉਸ ਦੀ ਕਮਾਨ ਸੰਭਾਲ ਲੈਣਗੇ।

ਏਧਰ ਮਾਸਟਰ ਜੀ ਦੇ ਨਵੇਂ ਅੰਗਰੇਜ਼ੀ ਬੁਲਾਰੇ ਸਰਦਾਰ ਖੁਸ਼ਵੰਤ ਸਿੰਘ ਨੇ ਐਲਾਨ ਕੀਤਾ ਹੈ ਕਿ ਸਿੱਖਾਂ ਦਾ ਆਪਣੀ ਆਜ਼ਾਦ ਸਿਖ ਸਟੇਟ ਤੋਂ ਬਿਨਾ ਗੁਜ਼ਾਰਾ ਨਹੀਂ। ਅਕਾਲੀ ਸਿੱਖ ਹਰ ਰੋਜ਼ ਆਪਣੇ ਗੁਰਦੁਵਾ-ਰਿਆਂ ਵਿਚ ਅਰਦਾਸ ਤੋਂ ਬਾਅਦ 'ਰਾਜ ਕਰੇਗਾ ਖਾਲਸਾ' ਪੜ੍ਹਦੇ ਹਨ-ਕੀ ਉਹ ਝੂਠ ਹੈ? ਕੀ ਇਹ ਫਿਰਕੂ ਨਾਅਰਾ ਹੈ? ਜੇ ਇਹ ਫਿਰਕੂ ਹੈ ਤਾਂ ਸਰਕਾਰ ਉਸ ਉਤੇ ਪਾਬੰਦੀ ਲਗਾਵੇ, ਗੁਰਦੁਵਾਰਿਆਂ ਨੂੰ ਸੀਲ ਕਰ ਦੇਵੇ ਇਤਿ ਆਦਿ।

ਮਾਸਟਰ ਜੀ ਦੇ ਪਰਚਾਰਕ ਸਿਖ ਜ਼ੋਰ ਸ਼ੋਰ ਨਾਲ ਕਹਿ ਰਹੇ ਹਨ ਕਿ ਅੰਗਰੇਜ਼ਾਂ ਨੇ ਪੰਜਾਬ ਦਾ ਰਾਜ ਸਿਖਾਂ ਕੋਲੋਂ ਲਿਆ ਸੀ—ਇਸ ਲਈ ਹੁਣ ਸਿਖਾਂ ਨੂੰ ਹੀ ਮਿਲਣਾ ਚਾਹੀਦਾ ਹੈ।

ਹਾਲਾਤ ਜਿਸ ਰੁਖ ਤੁਰ ਰਹੇ ਹਨ—ਉਹਨਾਂ ਮੁਤਾਬਕ ਅੱਜ ਦੇ ਪੰਜਾਬੀ ਸੂਬੇ ਲਈ ਸੰਘਰਸ਼ ਦੀ ਵਾਗ ਡੋਰ ਸਿਧੀ ਮਾਸਟਰ ਤਾਰਾ ਸਿਘ ਜੀ ਦੇ ਹਥਾਂ ਵਿਚ ਜਾ ਰਹੀ ਹੈ ਤੇ ਉਹ ਨਰੋਲ ਸਿਖ ਸਟੇਟ ਦੀ ਲਹਿਰ ਦੇ ਰੂਪ ਵਿਚ ਬਦਲ ਕੇ ਉਭਰ ਰਹੀ ਹੈ। ਮਾਸਟਰ ਜੀ ਵਲੋਂ ਸਿਖ ਹੱਕਾਂ ਤੇ ਸਿਖਾਂ ਨਾਲ ਵਿਤਕਰੇ ਦਾ ਸਵਾਲ ਬਾਰ ਬਾਰ ਉਠਾਏ ਜਾਣ ਤੇ ਸੰਤ ਫਤੇਹ ਸਿੰਘ ਜੀ ਵੀ ਇਸ ਗੱਲ ਲਈ ਮਜਬੂਰ ਹਨ ਕਿ ਉਹ ਵੀ ਸਿੱਖਾਂ ਨਾਲ ਵਿਤ-ਕਰੇ ਤੇ ਸਿੱਖ ਹੱਕਾਂ ਦਾ ਸਵਾਲ ਹੀ ਉਠਾਉਣ ਕਿਉਂਕਿ ਸੰਤ ਜੀ ਨੂੰ ਤਾਕਤ ਤਾਂ ਅਕਾਲੀਆਂ ਵਿਚੋਂ ਹੀ ਮਿਲਣੀ ਹੈ। ਮਾਸਟਰ ਜੀ ਵਾਲੀ ਸਿੱਖ ਹੱਕਾਂ ਦੀ ਗੱਲ ਛੱਡ ਕੇ ਸੰਤ ਜੀ ਜ਼ਬਾਨ ਦੇ ਆਧਾਰ ਉਤੇ ਸੂਬੇ ਦੀ ਰਚਨਾ ਉਤੇ ਖੜੇ ਨਹੀਂ ਰਹਿ ਸਕਦੇ, ਜੇ ਉਹ ਨਿਰੋਲ ਜ਼ਬਾਨ ਦਾ ਅਧਾਰ ਹੀ ਲੈਣ ਤਾਂ ਅਕਾਲੀਆਂ ਵਿਚ ਉਹਨਾਂ ਦੀ ਥਾਂ ਕੋਈ ਨਹੀਂ ਰਹਿੰਦੀ—ਉਸ ਥਾਂ ਨੂੰ ਬਰਕਰਾਰ ਰਖਣ ਲਈ ਉਹਨਾਂ ਨੇ ਪੰਜਾਬੀ ਸੂਬੇ ਦਾ ਅਧਾਰ ਹੀ ਸਿਖ ਹੱਕਾਂ ਦੇ ਸਵਾਲ ਨੂੰ ਬਣਾ ਲਿਆ ਹੈ।

ਇਸ ਤਰ੍ਹਾਂ ਦੇ ਪੰਜਾਬੀ ਸੂਬੇ ਅਰ-ਥਾਤ ਸਿੱਖ ਸੂਬੇ ਲਈ ਜਿਹੜਾ ਜਤਨ ਸੰਤ ਫਤਿਹ ਸਿੰਘ ਜੀ ਜਾਂ ਮਾਸਟਰ ਤਾਰਾ ਸਿੰਘ ਜੀ ਨੇ ਅਰੰਭਿਆ ਹੈ—ਉਸ ਦੀ ਰਚਨਾ ਬਾਰੇ ਆਸਵੰਦ ਹੋਣਾ ਆਪਣੇ ਆਪ ਨੂੰ ਭੁਲੇਖੇ ਵਿਚ ਰਖਣ ਤੋਂ ਬਿਨਾਂ ਹੋਰ ਕੁਝ ਨਹੀਂ।

ਇਕ ਵਾਰੀ ਇਸ ਦੇਸ਼ ਨੇ ਨਿਰੋਲ ਮਜ਼ਹਬੀ ਅਧਾਰ ਉਤੇ ਸੋਚ ਕੇ ਉਸਦਾ ਨਤੀਜਾ ਵੇਖ ਲਿਆ ਹੈ ਏਸੇ ਤਰ੍ਹਾਂ ਹੀ ਸੋਚਣ ਲਈ ਮਜਬੂਰ ਕਰਨ ਦੀ ਦੂਜੀ ਕੋਸ਼ਿਸ਼ ਕਸ਼ਮੀਰ ਦੇ ਸਵਾਲ ਤੇ ਕੀਤੀ ਜਾ ਰਹੀ ਹੈ ਤੇ ਸਾਰੀ ਦੁਨੀਆਂ ਵੇਖ ਰਹੀ ਹੈ ਕਿ ਹਿੰਦੁਸਤਾਨ ਉਸ ਲਈ ਕਿਸੇ ਵੀ ਕੀਮਤ ਉਤੇ ਤਿਆਰ ਨਹੀਂ। ਏਸੇ ਸੋਚ ਨੂੰ ਅਗੇ ਵਧਾਉਣ ਲਈ ਤੀਜੀ ਕੋਸ਼ਿਸ਼ ਅਕਾਲੀ ਕਰ ਰਹੇ ਹਨ-ਪੁਰਾਤਨ ਇਤਿਹਾਸ ਕੁਝ ਵੀ ਪਿਆ ਦਰਸਾਏ ਉਸ ਨੂੰ ਹੁਣ ਦੁਹ-ਰਾਇਆ ਨਹੀਂ ਜਾ ਸਕਣਾ। ਮਜ਼ਹਬੀ ਹਕੂਮਤਾਂ ਦਾ ਜੁਗ ਬੀਤ ਗਿਆ ਹੈ ਜੇ ਕੋਈ ਪਾਕਿਸਤਾਨ ਵਰਗੀ ਮਜ਼-ਹਬੀ ਹਕੂਮਤ ਅਜੇ ਵੀ ਵਜੂਦ ਵਿਚ ਹੈ ਤਾਂ ਉਹ ਕੇਵਲ ਡੰਡੇ ਦੇ ਜ਼ੋਰ ਨਾਲ ਜਾਂ ਦਿਨ ਰਾਤ ਦੇ ਭਾਰਤ ਵਿਰੋਧੀ ਨਫਰਤ



Sri Satguru Jagjit Singh Ji Elibrary NamdhariElibrary@gmail.com

ਭਰੇ ਫਿਰਕੂ ਨਾਅਰਿਆਂ ਤੇ ਖੜੀ ਹੈ—ਇਹ ਬੁਨਿਆਦ ਕਿਸੇ ਵੀ ਵੇਲੇ ਵਹਿ ਜਾਏਗੀ।

ਸ਼ਾਸਤਰੀ ਜੀ ਨੇ ਸੰਤ ਫਤੇਹ ਸਿੰਘ ਜੀ ਨੂੰ ਯਕੀਨ ਦਵਾਇਆ ਹੈ ਕਿ ਜਿਥੇ ਵਿਤਕਰੇ ਦੀ ਸ਼ਕਾਇਤ ਹੈ ਉਹ ਦੂਰ ਕੀਤੀ ਜਾ ਸਕਦੀ ਹੈ, ਸਰਕਾਰ ਉਸ ਲਈ ਸਭ ਉਝ ਕਰਨ ਨੂੰ ਤਿਆਰ ਹੈ-ਭਾਰਤ ਦੇ ਦੂਜੇ ਸ਼ਹਿਰੀਆਂ ਦੇ ਅਨੁਪਾਤ ਨਾਲ ਸਿਖ ਕਿਸੇ ਤਰ੍ਹਾਂ ਵੀ ਵਿਤਕਰੇ ਦਾ ਸ਼ਿਕਾਰ ਨਹੀਂ ਹਨ—ਪਰ ਫਿਰ ਵੀ ਜੇ ਇਹ ਫਰਜ਼ ਕਰ ਵੀ ਲਿਆ ਜਾਏ ਤਾਂ ਉਹ ਵਿਤਕਰਾ ਸਥਾਨਕ ਤੌਰ ਤੇ ਦੂਰਾ ਕੀਤਾ ਜਾ ਸਕਦਾ ਹੈ—ਉਸ ਲਈ ਆਪਣੇ ਹੀ ਸਭ ਮਜ਼ਹਬਾਂ ਦੇ ਸਾਂਝੇ ਦੇਸ਼ ਵਿਚ ਇਕ ਵਖਰੇ 'ਇਕ-ਮਜ਼ਹਬੇ' ਰਾਜ ਦੀ ਰਚਨਾ ਨਹੀਂ ਹੋ ਸਕਦੀ। ਭਾਰਤ ਵਿਚ ਕਿਸੇ ਵੀ ਕੌਮੀ ਜਾਂ ਮਜ਼ਹਬੀ ਇਕਾਈ ਨਾਲ ਕੌਮੀ ਜਾਂ ਮਜ਼ਹਬੀ ਪੱਖ ਤੋਂ ਵਿਧਾਨਕ ਤੌਰ ਤੇ ਵਿਤਕਰੇ ਬਾਰੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਤੇ ਨਾ ਹੀ ਇਸ ਗੱਲ ਨੂੰ ਕਿਸੇ ਨਵੇਂ ਰਾਜ ਦੀ ਬੁਨਿਆਦ ਬਣਾਇਆ ਜਾ ਸਕਦਾ ਹੈ।

ਇਸ ਦੇਸ਼ ਦੇ ਸਾਰੇ ਹੀ ਇਕੋ ਜਿਹੇ ਮਾਲਿਕ ਹਨ· ਨਾ ਹਿੰਦੂ ਬਹੁਤੇ ਮਾਲਿਕ ਹਨ ਨਾ ਸਿਖ ਜਾਂ ਮੁਸਲਮਾਨ ਘਟ ਮਾਲਕ ਹਨ। ਆਪਣੇ ਆਪ ਨੂੰ ਖਿਆਲੀ ਤੌਰ ਤੇ ਅੱਡ ਸਮਝ ਕੇ—ਸਿਰਫ ਦੁਖ ਭੋਗਣ ਵਾਲੀ ਗੱਲ ਹੈ ਤੇ ਏਡੇ ਮਹਾਨ ਦੇਸ਼ ਦੀ ਮਾਲਿਕੀ ਦੇ ਗੌਰਵ ਤੋਂ ਵਿਰਵੇ ਹੋਣਾ ਬੂੰਗੇ ਵਜੋਂ ਪੱਲੇ ਪਏਗਾ।

ਜੇ ਏਸ ਦੇਸ਼ ਵਿਚ ਰਹਿੰਦਿਆਂ ਹੋਇਆਂ ਹੀ ਵਖਰੇ, ਸਿਖ ਸੂਬੇ ਦੀ ਮੰਗ ਮੰਗਣੀ ਹੈ ਤਾਂ ਉਸ ਦਾ ਕੋਈ ਅਰਥ ਤਾਂ ਇਹੋ ਹੀ ਹੋ ਸਕਦਾ ਹੈ ਕਿ ਮੰਗ ਮੰਗਣ ਵਾਲੇ ਹੀ ਆਪਣੇ ਆਪ ਨੂੰ ਵਖਰਾ ਮੰਨਦੇ ਹਨ। ਜੇ ਉਹ ਇੰਜ ਮੰਨਦੇ ਹਨ ਤਾਂ ਜ਼ਰੂਰ ਮੰਨੀ ਜਾਣ—ਪਰ ਬਾਕੀ ਦਾ ਸਾਰਾ ਦੇਸ਼, ਤੇ ਦੇਸ਼ ਦੇ ਲੋਕ ਇੰਜ ਨਹੀਂ ਮੰਨਦੇ।

ਬੀਤੇ ਜੁਗ ਵਿਚ ਵਾਪਸ ਜਾਇਆ ਨਹੀਂ ਜਾ ਸਕਦਾ, ਨਾ ਰਾਜਿਆਂ ਦਾ ਜੁਗ ਹੁਣ ਕਦੀ ਆਉਣਾ ਹੈ ਤੇ ਨਾ ਮਜ਼ਹਬੀ ਰਾਜ ਕਾਇਮ ਹੋਣੇ ਹਨ।

ਪੰਜਾਬੀ ਜ਼ਬਾਨ ਨੂੰ ਉਸ ਦਾ ਸਹੀ ਰੁਤਬਾ ਦਿਵਾਉਣ ਲਈ ਸੰਘਰਸ਼ ਕਰਨਾ ਚਾਹੀਦਾ ਹੈ ਓਵੇਂ ਹੀ ਜਿਵੇਂ ਗੁਜਰਾਤੀ ਮਰਹੱਟੇ ਬੰਗਾਲੀ ਤੇ ਦੂਜੀਆਂ ਜ਼ਬਾਨਾਂ ਵਾਲੇ ਕਰਦੇ ਹਨ। ਮਜ਼ਹਬੀ ਤੌਰ ਤੇ ਵਿਤਕਰੇ ਦੇ ਖਿਲਾਫ ਵੀ ਸੰਘਰਸ਼ ਕਰਨਾ ਚਾਹੀਦਾ ਹੈ ਅਤੇ ਜੇ ਉਸ ਵਿਤਕਰੇ ਦਾ ਪਤਾ ਲਗਣ ਤੇ ਸਰਕਾਰ ਉਸ ਨੂੰ ਦੂਰ ਕਰਨ ਲਈ ਤਿਆਰ ਹੋਵੇ ਤਾਂ ਬੀਬੇ ਬਣਕੇ ਸਮੁਚੇ ਦੇਸ਼ ਦੀ ਭਲਾਈ ਲਈ ਸੋਚਣਾ ਚਾਹੀਦਾ ਹੈ। ਵੱਖ ਹੋਣ ਦੀਆਂ ਗੱਲਾਂ ਦਾ ਅਜ ਕੋਈ ਅਰਥ ਹੀ ਨਹੀਂ ਸਿਵਾਏ ਆਪਣੇ ਆਪ ਨੂੰ ਪਰੇਸ਼ਾਨ ਕਰਨ ਤੋਂ ਮਾਸਟਰ ਜੀ ਦੀ ਲੀਡਰਸ਼ਿਪ ਥੱਲੇ ਅਜ ਅਕਾਲੀ ਉਹ ਗੱਲ ਕਰਨ ਜਾ ਰਹੇ ਹਨ। ਜਿਹੜੀ ਸਿੱਖਾਂ ਨੂੰ ਦੁਨੀਆਂ ਵਿਚ ਅਸਚਰਜਤਾ ਭਰੀਆਂ ਅੱਖਾਂ ਦੇ ਅਗੇ ਜਾ ਖਲਿਹਾਰੇਗੀ।

(੨੫ ਅਗਸਤ ੧੯੬੫)

## ਪੰਜਾਬ ਨੂੰ ਅਗਨੀ ਕਾਂਡ ਤੋਂ ਬਚਾਓ ?

ਸੰਤ ਫ਼ਤੇਹ ਸਿੰਘ ਜੀ ਦੇ ਸੜ ਮਰਨ ਦੇ ਐਲਾਨ ਅਤੇ ਮਾਸਟਰ ਤਾਰਾ ਸਿੰਘ ਜੀ ਦੇ ਖ਼ਾਲਿਸਤਾਨ ਦੇ ਐਲਾਨ ਨੇ ਪੰਜਾਬ ਦੇ ਦੂਸਰੇ ਫਿਰਕੂ ਅਨਸਰਾਂ ਨੂੰ ਵੀ ਜਗਾ ਦਿੱਤਾ ਹੈ। ਇਕ ਬੰਨੇ ਅਕਾਲੀ ਤੰਗ ਨਜ਼ਰੀ ਕੁਝ ਕਰ ਗੁਜ਼ਰਨ ਤੇ ਉਤਾਰੂ ਹੈ ਦੂਜੇ ਬੰਨੇ ਹਿੰਦੂ ਤੰਗ-ਨਜ਼ਰੀ ਵੀ ਖ਼ਮ ਠੋਕ ਕੇ ਮੈਦਾਨ ਵਿਚ ਨਿੱਤਰ ਰਹੀ ਹੈ।

ਜਿਹੜੇ ਲੋਕ ਫਿਰਕੂ ਤੰਗ ਨਜ਼ਰੀ ਦੇ ਵਹਿਣ ਵਿਚ ਵਹਿ ਤੁਰਦੇ ਹਨ ਉਨ੍ਹਾਂ ਲਈ ਠੀਕ-ਗਲਤ ਦਾ ਨਿਰਨਾ ਕਰਨਾ ਲਗ ਭਗ ਅਸੰਭਵ ਹੋ ਜਾਂਦਾ ਹੈ ਤੇ ਉਹ ਬੜੇ ਸਿਦਕ ਭਰੋਸੇ ਨਾਲ ਆਪਣੇ ਓਸੇ ਵਹਿਣ ਵਿਚ ਹੀ ਵਹੀ ਤੁਰੇ ਜਾਂਦੇ ਹਨ; ਉਨ੍ਹਾਂ ਦਾ ਅਸਰ ਵੀ ਕਾਫ਼ੀ ਹੁੰਦਾ ਹੈ—ਕਿਉਂਕਿ ਉਹ ਆਮ ਜਨਤਾ ਦੇ ਬੜੇ ਹੀ ਨਾਜ਼ਕ ਜਜ਼ਬੇ ਨੂੰ ਛੇੜ ਕੇ ਉਭਾਰਦੇ ਹਨ। ਅਜ ਕਰੀਬ ਕਰੀਬ ਉਹੋ ਹਾਲਤ ਬਣਦੀ ਦਿੱਸ ਰਹੀ ਹੈ। ਜਿਹੜੇ ਬੜੇ ਹੀ ਸਧਾਰਨ ਸ਼ਰੇਣੀ ਦੇ ਸਿੱਖ ਹਨ, ਜਿਨ੍ਹਾਂ ਨਾਲ ਸਿੱਖ ਹੋਣ ਦੇ ਨਾਤੇ ਵਿਤਕਰਾ ਹੋਣ ਦਾ ਕੋਈ ਸਵਾਲ ਹੀ ਨਹੀਂ ਉਠਦਾ ਅਤੇ ਜਿਹੜੇ ਉੱਚੀ ਸ਼ਰੇਣੀ ਦੇ ਸਿੱਖ ਹਨ ਤੇ ਵਡੇ ਵਡੇ ਸਰਕਾਰੀ ਅਹੁਦਿਆਂ ਜਾਂ ਕੁਰਸੀਆਂ ਉਤੇ ਬੈਠੇ ਹਨ, ਉਹ ਸਿੱਖ ਵੀ ਜਿਨ੍ਹਾਂ ਦੀਆਂ ਨਵੀਂ ਦਿੱਲੀ ਵਿਚ ਕਰੋੜਾਂ ਰੁਪਇਆਂ ਦੀਆਂ ਜਾਇਦਾਦਾਂ ਹਨ, ਜਿਨ੍ਹਾਂ ਨੂੰ ਵਪਾਰ ਦੀਆਂ ਵਧ ਤੋਂ ਵਧ ਸਹੂਲਤਾਂ ਹਨ—ਸਿੱਖਾਂ ਨਾਲ ਵਿਤਕਰੇ ਦਾ ਸਵਾਲ ਉਠਾਉਣ ਲਗ ਪਏ ਹਨ ਤਾਂ ਇਸ ਕਰਕੇ ਨਹੀਂ ਕਿ ਉਨ੍ਹਾਂ ਨਾਲ ਵਿਤਕਰਾ ਹੁੰਦਾ ਹੈ—ਸਗੋਂ ਇਸ ਕਰਕੇ ਕਿ ਤੰਗ ਨਜ਼ਰ ਲੀਡਰਾਂ ਨੇ ਉਨ੍ਹਾਂ ਦੇ ਨਾਜ਼ਕ ਧਾਰਮਕ ਜਜ਼ਬੇ ਨੂੰ ਛੇੜ ਦਿਤਾ ਹੈ—ਪੁਰਾਤਨ ਮਜ਼ਹਬੀ ਸੰਸਕਾਰਾਂ ਨੂੰ ਜਗਾ ਦਿਤਾ ਹੈ।

ਸੋ ਇਹ ਲੋਕ ਅੱਜ ਇਸ ਗੱਲ ਤੋਂ ਬੇ ਪਰਵਾਹ ਹੋ ਕੇ ਕਿ ਇਨ੍ਹਾਂ ਦੇ ਗਲਤ ਅਮਲਾਂ ਦਾ ਨਤੀਜਾ ਕੀ ਹੋਵੇਗਾ, ਫਿਰਕੂ ਭੜਕਾਹਟ ਫੈਲੇਗੀ,



Sri Satguru Jagjit Singh Ji Elibrary NamdhariElibrary@gmail.com

ਸਾਰੇ ਹਿੰਦੁਸਤਾਨ ਵਿਚ ਹਿੰਦੂ-ਸਿੱਖ ਇਕ ਦੂਜੇ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਣ ਲਗ ਪੈਣਗੇ-ਪੰਜਾਬ 'ਚ ਅੱਗ ਭੜਕਾਉਣ ਦੀਆਂ ਤਿਆਰੀਆਂ ਵਿਚ ਜੁੱਟੇ ਪਏ ਹਨ।

ਅਜੇਹੀ ਹਾਲਤ ਵਿਚ ਉਨ੍ਹਾਂ ਵਿਅਕਤੀਆਂ ਅਤੇ ਪਾਰਟੀਆਂ ਉਤੇ ਇਹ ਜ਼ਿੰਮੇਂਦਾਰੀ ਆ ਜਾਂਦੀ ਹੈ ਕਿ ਉਹ ਸੂਬੇ ਦੇ ਅਤੇ ਦੇਸ਼ ਦੇ ਅਮਨ ਨੂੰ ਬਚਾਈ ਰੱਖਣ ਲਈ ਮੈਦਾਨ ਵਿਚ ਨਿਤਰਨ। ਉਹ ਫਿਰਕੂ ਹਵਾ ਤੋਂ ਆਪਣੇ ਆਪ ਨੂੰ ਬਚਾ ਕੇ ਰੱਖਣ ਤੇ ਫਿਰਕੂ ਅੱਗ ਤੋਂ ਲੋਕਾਂ ਨੂੰ ਬਚਾਉਣ ਦਾ ਸਾਰਾ ਜਤਨ ਕਰਨ।

ਨਾਮਧਾਰੀ ਪੰਥ ਦੇ ਰਾਹਬਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾ-ਰਾਜ ਨੇ ਇਸ ਪੱਖ ਤੋਂ ਸੋਚ ਕੇ ਇਕ ਜਤਨ ਅਰੰਭਿਆ ਹੈ। ਆਪ ਨੇ ਭੈਣੀ ਸਾਹਿਬ ਵਿਚ ਹੋ ਰਹੇ ਸਾਲਾਨਾ ਜਪ ਪਰਯੋਗ ਦੇ ਭੋਗ ਪੈਣ ਤੋਂ ਇਕ ਦਿਨ ਪਹਿਲਾਂ ੯ ਸਿਤੰਬਰ ਨੂੰ ਸ੍ਰੀ ਭੈਣੀ ਸਾਹਿਬ ਵਿਚ ਇਕ ਵਿਸ਼ਾਲ ਹਿੰਦੂ-ਸਿਖ ਏਕਤਾ ਸੰਮੇਲਨ ਬੁਲਾਇਆ ਹੈ। ਇਸ ਸੰਮੇਲਨ ਵਿਚ ਹਿੰਦੂਆਂ, ਸਿਖਾਂ ਦੇ ਪ੍ਰਸਿਧ ਨੇਤਾ ਸ਼ਾਮਲ ਹੋ ਰਹੇ ਹਨ। ਬਦੇਸ਼ ਮੰਤਰੀ ਸ੍ਰ: ਸਵਰਨ ਸਿੰਘ ਜੀ ਲੋਕ ਸਭਾ ਦੇ ਸਪੀਕਰ ਸਰਦਾਰ ਹੁਕਮ ਸਿੰਘ ਜੀ, ਸਾਬਕ ਪੈਪਸੂ ਦੇ ਵਜ਼ੀਰ ਤੇ ਪੰਜਾਬੀ ਰੀਜਨ ਕਮੇਟੀ ਦੇ ਪਰਧਾਨ, ਸੇਠ ਰਾਮ ਨਾਥ, ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਸੰਤੋਖ ਸਿੰਘ ਜੀ, ਸਰਦਾਰ ਕਪੂਰ ਸਿੰਘ ਜੀ ਐਮ. ਪੀ. ਸ੍ਰੀ ਜਗ ਦੱਤ ਸ਼ਰਮਾ, ਸ੍ਰੀ ਬਲਰਾਜ ਮਧੋਕ, ਸ੍ਰੀ ਪ੍ਰਭੂਦੱਤਬ੍ਰਹਮ-ਚਾਰੀ, ਸ੍ਰੀ ਗੁਰੂ ਗੋਲਵਾਲਕਰ ਤੇ ਹੋਰ ਕਈ ਨੇਤਾ ਇਸ ਸੰਮੇਲਨ ਵਿਚ ਭਾਗ ਲੈ ਰਹੇ ਹਨ। ਇਹਨਾਂ ਤੋਂ ਇਲਾਵਾ ਗ੍ਰਿਹ ਮੰਤਰੀ ਗੁਲਜ਼ਾਰੀ ਲਾਲ ਨੰਦਾ ਦੇ ਵੀ ਪਧਾਰਨ ਦੀ ਆਸ ਹੈ।

ਇਹ ਇਕ ਜਤਨ ਹੈ ਜਿਹੜਾ ਸਤਿਗੁਰੂ ਜੀ ਆਪਣੇ ਖੇਤਰ ਵਿਚ ਕਰ ਰਹੇ ਹਨ। ਆਪ ਜਾਣਦੇ ਹਨ ਕਿ ਹਿੰਦੂਆਂ-ਸਿਖਾਂ ਦੀ ਲਹੂ-ਨਾੜੀ ਇਕ ਹੈ ਤੇ ਇਹਨਾਂ ਵਿਚੋਂ ਕਿਸੇ ਨੂੰ ਵੀ ਵਿਸ਼ੇਸ਼ ਹੱਕਾਂ ਦੇ ਅਧਾਰ ਉਤੇ ਅੱਡ-ਅੱਡ ਨਹੀਂ ਕੀਤਾ ਜਾ ਸਕਦਾ। ਪਰ ਆਪ ਇਸ ਗੱਲ ਤੋਂ ਚਿੰਤਾਤੁਰ ਹਨ ਕਿ ਮਜ਼ਹਬੀ ਤੰਗ ਨਜ਼ਰੀ ਇਹਨਾਂ ਦੋਹਾਂ ਧਿਰਾਂ ਵਿਚ ਪਰਸਪਰ ਤੌਰ ਤੇ ਸ਼ੱਕ ਸ਼ੁਬਹ ਜ਼ਰੂਰ ਪੈਦਾ ਕਰਨ ਵਿਚ ਸਫਲ ਹੋ ਰਹੀ ਹੈ।

ਸਤਿਗੁਰੂ ਜੀ ਦਾ ਇਹ ਜਤਨ ਧਰਮ ਖੇਤਰ ਦਾ ਇਕ ਜਤਨ ਹੈ। ਪਰ ਜਿਹੜੇ ਲੋਕ ਨਿਰੋਲ ਸਿਆਸੀ ਖੇਤਰ ਵਿਚ ਹਨ, ਨਾਮਧਾਰੀ ਪੰਥ ਵਾਂਗ ਧਰਮ ਤੇ ਨੀਤੀ ਨੂੰ ਬਰਾਬਰ ਨਹੀਂ ਚਲਾਉਂਦੇ-ਉਨ੍ਹਾਂ ਉਤੇ ਵੀ ਇਸ ਵੇਲੇ ਕੋਈ ਘਟ ਜ਼ਿੰਮੇਵਾਰੀ ਨਹੀਂ।

ਜਿਹੜੀਆਂ ਸੰਸਥਾਵਾਂ, ਪਾਰ-ਟੀਆਂ ਜਾਂ ਵਿਅਕਤੀ ਫਿਰਕੂ ਰੁਚੀਆਂ ਤੋਂ ਦੂਰ ਹਨ ਤੇ ਜਿਨ੍ਹਾਂ ਦੀ ਲੋਕਾਂ ਵਿਚ ਸਾਖ ਹੈ-ਜਿਵੇਂ ਕਾਂਗਰਸੀ, ਕਮਿਊ-ਨਿਸਟ, ਰੀਪਬਲਿਕਨ ਤੇ ਇਹੋ ਜਿਹੇ ਹੋਰ ਲੋਕ-ਉਹਨਾਂ ਨੂੰ ਅਜ ਹੀ ਚੇਤਨਾ ਚਾਹੀਦਾ ਹੈ। ਉਹ ਭਾਸ਼ਾਈ ਜਾਂ ਮਜ਼-ਹਬੀ ਅਧਾਰ ਤੇ ਬੇਇਨਸਾਫੀਆਂ ਦੇ ਖਿਲਾਫ ਅਵਾਜ਼ ਉਚੀ ਕਰਨ, ਲੋਕਾਂ ਵਿਚ ਜਾ ਕੇ, ਪਿੰਡਾਂ ਵਿਚ ਜਾ ਕੇ ਭਾਸ਼ਾਈ ਅਧਾਰ ਉਤੇ ਬਣਾਏ ਗਏ ਸੂਬਿਆਂ ਦੀ ਲਹਿਰ ਦੀ ਸਹੀ ਤਸਵੀਰ ਦਸਣ, ਇਸ ਦੇ ਲਾਭ ਦਸਣ-ਪਰ ਨਾਲ ਨਾਲ ਹੀ ਫਿਰਕੂ ਅਧਾਰ ਉਤੇ, ਵਿਸ਼ੇਸ਼ ਅਧਿਕਾਰਾਂ ਦੀ ਮੰਗ ਦੇ ਅਧਾਰ ਉਤੇ ਸੂਬੇ ਦੀ ਰਚਨਾ ਲਈ ਜਤਨ ਕਰਨ ਦੇ ਨਤੀਜੇ ਵੀ ਦਸਣ।

ਪੰਜਾਬ ਵਿਚ ਇਕ ਬੜੇ ਵੱਡੇ ਅਗਨੀ-ਕਾਂਡ ਦੀ ਤਿਆਰੀ ਹੋ ਰਹੀ ਹੈ-ਤੇ ਪੰਜਾਬ ਨੂੰ ਬਚਾਉਣ ਵਾਲੇ ਅਜੇ ਸੋਚਾਂ ਵਿਚ ਹੀ ਪਏ ਹੋਏ ਹਨ।

ਇਹ ਵੇਲਾ ਸਰਗਰਮ ਹੋਣ ਦਾ ਹੈ। ਪੰਜਾਬ ਨੂੰ ਅਗਨੀ ਕਾਂਡ ਤੋਂ ਬਚਾਉਣ ਲਈ ਜੁਟ ਪੈਣ ਦਾ ਹੈ।

(੨੭ ਅਗਸਤ ੧੯੬੫)

* * *

## ਦੋ ਨੇਤਾ ਮਿਲੇ– ਦੋ ਪੰਥ ਮਿਲੇ

ਤਿੰਨ ਸਾਲ ਦੇ ਵਿਛੋੜੇ ਪਿਛੋਂ ਮਾਸਟਰ ਤਾਰਾ ਸਿੰਘ ਜੀ ਤੇ ਸੰਤ ਫਤੇਹ ਸਿੰਘ ਜੀ ਦੇ ਸਵਾਰਥਾਂ ਨੇ ਇਕ ਵਾਰੀ ਫਿਰ ਦੋਹਾਂ ਨੂੰ ਗਲੇ ਮਿਲਾ ਦਿਤਾ ਹੈ। ਤਿੰਨ ਸਾਲ ਪਹਿਲਾਂ ਮਾਸਟਰ ਜੀ ਨਾਲੋਂ ਸੰਤ ਜੀ ਅੱਡ ਹੋ ਗਏ ਸਨ—ਗੁਰੂ ਪੰਥ ਦੀ ਲੀਡਰੀ ਖ਼ਾਤਿਰ—ਫਿਰ ਉਨ੍ਹਾਂ ਨੇ ਇਕ ਵੱਖਰੇ ਗੁਰੂ-ਪੰਥ ਦੀ ਸਾਜਨਾ ਕਰ ਲਈ ਤੇ ਫਿਰ ਦੋਵੇਂ ਗੁਰੂ ਪੰਥ ਇਕ ਦੂਜੇ ਦੇ ਮੋਰਚਿਆਂ ਉਤੇ ਗਾਹਲ-ਮੰਦੇ ਦੀ ਗੋਲਾ ਬਾਰੀ ਕਰਦੇ ਰਹੇ। ਤਿੰਨ ਸਾਲਾਂ ਵਿਚ ਦੋਹਾਂ ਗੁਰੂ ਪੰਥਾਂ ਦੀ ਹਾਲਤ ਇਹ ਹੋ ਗਈ ਕਿ ਆਮ ਲੋਕਾਂ ਦਾ ਦੋਹਾਂ ਵਿਚੋਂ ਕਸੇ ਉਤੇ ਵੀ ਇਤਬਾਰ ਨਾ ਰਿਹਾ।

ਦੋਵੇਂ 'ਗੁਰੂ ਪੰਥ' ਇਸ ਅਨ ਪੁਛੀ ਹਾਲਤ ਤੋਂ ਪਰੇਸ਼ਾਨ ਸਨ। ਪੁਛ ਤਦ ਹੀ ਹੋ ਸਕਦੀ ਸੀ—ਜਾਂ ਤੇ ਕੁਝ ਉਸਾਰੂ ਕੰਮ ਕਰਨ, ਲੋਕਾਂ ਦੇ ਰੋਜ਼ਾਨਾ ਜ਼ਿੰਦਗੀ ਦੇ ਦੁਖਾਂ ਸੁਖਾਂ ਦੇ ਖ਼ਿਆਲ ਬਣਨ ਅਤੇ ਜਾਂ ਫਿਰ ਉਨ੍ਹਾਂ ਦੇ ਮਜ਼-ਹਬੀ ਜਜ਼ਬਿਆਂ ਨੂੰ ਭੜਕਾਉਣ।

ਲੋਕਾਂ ਦੇ ਦੁਖ ਸੁਖ ਨਾਲ ਸਾਂਝ ਇਨ੍ਹਾਂ ਨੇ ਬਣਾਈ ਨਹੀਂ, ਉਸਾਰੂ ਕੁਝ ਕਰਨਾ ਨਹੀਂ-ਇਸ ਲਈ ਦੂਜਾ ਰਾਹ ਅਪਣਾਇਆ। ਪਾਊ ਦੇ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੇ ਗੁਰਦੁਆਰੇ ਉਤੇ ਕਬਜ਼ੇ ਦਾ ਸਵਾਲ ਉਠਾਕੇ ਸਿੱਖ ਜਜ਼ਬਿਆਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ— ਪਰ ਲੋਕ ਇਨ੍ਹਾਂ ਦੇ ਕਬਜ਼ੇ ਹੇਠਲੇ ਪਹਿਲੇ ਗੁਰਧਾਮਾਂ ਤੋਂ ਵਾਕਿਫ਼ ਹਨ— ਇਸ ਲਈ ਭੜਕੇ ਨਹੀਂ । ਫਿਰ ਬੀੜਾਂ ਨੂੰ ਸਾੜਨ-ਪਾੜਨ ਜਾਂ ਵਿਸਰ-ਜਨ ਦਾ ਦੌਰ ਚਲਿਆ–ਲੋਕ ਭੜਕੇ ਨਹੀਂ–ਫਿਰ ਦੋਵੇਂ ਗੁਰੂ ਪੰਥ ਆਪਸ ਵਿਚ ਲੜ ਪਏ ਤੇ ਇਕ ਗੁਰੂ ਪੰਥ ਨੇ ਦੂਜੇ ਗੁਰੂ ਪੰਥ ਉਤੇ ਸਿੱਧਾ ਦੋਸ਼ ਲਗਾ ਦਿਤਾ ਕਿ ਬੀੜਾਂ ਉਸੇ ਨੇ ਹੀ ਪੜਵਾਈਆਂ ਸੜਵਾਈਆਂ ਹਨ ।

ਫਿਰ ਮਾਸਟਰ ਜੀ ਨੇ ਆਪਣਾ ਆਖਰੀ ਹਥਿਆਰ ਵਰਤਿਆ— ਸਿੱਖ ਸਟੇਟ ਦਾ ਨਾਅਰਾ ਲਗਾ ਕੇ ਅੰਦੋਲਨ ਸ਼ੁਰੂ ਕਰਨ ਦੀ ਧਮਕੀ ਦੇ ਦਿਤੀ । ਸੰਤ ਫਤੇਹ ਸਿੰਘ ਜੀ ਦੇ ਗੁਰੂ ਪੰਥ ਨੇ ਸੰਤ ਜੀ ਨੂੰ ਹੀ ਬਲੀਦਾਨ ਲਈ ਪਰੇਰਿਆ ਤੇ ਸੰਤ ਜੀ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਅਚਾਨਕ ਹੀ ਸੜ ਮਰਨ ਦਾ ਐਲਾਨ ਕਰ ਦਿਤਾ ਹੈ ।

ਮਾਸਟਰ ਜੀ ਨੂੰ ਕਾਫੀ ਤਸੱਲੀ ਹੋਈ ਹੈ । ਉਨ੍ਹਾਂ ਨੂੰ ਯਕੀਨ ਹੈ ਕਿ ਐਦਕਾਂ ਸੰਤ ਜੀ ਨਾ ਵਰਤ ਹੀ ਤੋੜਨਗੇ ਅਤੇ ਨਾ ਹੀ ਸੜ ਮਰਨੋਂ ਪਿਛੇ ਹਟਣਗੇ । ਆਪਣੇ ਖਾਸ ਆਦਮੀ ਹਰ ਵੇਲੇ ਉਹ ਸੰਤਾਂ ਦੇ ਦੁਆਲੇ ਰਖਦੇ ਹਨ ਜਿਹੜੇ ਉਨ੍ਹਾਂ ਨੂੰ ਉਨ੍ਹਾਂ ਦੇ ਨਿਸਚੇ ਤੋਂ ਪਿਛੇ ਨਾ ਹਟਣ ਦੇਣ । ਇੰਜ ਉਹ ਚਾਹੁੰਦੇ ਹਨ ਕਿ ਸੰਤ ਜੀ ਕੋਲੋਂ ਆਤਮ ਹਤਿਆ ਕਰਵਾ ਕੇ ਰਾਹ ਸਾਫ ਕਰ ਲਿਆ ਜਾਵੇ ਤੇ ਫਿਰ ਅਕਾਲੀ ਪੰਥ ਉਤੇ ਇਕ ਛਤਰ ਰਾਜ ਕੀਤਾ ਜਾਵੇ ।

ਦੇਸ਼ ਭਰ ਵਿਚੋਂ ਸਭ ਵਡੇ ਛੋਟੇ ਨੇਤਾਵਾਂ ਤੇ ਸੰਸਥਾਵਾਂ ਵਲੋਂ ਸੰਤ ਜੀ ਨੂੰ ਆਪਣੇ ਫੈਸਲੇ ਉਤੇ ਮੁੜ ਵਿਚਾਰ ਕਰਨ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ, ਮਾਸਟਰ ਜੀ ਨੂੰ ਕੁਝ ਸ਼ੱਕ ਪੈ ਗਿਆ ਹੈ, ਉਨ੍ਹਾਂ ਨੇ ਆਪਣਾ ਪਹਿਲਾ–ਸੰਤਾਂ ਨੂੰ ਨਾ ਮਿਲਣ ਦਾ ਫੈਸਲਾ ਬਦਲਕੇ ਸੰਤ ਜੀ ਨੂੰ ਜਾ ਗਲਵਕੜੀ ਪਾਈ ਹੈ ਤੇ ਸੜ ਮਰਨ ਦੀ ਜ਼ਬਰਦਸਤ ਪਰੇਰਨਾ ਦੇਂਦਿਆਂ ਹੋਇਆਂ ਅਸ਼ੀਰਵਾਦ ਵੀ ਦੇ ਆਏ ਹਨ ।

ਸੰਤ ਜੀ ਵਿਚਾਰੇ ਮਰਨ ਦੀ ਤਿਆਰੀ ਵਿਚ ਹਨ ਪਰ ਉਨ੍ਹਾਂ ਨੂੰ ਇੰਜ ਲਗਦਾ ਹੈ ਕਿ ਮਰਨ ਦੇ ਦਿਨ ਖਿਨ ਦਾ ਹੁਕਮ ਅਕਾਲ ਪੁਰਖ ਕੋਲੋਂ ਖੋਹ ਕੇ ਆਪੇ ਆਪਣੇ ਉਤੇ ਲਾਗੂ ਕਰਨ ਦਾ ਦੁਖ ਸਹੇੜ ਕੇ ਵੀ ਸ਼ਾਇਦ ਉਨ੍ਹਾਂ ਦਾ ਨਾਮ ਬੇਨਾਮ ਹੀ ਰਹੇ— ਕਿਉਂਕਿ ਉਨ੍ਹਾਂ ਤੋਂ ਵਡਾ "ਸਿੱਖਾਂ ਦੇ ਆਤਮ ਨਿਰਨੇ ਦੇ ਹੱਕਾਂ" ਦਾ ਅਤੇ "ਸਿੱਖ ਸਟੇਟ" ਦਾ ਨਾਅਰਾ ਮੂੰਹ ਵਿਚ ਫੜੀ ਮਾਸਟਰ ਜੀ ਉਨ੍ਹਾਂ ਦੀ ਕੰਡ ਪਿਛੇ ਹੀ ਖੜੇ ਹਨ । ਜਿਹੜੇ ਲੋਕ ਉਨ੍ਹਾਂ ਦੀ ਆਤਮ ਹਤਿਆ ਤੋਂ ਪ੍ਰਭਾਵਤ ਹੋ ਕੇ ਭੜਕਣਗੇ ਉਨ੍ਹਾਂ ਨੂੰ ਮਾਸਟਰ ਜੀ ਆਪਣੀ ਲੀਡਰੀ ਬਹਾਲ ਕਰਨ ਲਈ ਵਰਤਣਗੇ । ਇਸ ਲਈ ਦੋਹਾਂ ਗੁਰੂ ਪੰਥਾਂ ਦੇ ਦੋਵੇਂ ਨੇਤਾ ਕਿਸੇ ਇਹੋ ਜਿਹੇ ਰਾਹ ਲਈ ਕਾਫੀ ਚਿਰ ਤਜਵੀਜ਼ਾਂ ਸੋਚਦੇ ਰਹੇ ਹਨ ਜਿਸ ਨਾਲ ਦੋਹਾਂ ਦਾ ਕੰਮ ਹੀ ਬਣ ਜਾਵੇ ।

ਮਾਸਟਰ ਜੀ ਨੇ ਆਪਣੇ ਵਲੋਂ ਵੱਡਾ ਦਾ ਚਲਿਆ ਸੀ–ਸੰਤ ਜੀ ਨੇ ਉਸ ਤੋਂ ਵੱਡਾ ਦਾ ਚਲਾ ਦਿਤਾ ਹੈ। ਹੁਣ ਮਾਸਟਰ ਜੀ ਨੇ ਸੰਤਾਂ ਕੋਲ ਪਹੁੰਚ ਕੇ ਫਿਰ ਉਸ ਤੋਂ ਵੱਡਾ ਦਾਅ ਚਲਾ ਦਿਤਾ ਹੈ । ਦੋਹਾਂ ਗੁਰੂ ਪੰਥਾਂ ਦੀ ਏਕਤਾ ਤੇ ਸਾਂਝੇ ਮੋਰਚੇ ਦਾ ।

ਦੋਹਾਂ 'ਗੁਰੂ ਪੰਥਾਂ' ਦੀ ਏਕਤਾ ਕਾਇਮ ਹੋਣ ਤੇ ਹੁਣ ਜਾਂ ਤੇ ਸੰਤ ਜੀ ਮਾਸਟਰ ਜੀ ਨੂੰ ਪੰਥ ਦਾ ਨੇਤਾ ਤਸਲੀਮ ਕਰਨਗੇ—ਨਹੀਂ ਤਾਂ ਮਾਸਟਰ ਜੀ ਉਨ੍ਹਾਂ ਦਾ ਪੂਜ ਪੂਜਾ ਕਰਵਾਕੇ ਦਮ ਲੈਣਗੇ ।

(੨੯ ਅਗਸਤ ੧੯੬੫)

*—*

## ਮਸੀਤਾਂ ਤੋਂ ਬਾਅਦ ਗੁਰਦੁਵਾਰਿਆਂ ਵਿਚ ਵੀ

ਪਿਛਲੇ ਕਾਫੀ ਅਰਸੇ ਤੋਂ ਵੇਖਣ ਵਿਚ ਆ ਰਿਹਾ ਹੈ ਕਿ ਮਸੀਤਾਂ ਵਿਚ ਗੋਲਾ ਬਾਰੂਦ ਤੇ ਹੋਰ ਹਥਿਆਰਾਂ ਦੇ ਭਾਰੀ ਜ਼ਖੀਰੇ ਜਮ੍ਹਾਂ ਕੀਤੇ ਜਾਂਦੇ ਹਨ । ਇਹਨਾਂ ਜ਼ਖੀਰਿਆਂ ਦੇ ਬਲ ਉਤੇ ਭਾਰਤ ਭਰ ਵਿਚ ਹਿੰਦੂ-ਮੁਸਲਿਮ ਫਸਾਦ ਹੁੰਦੇ ਆ ਰਹੇ ਹਨ ।

ਪਰ ਮਜ਼ੇ ਦੀ ਗੱਲ ਇਹ ਹੈ ਕਿ ਇਹ ਜ਼ਖੀਰੇ ਅੰਗਰੇਜ਼ ਦੇ ਖਿਲਾਫ ਕਦੇ ਵੀ ਨਹੀਂ ਬਣਾਏ ਗਏ–ਸਗੋਂ ਗ਼ੈਰ ਮੁਸਲਿਮਾ ਲਈ ਫਿਰਕੂ ਮੁਸਲਿਮ ਲੀਗੀ ਬਣਾਉਂਦੇ ਸਨ । ਇਹ ਕੰਮ ਤਦ ਸੌਖਿਆ ਹੋ ਜਾਂਦਾ ਸੀ ਕਿ ਪੁਲਿਸ ਖੋਜ਼ੀ ਕੀਤੀਆਂ ਮਜ਼ਹਬੀ ਪੂਜਾ ਵਾਲੀਆਂ ਥਾਵਾਂ ਤੇ ਜਾਂਦੀ ਨਹੀਂ ਸੀ ਤਾਕਿ ਮਜ਼ਹਬੀ ਜਜ਼ਬਾਤਾਂ ਨੂੰ ਠੇਸ ਨਾ ਲੱਗੇ ।

ਇਹੋ ਹਾਲ ਅਜ ਕਲ ਅਕਾਲੀਆਂ ਦੇ ਮਤਹਿਤ ਚਲ ਰਹੇ ਗੁਰਦੁਵਾਰਿਆਂ ਦਾ ਹੋ ਗਿਆ ਹੈ । ਪੰਜਾਬ ਦੇ ਮੁਖ ਮੰਤਰੀ ਸ੍ਰੀ ਕਾਮਰੇਡ ਰਾਮ ਕਿਸ਼ਨ ਦਾ ਤਾਜ਼ਾ ਬਿਆਨ ਚੌਂਕਾਉਣ ਵਾਲਾ ਹੈ । ਉਨ੍ਹਾਂ ਨੇ ਕਿਹਾ ਹੈ ਕਿ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਵਿਚ ਨਾਜਾਇਜ਼ ਹਥਿਆਰ ਤੇ ਗੋਲਾ ਬਰੂਦ ਦੇ ਜ਼ਬਰ-ਦਸਤ ਜ਼ਖੀਰੇ ਜਮ੍ਹਾਂ ਕੀਤੇ ਜਾ ਰਹੇ ਹਨ ।

ਜੇ ਇਸ ਬਿਆਨ ਵਿਚ ਥੋੜ੍ਹੀ ਵੀ



Sri Satguru Jagjit Singh Ji Elibrary NamdhariElibrary@gmail.com

ਸਚਾਈ ਹੋਵੇ ਤਾਂ ਇਹ ਗੱਲ ਦੂਰ ਤਕ ਸੋਚਣ ਲਈ ਮਜਬੂਰ ਕਰਨ ਵਾਲੀ ਹੈ।

ਹਥਿਆਰਾਂ ਦਾ ਜਾਂ ਗੋਲਾ ਬਰੂਦ ਦਾ ਆਪਣਾ ਇਕ ਧਰਮ ਹੈ—ਤੇ ਉਹ ਧਰਮ ਹੈ ਮੌਤ ਦਾ ਪਸਾਰਾ ਕਰਨਾ। ਜਿਥੋਂ ਤਕ ਅਕਾਲ ਤਖਤ ਸਾਹਿਬ ਜਿਹੇ ਪਵਿਤਰ ਅਸਥਾਨ ਦਾ ਸਬੰਧ ਹੈ ਉਹ-ਦਾ ਬੁਨਿਆਦੀ ਧਰਮ ਤਾਂ ਇਹੋ ਹੀ ਹੈ ਕਿ ਉਸ ਪਵਿਤਰ ਸਥਾਨ ਨੂੰ ਜਿਸ ਧਾਰਮਕ ਨਿਰਪਖਤਾ ਦਾ ਦਰਜਾ ਅਤੇ ਸਨਮਾਨ ਸਭਨਾਂ ਕਾਨੂੰਨੀ, ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾਵਾਂ ਵਲੋਂ ਮਿਲਿਆ ਹੋਇਆ ਹੈ ਉਸ ਨਿਰਪਖ ਪਵਿਤਰਤਾ ਉੱਤੇ ਕੋਈ ਹਰਫ ਨਾ ਆਵੇ। ਹਥਿਆਰਾਂ ਦੇ ਜ਼ਖੀਰੇ ਜਿਸ ਕਿਸੇ ਲਈ ਵੀ ਹੋਣ, ਜੇ ਉਹ ਸੱਚ ਮੁਚ ਹੀ ਬਨਾਏ ਜਾ ਰਹੇ ਹਨ ਤਾਂ ਜਿਹਦੇ ਲਈ ਵੀ ਹਨ ਉਹਦੇ ਲਈ ਅਕਾਲ ਤਖਤ ਦੀ ਮਰਯਾਦਾ ਸ਼ੰਕਿਤ ਹੋ ਜਾਵੇਗੀ।

ਪੰਜਾਬੀ ਜ਼ਬਾਨ ਦੇ ਆਧਾਰ ਉਤੇ ਸੂਬੇ ਦੀ ਪਰਾਪਤੀ ਲਈ ਲਗਣ ਵਾਲੇ ਮੋਰਚਿਆਂ ਦਾ ਵੀ ਅਕਾ-ਲੀਆਂ ਦੇ ਪਰਬੰਧ ਵਿਚਲੇ ਅਕਾਲ ਤਖਤ ਸਾਹਿਬ ਦੀ ਧਾਰਮਕ ਨ੍ਰਿਪੱਖਤਾ ਨਾਲ ਕੋਈ ਸਬੰਧ ਨਹੀਂ। ਇਹ ਕੋਈ ਧਰਮ ਲਈ ਸੰਘਰਸ਼ ਨਹੀਂ ਸਗੋਂ ਸਿਆਸੀ ਤਾਕਤ ਹਾਸਲ ਕਰਨ ਦਾ ਸਿਆਸੀ ਸੰਘਰਸ਼ ਹੈ। ਫਿਰ ਕਿਉਂ ਸੰਤ ਫਤਿਹ ਸਿੰਘ ਜੀ ਵਰਗੀ ਸ਼ਖ-ਸੀਅਤ ਅਕਾਲ ਤਖਤ ਜਿਹੇ ਪਵਿਤਰ ਤੇ ਨਿਰਪਖ ਸਥਾਨ ਵਿਚ ਇਕ ਪੱਖੀ ਕਿਲੇ ਬੰਦੀ ਕਰਕੇ ਦੂਸਰੇ ਲੋਕਾਂ ਨੂੰ ਉਸ ਪਵਿਤਰ ਸਥਾਨ ਦੀ ਮਰਯਾਦਾ ਬਾਰੇ ਸ਼ੰਕਿਤ ਕਰ ਰਹੀ ਹੈ?

ਜੇ ਅਕਾਲੀ ਇਸ ਸੰਘਰਸ਼ ਨੂੰ ਧਾਰਮਕ ਸੰਘਰਸ਼ ਦਾ ਦਰਜਾ ਦੇਣ ਬਾਰੇ ਸੋਚਦੇ ਹੋਣ ਤਾਂ ਫਿਰ ਗੈਰ ਅਕਾਲੀ ਇਸ ਬਾਰੇ ਕੀ ਸੋਚਣ? ਅਤੇ ਜੇ ਅਕਾਲੀ ਆਪਣੀ ਸਿਆਸੀ ਲੜਾਈ ਨੂੰ ਵੀ ਧਾਰਮਕ ਲੜਾਈ ਹੀ ਆਖੀ ਜਾਣ ਤਾਂ ਜਿਹੜੀਆਂ ਸੰਸਥਾਵਾਂ ਸੱਚ ਮੁਚ ਹੀ ਸਿਆਸੀ ਜਾਂ ਕਾਨੂੰਨੀ ਪੱਖ ਤੋਂ ਹੀ ਇਸ ਸਾਰੇ ਕਾਂਡ ਨੂੰ ਵੇਖ ਕੇ ਕੋਈ ਫੈਸਲਾ ਲੈ ਲੈਣ ਤਾਂ ਅਕਾਲ ਤਖਤ ਜਿਹੇ ਧਾਰਮਕ ਸਥਾਨ ਦੀ ਨਿਰਪੱਖ ਮਰਯਾਦਾ ਨੂੰ ਤੋੜਨ ਦੀ ਜ਼ਿਮੇਵਾਰੀ ਤੋਂ ਅਕਾਲੀ ਪੰਥ ਕਿਵੇਂ ਬਚਿਆ ਰਹੇਗਾ?

ਕੀ ਅਕਾਲੀਆਂ ਦੇ ਇਰਾਦੇ ਬਾਰੇ ਇਹ ਸੋਚ ਲਿਆ ਜਾਵੇ ਕਿ ਉਹ ਕਿਸੇ ਵੀ ਗੈਰ ਅਕਾਲੀ ਦੇ ਮਨ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਧਾਰਮਕ ਮਰਯਾਦਾ ਬਾਰੇ ਕੋਈ ਸਨਮਾਨ ਨਹੀਂ ਰਹਿਣ ਦੇਣਾ ਚਾਹੁੰਦੇ?

(੩੧ ਅਗਸਤ ੧੯੬੫)

## ਅਕਾਲੀਆਂ ਅਗੇ ਨਵਾਂ ਫਾਰਮੂਲਾ

ਸੰਤ ਫਤਿਹ ਸਿੰਘ ਜੀ ਨੇ ਜਿਵੇਂ ਪੰਜਾਬੀ ਜ਼ਬਾਨ ਨਾਲ ਧੱਕੇ ਦੀ ਆੜ ਵਿਚ, ਪੰਜਾਬੀ ਸੂਬੇ ਦੇ ਨਾਮ ਉਤੇ, ਸਿਖ ਸਟੇਟ ਦੀ ਮੰਗ ਪੇਸ਼ ਕੀਤੀ ਹੈ ਉਸਦਾ ਸਹੀ ਰੂਪ ਅਜ ਕਲ ਵਿਚ ਹੀ ਉਘੜਨ ਵਾਲਾ ਹੈ।

ਸਰਕਾਰ ਨੇ ਇਕ ਤਜਵੀਜ ਸੰਤ ਫਤਿਹ ਸਿੰਘ ਜੀ ਕੋਲ ਘਲੀ ਹੈ ਜਿਸ ਅਨੁਸਾਰ ਹੁਣ ਵਾਲੇ ਸਾਰੇ ਪੰਜਾਬ ਦੀ ਹੀ ਪਰਮੁਖ ਭਾਸ਼ਾ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਹੋਵੇਗੀ, ਸਾਰਾ ਪੰਜਾਬ ਪੰਜਾਬੀ ਰੀਜਨ ਹੀ ਹੋਵੇਗਾ—ਸਿਰਫ ਕੁਝ ਲੋਕਾਂ ਨੂੰ ਉਨ੍ਹਾਂ ਦੀ ਮੰਗ ਦੇ ਆਧਾਰ ਉਤੇ ਹਿੰਦੀ ਹੀ ਪੜ੍ਹਨ ਦੀ ਸਹੂਲਤ ਦਿਤੀ ਜਾਏਗੀ—ਜਿਵੇਂ ਕਿ ਮਹਾਂਰਾਸ਼ਟਰ ਦੇ ਇਕ ਇਲਾਕੇ 'ਵਿਦਰਭ' ਵਿਚ ਹੈ।

ਇਸ ਤਜਵੀਜ਼ ਅਨੁਸਾਰ ਸਾਰਾ ਪੰਜਾਬ ਹੀ ਪੰਜਾਬੀ ਸੂਬਾ ਹੋਵੇਗਾ ਜਿਸ ਵਿਚ ਪੰਜਾਬੀ ਜ਼ਬਾਨ ਦਾ ਇਕ ਛਤਰ ਰਾਜ ਹੋਵੇਗਾ। ਹੁਣ ਤਕ ਪੰਜਾਬ ਦੋ ਖਿੱਤਿਆਂ ਵਾਲਾ ਰਾਜ ਹੈ, ਜਿਸ ਵਿਚ ਇਕ ਪਾਸੇ ਪੰਜਾਬੀ ਪਹਿਲੇ ਦਰਜੇ ਦੀ ਭਾਸ਼ਾ ਹੈ, ਦੂਜੇ ਪਾਸੇ ਪੰਜਾਬੀ ਦੂਜੇ ਨੰਬਰ ਦੀ ਭਾਸ਼ਾ ਹੈ। ਪੰਜਾਬੀ ਪੜ੍ਹਾਈ ਦੋਹਾਂ ਖਿੱਤਿਆਂ ਵਿਚ ਹੀ ਜਾਂਦੀ ਹੈ।

ਪਰ ਸਾਨੂੰ ਵਿਸ਼ਵਾਸ ਹੈ ਕਿ ਸੰਤ ਫਤਿਹ ਸਿੰਘ ਜੀ ਦਾ 'ਪੰਜਾਬੀ ਸੂਬਾ' ਦਲ ਪੰਜਾਬੀ ਜ਼ਬਾਨ ਨੂੰ ਏਡਾ ਵਡਾ ਦਰਜਾ ਮਿਲਣ ਤੇ ਵੀ ਸੰਤੁਸ਼ਟ ਨਹੀਂ ਹੋਵੇਗਾ ਤੇ ਉਹ ਪੰਜਾਬੀ ਜ਼ਬਾਨ ਨੂੰ ਛਡਕੇ ਆਪਣੇ ਅਸਲ ਨਿਸ਼ਾਨੇ 'ਸਿਖ ਰਾਜ' ਉੱਤੇ ਆਣ ਖਲੋਵੇਗਾ।

ਪੰਜਾਬੀ ਜ਼ਬਾਨ ਨਾਲ ਜਿਥੇ ਵੀ ਕਿਧਰੇ ਜਿਸ ਵੀ ਕਿਸਮ ਦਾ ਵਿਤਕਰਾ ਹੁੰਦਾ ਹੈ, ਉਸਨੂੰ ਦੂਰ ਕਰਨ ਲਈ ਸਰਕਾਰ ਹਰ ਘੜੀ ਤਿਆਰ ਹੈ।

ਜਲੰਧਰ ਰੇਡੀਓ ਤੋਂ ਪੰਜਾਬੀ ਵਿਚ ਹੀ ਸਾਰੇ ਪਰੋਗਰਾਮ ਦੇਣ ਲਈ ਸ੍ਰੀਮਤੀ ਇੰਦਰਾ ਗਾਂਧੀ ਨੇ ਮਨਜ਼ੂਰੀ ਦੇ ਦਿਤੀ ਹੈ। ਪੰਜਾਬ ਵਿਚ ਜ਼ਿਲਾ ਪੱਧਰ ਉਤੇ ਵੀ ਪੰਜਾਬੀ ਲਾਗੂ ਹੋ ਸਕਦੀ ਹੈ, ਮਿਉਂਸਪੈਲਟੀਆਂ ਵਿਚ ਵੀ ਪੰਜਾਬੀ 'ਚ ਕਾਰਵਾਈ ਚਲ ਸਕਦੀ ਹੈ-ਇਹ ਸਭ ਕੁਝ ਬੜੀ ਆਸਾਨੀ ਨਾਲ ਹੋ ਸਕਦਾ ਹੈ—ਪਰ ਇਹ ਗੱਲਾਂ ਤਾਂ ਸੰਤ ਜੀ ਦੀ ਸਿਖ ਸਟੇਟ ਦੀ ਮੰਗ ਦਾ ਇਕ ਅੰਗ ਮਾਤਰ ਹਨ ਉਨ੍ਹਾ ਦਾ ਸੰਘਰਸ਼ ਇਨ੍ਹਾਂ ਵਿਤ-ਕਰਿਆਂ ਨੂੰ ਦੂਰ ਕਰਵਾਨ ਲਈ ਨਹੀਂ।

ਜੇ ਇਹ ਸੰਘਰਸ਼ ਪੰਜਾਬੀ ਜ਼ਬਾਨ ਨਾਲ ਵਿਤਕਰੇ ਨੂੰ ਲੈ ਕੇ ਕੀਤਾ ਜਾਂਦਾ,



Sri Satguru Jagjit Singh Ji Elibrary NamdhariElibrary@gmail.com

ਤਾਂ ਸੰਤ ਫਤੇਹ ਸਿੰਘ ਸ਼ਾਸਤਰੀ ਮਿਲਣੀ ਵਿਚ ਸਿਖਾਂ ਨਾਲ ਬੇਇਨਸਾਫ਼ੀ ਦਾ ਸਵਾਲ ਨਾ ਉਠਾਇਆ ਜਾਂਦਾ—ਜਦੋਂ ਕਿ ਉਨ੍ਹਾਂ ਦੀ ਮਿਲਣੀ ਸਮੇਂ ਬਹੁਤੀਆਂ ਗੱਲਾਂ ਸਿੱਖਾਂ ਨਾਲ ਬੇਇਨਸਾਫ਼ੀ ਜਾਂ ਵਿਤਕਰੇ ਬਾਰੇ ਕੀਤੀਆਂ ਗਈਆਂ।

ਸੰਤ ਜੀ ਨੇ ੧੧ ਸਫ਼ਿਆਂ ਦੀ ਰਿਪੋਰਟ ਤਾਂ ਸ੍ਰੀ ਗ੍ਰੰਥ ਸਾਹਿਬ ਦੇ ਅਪਮਾਨ, ਸਾੜਨ-ਪਾੜਨ ਬਾਰੇ ਹੀ ਦਿਤੀ ਹੈ। ਕੋਈ ਪੁਛੇ ਕਿ ਇਸ ਦਾ ਸੰਬੰਧ ਪੰਜਾਬੀ ਸੂਬੇ ਨਾਲ ਕਿਵੇਂ ਹੋਇਆ? ਜਦੋਂ ਕਿ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਅਪਮਾਨਤ ਕਰਨ ਵਾਲੇ ਵੀ ਸਿਖ ਗ੍ਰੰਥੀ ਤੇ ਨਿਹੰਗ ਸਿੰਘ ਹੀ ਹੋਣ, ਅਦਾਲਤ ਵਿਚ ਉਨ੍ਹਾਂ ਨੇ ਜੁਰਮ ਵੀ ਮੰਨਿਆਂ ਹੋਵੇ ਤੇ ਜੁਰਮ ਦੇ ਕਾਰਨ ਵੀ ਦਸੇ ਹੋਣ।

ਸੰਤ ਜੀ ਨੇ ਰਾਜਸਥਾਨ, ਉਤਰ ਪ੍ਰਦੇਸ਼, ਬੰਬਈ, ਹਿਮਾਚਲ ਪ੍ਰਦੇਸ਼ ਆਦਿ ਸੂਬਿਆਂ ਵਿਚ ਸਿਖਾਂ ਨਾਲ ਬੇਇਨਸਾਫ਼ੀਆਂ ਦਾ ਸਵਾਲ ਸ਼ਾਸਤਰੀ ਜੀ ਅਗੇ ਉਠਾਇਆ ਤੇ ਉਨ੍ਹਾਂ ਬੇਇਨਸਾਫ਼ੀਆਂ ਦਾ ਇਕੋ ਇਕ ਇਲਾਜ ਪੰਜਾਬੀ ਸੂਬਾ ਦਸਿਆ ਹੈ।

ਜਿਥੋਂ ਤਕ ਸਾਧਾਰਨ ਸੋਚ ਜਾਂਦੀ ਹੈ-ਉਥੋਂ ਤਕ ਤਾਂ ਇਨ੍ਹਾਂ ਸ਼ਕਾਇਤਾਂ ਦਾ ਹਲ ਪੰਜਾਬੀ ਸੂਬਾ ਜਾਪਦਾ ਨਹੀਂ, ਜੇਇਹ ਗੱਲ ਫਰਜ਼ ਕਰ ਵੀ ਲਿਆ ਜਾਵੇ ਤਾਂ ਇਸ ਤੋਂ ਬਿਨਾਂ ਹੋਰ ਕੀ ਅਰਥ ਨਿਕਲੇਗਾ ਕਿ ਜਿਨ੍ਹਾਂ ਸਿਖਾਂ ਨਾਲ ਰਾਜਿਸਥਾਨ, ਉਤਰ ਪ੍ਰਦੇਸ਼, ਬੰਬਈ, ਹਿਮਾਚਲ ਪ੍ਰਦੇਸ਼, ਕਲਕੱਤੇ, ਦਿੱਲੀ ਤੇ ਹੋਰ ਸੂਬਿਆਂ ਵਿਚ ਕਿਸੇ ਤਰ੍ਹਾਂ ਦੀ ਬੇਇਨਸਾਫ਼ੀ ਹੋ ਰਹੀ ਹੈ ਸੰਤ ਜੀ ਉਨ੍ਹਾਂ ਸਭਨਾ ਨੂੰ ਆਪਣੇ ਪੰਜਾਬੀ ਸੂਬੇ ਵਿਚ ਲਿਆ ਵਸਾਉਣਗੇ।

ਸੰਤ ਜੀ ਨੇ ਇਸ ਸੰਭਾਵਨਾ ਨੂੰ ਮੁਸਲਮਾਨਾ ਦੀ ਮਿਸਾਲ ਦੇ ਕੇ ਖੰਡਤ ਕਰਨ ਦਾ ਜਤਨ ਕੀਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪਾਕਿਸਤਾਨ ਬਣਨ ਤੇ ਵੀ ਜੇ ਮੁਸਲਮਾਨ ਹਿੰਦੁਸਤਾਨ ਵਿਚ ਰਹਿ ਸਕਦੇ ਹਨ, ਇਕ ਵਖਰੇ ਦੇਸ਼ ਦੇ ਜੰਮ ਪਲ ਹੋਣ ਤੇ ਵੀ ਹਿੰਦੂ ਜੇ ਦੂਸਰੇ ਮੁਲਕਾਂ ਵਿਚ ਵੱਸ ਸਕਦੇ ਹਨ ਤਾਂ ਸਿੱਖ ਹੀ ਕਿਉਂ ਨਹੀਂ ਪੰਜਾਬੀ ਸੂਬੇ ਤੋਂ ਬਾਹਰ ਦੂਸਰੇ ਸੂਬਿਆਂ ਵਿਚ ਵਸ ਸਕਣਗੇ।

ਇਸ ਦਾ ਅਰਥ ਇਹ ਹੋਇਆ ਕਿ ਪੰਜਾਬੀ ਸੂਬਾ ਬਣਨ ਤੋਂ ਬਾਅਦ ਵੀ ਦੂਸਰੇ ਸੂਬਿਆਂ ਵਿਚ ਵਸਦੇ ਸਿੱਖਾਂ ਨਾਲ ਬੇਇਨਸਾਫ਼ੀਆਂ ਦੂਰ ਕਰਨ ਜਾਂ ਨਾ ਕਰਨ ਦੀ ਜ਼ਿੰਮੇਵਾਰੀ ਪੰਜਾਬੀ ਸੂਬੇ ਦੀ ਅਕਾਲੀ ਸਰਕਾਰ ਦੇ ਸਿਰ ਨਹੀਂ ਹੋਵੇਗੀ ਸਗੋਂ ਉਨ੍ਹਾਂ ਪ੍ਰਦੇਸ਼ ਸਰਕਾਰਾਂ ਦੇ ਸਿਰ ਹੋਵੇਗੀ ਜਿਹਨਾਂ ਵਿਚ ਬੇਇਨਸਾਫ਼ੀ ਦੇ ਸ਼ਿਕਾਰ ਸਿਖ ਰਹਿ ਰਹੇ ਹੋਣਗੇ। ਜੇ ਪੰਜਾਬੀ ਸੂਬਾ ਸਰਕਾਰ ਫਿਰ ਵੀ ਕੇਂਦਰੀ ਸਰਕਾਰ ਅਤੇ ਉਨ੍ਹਾਂ ਪ੍ਰਦੇਸ਼ ਸਰਕਾਰਾਂ ਉਤੇ ਸਿਖਾਂ ਨਾਲ ਬੇਇਨਸਾਫ਼ੀ ਦਾ ਦੋਸ਼ ਲਗਾਏਗੀ ਤਾਂ ਉਹ ਸਰਕਾਰਾਂ ਬੜੀ ਆਸਾਨੀ ਨਾਲ ਕਹਿ ਸਕਣਗੀਆਂ ਕਿ ਆਪਣ ਸਿੱਖਾਂ ਨੂੰ ਆਪਣੇ ਪੰਜਾਬੀ ਸੂਬੇ ਵਿਚ ਲੈ ਜਾਓ।

ਸਿੱਖਾਂ ਦੀ ਕੁਲ ਗਿਣਤੀ ਅੱਸੀ ਪੰਜਾਸੀ ਲੱਖ ਹੈ। ਉਨ੍ਹਾਂ ਵਿਚੋਂ ਕਈ ਲੱਖ ਪੰਜਾਬ ਤੋਂ ਬਾਹਰ ਦੂਸਰੇ ਸੂਬਿਆਂ ਵਿਚ ਰਹਿ ਰਹੇ ਹਨ ਤੇ ਸੰਤ ਜੀ ਦੀਆਂ ਸ਼ਕਾਇਤਾਂ ਦਾ ਸੋਮਾ ਓਹੋ ਪੰਜਾਬ ਤੋਂ ਬਾਹਰ ਰਹਿ ਰਹੇ ਸਿੱਖਾਂ ਨਾਲ ਵਿਤਕਰਾ ਹੀ ਹੈ।

ਇਸ ਸਾਰੀ ਗੱਲ ਬਾਤ ਵਿਚੋਂ ਦੋ ਮੁਖ ਗੱਲਾਂ ਨਿਕਲਦੀਆਂ ਹਨ-(੧) ਜੇ ਪੰਜਾਬੀ ਜ਼ਬਾਨ ਨਾਲ ਧੱਕੇ ਦਾ ਸਵਾਲ ਹੈ ਤਾਂ ਉਸ ਦੇ ਇਲਾਜ ਲਈ ਸਾਰੇ ਪੰਜਾਬ ਵਿਚ ਪੰਜਾਬੀ ਦੀ ਸਰਦਾਰੀ ਦੀ ਪੇਸ਼ਕਸ਼ ਹੈ। (੨) ਸਿੱਖਾਂ ਨਾਲ ਬੇਇਨਸਾਫ਼ੀ ਜਾਂ ਧੱਕੇ ਦਾ ਸਵਾਲ ਹੈ ਤਾਂ ਉਹ ਪੰਜਾਬ ਤੋਂ ਬਾਹਰ ਹੈ। ਉਨ੍ਹਾਂ ਸਿੱਖਾਂ ਲਈ ਸੰਤ ਜੀ ਆਪਣੇ ਪੰਜਾਬੀ ਸੂਬੇ ਵਿਚ ਕੋਈ ਥਾਂ ਤਜਵੀਜ਼ ਨਹੀਂ ਕਰ ਰਹੇ, ਉਹ ਪੰਜਾਬੀ ਸੂਬੇ ਦੀ ਰਚਨਾਂ ਤੋਂ ਬਾਅਦ ਵੀ ਬੇਇਨਸਾਫ਼ੀਆਂ ਵਾਲੇ ਸੂਬਿਆਂ ਵਿਚ ਬੇਇਨਸਾਫ਼ੀਆਂ ਸਹਿਨ ਲਈ ਮਜਬੂਰ ਹੋਣਗੇ।

ਫਿਰ ਪੰਜਾਬੀ ਸੂਬਾ ਕਿਸ ਚੀਜ਼ ਦਾ ਨਾਮ ਹੈ ਤੇ ਉਸ ਵਿਚ ਕਿਨ੍ਹਾਂ ਲੋਕਾਂ ਦਾ ਵਾਸਾ ਹੋਵੇਗਾ?

(੪ ਸਤੰਬਰ ੧੯੬੫)

## ਸਮਝ ਦੀ ਇਕ ਗੱਲ

ਸੰਤ ਫਤੇਹ ਸਿੰਘ ਜੀ ਨੇ ਮਰਨ ਵਰਤ ਮੁਲਤਵੀ ਕਰ ਕੇ ਅਕਾਲੀਆਂ ਦੇ ਇਤਿਹਾਸ ਵਿਚ ਸਮਝ ਦੀ ਇਕ ਗੱਲ ਜੋੜ ਦਿਤੀ ਹੈ—ਭਾਵੇਂ ਕਿ ਬਹੁਤ ਹੀ ਦੇਰ ਕਰਕੇ ਤੇ ਬੜੇ ਹੀ ਬਦਨਾਮ ਹੋ ਕਿ ਜੋੜੀ ਹੈ।

ਇਹ ਮਰਨ ਵਰਤ ਧਰਮ ਲਈ ਨਹੀਂ ਸੀ ਕੌਮ ਲਈ ਵੀ ਨਹੀਂ, ਸਗੋਂ ਕੁਝ ਸਵਾਰਥੀ ਬੰਦਿਆਂ ਦੀ ਜ਼ਾਤ ਨੂੰ ਫਾਇਦਾ ਪੁਚਾਣ ਲਈ ਰੱਖਿਆ ਜਾਣ ਵਾਲਾ ਸੀ। ਜਿੰਨੇ ਦਿਨ ਇਸ ਮਰਨ ਵਰਤ ਤੇ ਸੜ ਮਰਨ ਦੇ ਪ੍ਰਣ ਦੀ ਰਟਨਾ ਚਲਦੀ ਰਹੀ ਹੈ ਓਨੇ ਦਿਨ ਹੀ ਸਿਖਾਂ ਬਾਰੇ ਸ਼ੱਕ ਸ਼ੁਬ੍ਹਾ ਵਧਦੇ ਰਹੇ ਹਨ। ਉਹਨਾਂ ਦਿਨਾਂ ਵਿਚ ਹਰ ਕੋਈ ਇਹ ਸੋਚਣ ਲਈ ਮਜਬੂਰ ਹੋਇਆ ਹੈ ਕਿ ਆਖਰ ਇਹ ਸੌਦੇਬਾਜ਼ੀ ਕਿਉਂ? ਕੀ ਸਿਖ ਬਾਕੀ ਦੇ ਹਿੰਦੁਸਤਾਨ ਨਾਲੋਂ ਵਖਰੇ ਹਨ? ਕੀ ਇਹਨਾਂ ਦੇ ਉਚੇਰੇ ਹੱਕ ਹਕੂਕ ਹੋਣੇ ਹੀ ਚਾਹੀਦੇ ਹਨ?



Sri Satguru Jagjit Singh Ji Elibrary NamdhariElibrary@gmail.com

ਜੇ ਪੰਜਾਬੀ ਜ਼ਬਾਨ ਦੇ ਆਧਾਰ ਉਤੇ ਪੰਜਾਬੀ ਸੂਬੇ ਦੀ ਮੰਗ ਦਾ ਹੀ ਸਵਾਲ ਸੀ ਤਾਂ ਗੁਰਦੁਆਰੇ ਦੀ ਕਿਲੇਬੰਦੀ ਵਿਚ ਹੀ ਮਰਨ ਵਰਤ ਕਿਉਂ ? ਬਾਹਰ ਪੰਜਾਬੀ ਹਿੰਦੂ ਸਿਖ ਜਨਤਾ ਦੇ ਵਿਚਕਾਰ ਰਹਿ ਕੇ ਕਿਉਂ ਨਹੀਂ ? ਕਿਉਂ ਨਹੀਂ ਜਮਹੂਰੀ ਢੰਗਾਂ ਨਾਲ ਸਾਰੀ ਪੰਜਾਬੀ ਜਨਤਾ ਦੀ ਹਮਾਇਤ ਜਿੱਤੀ ਗਈ—ਤੇ ਮਰਨ ਵਰਤ ਅਤੇ ਸੜ ਮਰਨ ਦਾ ਐਲਾਨ ਕਰ ਦਿਤਾ ਗਿਆ।

ਇਹ ਸਾਰੇ ਸਵਾਲ ਇਨ੍ਹਾਂ ਦਿਨਾਂ ਵਿਚ ਉਠੇ ਹਨ । ਇਨ੍ਹਾਂ ਦਾ ਕੋਈ ਜਵਾਬ ਕਿਸੇ ਕੋਲ ਨਹੀਂ ਸੀ। ਦਲੀਲ ਕਿਸੇ ਕੋਲ ਨਹੀਂ ਸੀ।

ਹੁਣ ਸੰਤ ਜੀ ਨੇ ਮਰਨ ਵਰਤ ਤੇ ਸੜ ਮਰਨ ਦਾ ਪਰੋਗਰਾਮ ਅਗਾਂਹ ਪਾ ਦਿਤਾ ਹੈ—ਜਿੰਨਾ ਚਿਰ ਤਕ ਭਾਰਤ ਪਾਕਿਸਤਾਨ ਦੀ ਲੜਾਈ ਚਲਦੀ ਹੈ। ਸ਼ਾਇਦ ਉਹਨਾਂ ਨੇ ਇਹ ਕੰਮ ਕਰਕੇ ਦੇਸ਼ ਉਤੇ ਆਪਣਾ ਅਹਿਸਾਨ ਹੀ ਸਮਝਿਆ ਹੋਵੇ ਪਰ ਅਸਲ ਵਿਚ ਇਹ ਅਹਿਸਾਨ ਕੋਈ ਨਹੀਂ। ਇਕ ਗ਼ਲਤ ਕਦਮ ਚੁਕ ਕੇ ਉਹ ਸਾਰੇ ਸਿੱਖਾਂ ਨੂੰ ਬਦਨਾਮ ਕਰਨ ਜਾ ਰਹੇ ਸਨ। ਉਸ ਗ਼ਲਤੀ ਨੂੰ ਉਹਨਾਂ ਨੇ ਕੁਝ ਚਿਰ ਲਈ ਮੁਲਤਵੀ ਕਰ ਦਿਤਾ ਹੈ।

ਸਾਡੀ ਚਾਹ ਹੈ ਕਿ ਇਸ ਗ਼ਲਤੀ ਨੂੰ ਦੋਹਰਾਨ ਦੀ ਦੂਜੀ ਗ਼ਲਤੀ ਉਹ ਹੁਣ ਨਾ ਕਰਨ। ਪੰਜਾਬੀ ਜ਼ਬਾਨ ਦੀ ਤਰੱਕੀ ਲਈ ਉਹ ਜੋ ਚਾਹੁੰਦੇ ਹਨ ਉਹ ਉਂਜ ਵੀ ਹੋ ਜਾਵੇਗਾ । ਸਿਖਾਂ ਨਾਲ ਵਿਤਕਰੇ ਦੀਆਂ ਸ਼ਕਾਇਤਾਂ ਵੀ ਬਿਨਾਂ ਮਰਨ ਵਰਤਾਂ ਤੋਂ ਹੀ ਹਟ ਜਾਣਗੀਆਂ। ਸਾਨੂੰ ਯਕੀਨ ਹੈ ਕਿ ਪੰਜਾਬੀ ਸੂਬੇ ਦੇ ਨਾਮ ਉਤੇ ਸਿਖ ਸਟੇਟ ਦਾ ਸੁਪਨਾ ਕਿਸੇ ਅਕਾਲੀ ਦਾ ਕਦੇ ਪੂਰਾ ਨਹੀਂ ਹੋਵੇਗਾ ।

(੧੧ ਸਤੰਬਰ ੧੯੬੫)

## ਵਿਚਾਰੇ ਸੰਤ ਜੀ

ਕਿਸੇ ਮਨੁਖ ਦੇ ਭਾਗਾਂ ਵਿਚ ਅਜਿਹੀ ਵਿਚਿਤਰਤਾ ਲਿਖੀ ਹੁੰਦੀ ਹੈ।

ਸੰਤ ਫਤੇਹ ਸਿੰਘ ਜੀ ਬਾਰੇ ਚਾਰ ਕੁ ਸਾਲ ਪਹਿਲਾਂ ਇਹ ਕੋਈ ਨਹੀਂ ਸੀ ਜਾਣਦਾ ਕਿ ਇਹ ਕਦੀ ਸਿਆਸਤ ਦੇ ਖਿਲਾੜੀ ਬਣ ਕੇ ਅਕਾਲੀ ਪੰਥ ਦੀ ਵਾਗ-ਡੋਰ ਸੰਭਾਲਣਗੇ ਤੇ ਆਪਣੀ ਸਰਕਾਰ ਨਾਲ ਹੀ ਮੋਰਚਾ ਲੈਣਗੇ । ਸੰਤ ਜੀ ਸਹਿਜ ਸੰਤ ਬਿਰਤੀ ਦੇ ਮਨੁੱਖ ਸਨ, ਧਰਮਸ਼ਾਲਾਵਾਂ ਤੇ ਸਕੂਲ ਬਣਵਾ ਕੇ ਧਰਮ-ਕਰਮ ਵਿਚ ਆਪਣੇ ਆਪਨੂੰ ਲਗਾਈ ਰੱਖਦੇ ਤੇ ਦੇਸ਼ ਦੀ ਸੇਵਾ ਕਰਦੇ ਸਨ।

ਤਾਂਹੀਏਂ ਖਬਰ ਇਸ ਸੇਵਾ ਬਿਰਤੀ ਵਿਚ ਲਗਿਆਂ ਹੋਇਆਂ ਉੱਤੇ ਸਿਆਸਤਦਾਨਾਂ ਦੀ ਨਜ਼ਰ ਜਾ ਟਿਕੀ। ਨਜ਼ਰ ਕੀ ਟਿਕੀ—ਸੇਵਾ ਭਾਵਨਾ ਨੂੰ ਹੀ ਨਜ਼ਰ ਲਗ ਗਈ। ਸੰਤ ਜੀ ਧਰਮ-ਕਰਮ ਦੇ ਖੇਤਰ ਵਿਚੋਂ ਨਿਕਲ ਕੇ ਸਿਆਸੀ ਮੈਦਾਨ ਵਿਚ ਲੈ ਆਂਦੇ ਗਏ।

ਮਾਸਟਰ ਤਾਰਾ ਸਿੰਘ ਦੇ ਹੁਕਮ ਨਾਲ ਆਪ ਪੰਜਾਬੀ ਸੂਬੇ ਦੇ ਡਿਕਟੇਟਰ ਬਣਾ ਦਿਤੇ ਗਏ, ਮਰਨ-ਵਰਤ ਰਖਵਾ ਦਿੱਤਾ ਤੇ ਫਿਰ ਇਕ ਦਿਨ ਮਾਸਟਰ ਜੀ ਦੇ ਹੁਕਮ ਨਾਲ ਹੀ ਮਰਨ-ਵਰਤ ਖੋਹਲ ਵੀ ਦਿੱਤਾ।

ਜਦੋਂ ਸਿਆਸਤ ਵਿਚ ਆ ਹੀ ਗਏ ਤਾਂ ਸਾਰਾ ਜੀਵਨ ਚਰਿਤਰ ਹੀ ਇਕ ਸਿਆਸੀ ਖੇਡ ਬਣ ਗਿਆ । ਮਾਸਟਰ ਜੀ ਨੇ ਜਾਂ ਮਾਸਟਰ ਜੀ ਦੇ ਪੁਰਾਣੇ ਅਥਵਾ ਨਵੇਂ ਸਿਆਸੀ ਸਾਥੀਆਂ ਨੇ ਜੋ ਕਿਹਾ ਕਰੀ ਗਏ। ਸੰਤ ਜੀ ਚਿਟਾ ਸਫੇਦ ਦਸਤਾਰਾ ਸਜਾਉਂਦੇ ਸਨ। ਅਕਾਲੀ ਸਿਆਸਤਦਾਨਾਂ ਨੇ ਕਿਹਾ ਤਾਂ ਕੁਝ ਚਿਰਲਈ ਨੀਲਾ ਦਸਤਾਰਾ ਸਜਾ ਲਿਆ। ਇਸ ਆਗਿਆਕਾਰੀ ਦੇ ਬਦਲੇ ਵਿਚ ਆਪ ਨੂੰ ਮੁਕਾਬਲੇ ਦੇ ਅਕਾਲੀ ਦਲ ਜਾਂ ਅਕਾਲੀ ਪੰਥ ਦਾ ਪਰਧਾਨ ਪਦ ਮਿਲਿਆ। ਸਿਆਸਤਦਾਨਾਂ ਨੇ ਕਿਹਾ ਮਰਨ ਵਰਤ ਰਖ ਲਓ ਤੇ ਸੜ ਮਰਨ ਦਾ ਐਲਾਨ ਕਰ ਦਿਓ, ਸੰਤ ਜੀ ਨੇ ਇੰਜ ਹੀ ਕੀਤਾ। ਅਤੇ ਫਿਰ ਅਕਾਲੀਆਂ ਦੇ ਕੁਝ ਲੀਡਰਾਂ ਨੇ ਕਿਹਾ ਮਰਨ ਵਰਤ ਨਾ ਰਖੋ, ਸੰਤ ਜੀ ਨੇ ਸਤਿ ਬਚਨ ਕਹਿ ਕੇ ਉਹ ਇਰਾਦਾ ਹੀ ਬਦਲ ਦਿਤਾ।

ਉਸ ਤੋਂ ਬਾਅਦ ਸੰਤ ਜੀ ਨੇ ਫਤੇਹ ਸਿੰਘ ਮੁਰਦਾਬਾਦ ਦੇ ਨਾਅਰੇ ਸੁਣੇ। ਅਕਾਲੀ ਦਲ ਵਲੋਂ ਹੀ ਇਹ ਫੁਰਮਾਨ ਵੀ ਸੁਣਿਆਂ ਕਿ ਸੰਤ ਫਤੇਹ ਸਿੰਘ ਨੂੰ ਅਕਾਲੀ ਦਲ ਵਿਚੋਂ ਕਢ ਦਿਤਾ ਗਿਆ ਹੈ।

ਸੰਤ ਜੀ ਕੀ ਆਖਣ ? ਸਿਆਸੀ ਚਿਕੜ ਵਿਚ ਫਸ ਕੇ ਇਕ ਭਲੇ ਆਦਮੀ ਦਾ ਜੋ ਹਾਲ ਹੋ ਸਕਦਾ ਹੈ ਸੰਤ ਜੀ ਨਾਲ ਉਸ ਤੋਂ ਵਖ ਨਹੀਂ ਹੋਇਆ।

ਇਸ ਹਾਲਤ ਵਿਚ ਏਸ ਤੋਂ ਵਖ ਨਤੀਜਾ ਹੋ ਵੀ ਨਹੀਂ ਸੀ ਸਕਦਾ। ਸਿਆਸਤ ਕੋਈ ਮਾੜੀ ਚੀਜ਼ ਨਹੀਂ, ਪਰ ਜੇ ਇਸ ਨਾਲ ਧਰਮ ਬਲ ਹੋਵੇ ਤਾਂ । ਸਿਖ ਗੁਰੂਆਂ ਦੀ ਪਰੰਪਰਾ ਧਰਮ ਤੇ ਸਿਆਸਤ ਦੇ ਸੁਮੇਲ ਦੀ ਰਹੀ ਹੈ, ਏਸ ਲਈ ਬੜੀਆਂ ਵਿਪਰੀਤ ਹਾਲਤਾਂ ਵਿਚ ਵੀ ਸਿੱਖ ਚੜ੍ਹਦੀ ਕਲਾ ਵਿਚ ਹੀ ਰਹੇ ਹਨ। ਪਰ ਜਦੋਂ ਤੋਂ ਅੰਗਰੇਜ਼ ਦੇ ਸੰਗ ਸਾਥ ਵਿਚ ਸਿੱਖਾਂ ਵਿਚ ਧਰਮ ਕਰਮ ਤੋਂ ਰਹਿਤ ਨਿਰੋਲ ਸਿਆਸੀ ਖੇਡ ਸ਼ੁਰੂ ਹੋਈ ਹੈ-ਓਦੋਂ ਤੋਂ ਹੀ ਹਾਲਤ ਬਦਲਦੀ ਚਲੀ ਗਈ ਹੈ। ਅਕਾਲੀਆਂ ਦੀ ਸਾਰੀ ਲੜਾਈ ਚੌਧਰਾਂ ਦੀ ਤੇ ਸਵਾਰਥਾਂ ਦੀ ਬਣ ਕੇ ਰਹਿ ਗਈ ਹੈ।



Sri Satguru Jagjit Singh Ji Elibrary NamdhariElibrary@gmail.com

ਪਹਿਲੀਆਂ ਦੋ ਵਡੀਆਂ ਜੰਗਾਂ ਵਿਚ ਅਕਾਲੀਆਂ ਜਾਂ ਅਕਾਲੀਆਂ ਦੇ ਪੁਰਖਿਆਂ ਨੇ ਅੰਗਰੇਜ਼ਾਂ ਦਾ ਡਟ ਕੇ ਸਾਥ ਦਿੱਤਾ। ਆਸ ਸੀ ਕਿ ਅਜ਼ਾਦੀ ਤੋਂ ਬਾਅਦ ਹੀ ਇਹ ਸਿਲਸਿਲਾ ਬਦਲ ਜਾਏਗਾ, ਪਰ ਰੀਤ ਕਿਵੇਂ ਬਦਲੇ ?

ਅੱਜ ਸਾਰਾ ਦੇਸ ਪਾਕਿਸਤਾਨ ਨਾਲ ਜੰਗ ਦੇ ਮੋਰਚੇ ਉੱਤੇ ਜੁਝ ਰਿਹਾ ਹੈ। ਅਕਾਲੀ ਲੀਡਰਾਂ ਨੇ ਇਸ ਸੰਕਟ ਤੋਂ ਫਾਇਦਾ ਉਠਾਉਣ ਬਾਰੇ ਸੋਚਿਆ ਤੇ ਸੰਤ ਫਤੇਹ ਸਿੰਘ ਜੀ ਨੂੰ ਦੇਸ਼ ਭਰ ਵਿਚ ਫਿਰਕੂ ਫਸਾਦਾਂ ਦਾ ਕਾਰਨ ਬਣਾਉਣ ਦਾ ਫੈਸਲਾ ਕਰ ਲਿਆ।

ਭਲੇ ਨੂੰ ਸੰਤ ਜੀ ਦੀ ਸਮਝ ਵਿਚ ਇਹ ਗੱਲ ਆ ਗਈ। ਉਨ੍ਹਾਂ ਦੇ ਅੰਦਰੋਂ ਦੇਸ਼ ਭਗਤੀ ਜਾਗੀ ਤੇ ਉਹਨਾਂ ਨੇ ਆਪਣਾ ਫੈਸਲਾ ਬਦਲ ਲਿਆ ਹੈ। ਪਰ ਅਕਾਲੀ ਲੀਡਰ ਅੱਜ ਵੀ ਅਪਣੀ ਓਸੇ ਨੀਤੀ ਉਤੇ ਡਟੇ ਹੋਏ ਹਨ। ਉਹ ਇਸ ਸੰਕਟ ਦੇ ਸਮੇਂ ਖਾਲਸ ਤਮਾਸ਼ਾਈ ਬਣ ਕੇ ਖੜੇ ਹਨ। ਮਾਸਟਰ ਤਾਰਾ ਸਿੰਘ ਚੁਪ ਹਨ, ਸੰਤ ਫਤੇਹ ਸਿੰਘ ਜੀ ਨੂੰ ਬੋਲਣ ਨਹੀਂ ਦਿਤਾ ਜਾ ਰਿਹਾ। ਇੰਜ ਦਾ ਰਵਈਆ ਅਖਤਿਆਰ ਕੀਤਾ ਜਾ ਰਿਹਾ ਹੈ ਜਿਵੇਂ ਜਿਵੇਂ ਇਸ ਦੇਸ਼ ਨਾਲ ਇਹਨਾਂ ਦਾ ਕੋਈ ਸਬੰਧ ਨਹੀਂ।

ਸਿਖ ਸਮੂਹ ਤੌਰ ਤੇ ਇਸ ਵੇਲੇ ਸਰਕਾਰ ਦੇ ਨਾਲ ਹਨ, ਸਿਖ ਜਵਾਨ ਇਸ ਵੇਲੇ ਦੁਸ਼ਮਨ ਦੇ ਜਬਾੜੇ ਤੋੜ ਰਹੇ ਹਨ, ਪਰ ਅਕਾਲੀ ਲੀਡਰ ਅਲਗ ਥਲਗ ਖੜੇ ਰਹਿ ਕੇ ਇਕ ਵਾਰੀ ਫੇਰ ੧੯੨੯ ਵਾਲੀ ਕਹਾਣੀ ਦੁਹਰਾਉਣਾ ਚਾਹੁੰਦੇ ਹਨ। ਓਦੋਂ ਵੀ ਅਕਾਲੀ ਦਲ ਦੇ ਪਰਧਾਨ ਬਾਬਾ ਖੜਕ ਸਿੰਘ ਜੀ ਨੇ ਲਾਹੌਰ ਦੇ ਕਾਂਗਰਸ ਸਮਾਗਮ ਦਾ ਬਾਈਕਾਟ ਕਰਨ ਦਾ ਨਾਅਰਾ ਦਿੱਤਾ ਸੀ। ਉਹਨਾਂ ਨੇ ਹਰੇਕ ਸਿਖ ਨੂੰ ਹੁਕਮ ਦਿਤਾ ਸੀ ਕਿ ਜਿਹੜਾ ਉਸ ਸਮਾਗਮ ਵਿਚ ਸ਼ਾਮਲ ਹੋਵੇਗਾ। ਉਸ ਨੂੰ ਪੰਥ ਵਿਚੋਂ ਕਢ ਦਿਤਾ ਜਾਵੇਗਾ।

ਫਿਰ ਵੀ ਹਜ਼ਾਰਾਂ ਲਖਾਂ ਦੀ ਗਿਣਤੀ ਵਿਚ ਸਿਖ ਉਸ ਸਮਾਗਮ ਵਿਚ ਸ਼ਾਮਲ ਹੋਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਨਾਮਧਾਰੀ ਸਿੰਘਾਂ ਨੇ ਜਵਾਹਰ ਲਾਲ ਦੇ ਜਲੂਸ ਦੀ ਅਗਵਾਈ ਕੀਤੀ ਸੀ। ਨਾਮਧਾਰੀਆਂ ਨੇ ਸਾਰੇ ਸਮਾਗਮ ਦੇ ਕੁਲ ਦਰਸ਼ਕਾਂ ਲਈ ਲੰਗਰ ਚਲਾਇਆ ਸੀ ਤੇ ਓਸੇ ਸਮਾਗਮ ਵਿਚ ਹੀ ਦੇਸ਼ ਦੀ ਪੂਰਨ ਅਜ਼ਾਦੀ ਦਾ ਪ੍ਰਸਤਾਓ ਪਾਸ ਹੋਇਆ ਸੀ।

ਸਿਖ ਅਜ ਵੀ ਮੋਰਚਿਆਂ ਉਤੇ ਹਨ—ਪਰ ਅਕਾਲੀ ਲੀਡਰ ਅਜ ਵੀ ਦਰਬਾਰ ਸਾਹਿਬ ਦੀ ਚਾਰ ਦੀਵਾਰੀ ਵਿਚ ਬੈਠੇ ਦੇਸ਼ ਨਾਲ ਉਪਰਾਮਤਾ ਦਾ ਮੁਜ਼ਾਹਰਾ ਕਰ ਰਹੇ ਹਨ।

(੧੪ ਸਤੰਬਰ ੧੯੬੫)

## ਹੁਣ ਪੰਜਾਬੀ ਸੂਬੇ ਦਾ ਸਵਾਲ

ਭਾਰਤ ਸਰਕਾਰ ਨੇ ਪਾਕਿਸਤਾਨ ਨਾਲ ਜੰਗ ਬੰਦੀ ਦਾ ਐਲਾਨ ਕਰਦਿਆਂ ਹੀ ਪੰਜਾਬੀ ਸੂਬੇ ਦੇ ਸਵਾਲ ਨੂੰ ਪਹਿਲ ਦੇ ਕੇ ਜਿਸ ਚੁਸਤੀ ਦਾ ਸਬੂਤ ਦਿਤਾ ਹੈ ਉਹ ਪਰਸ਼ੰਸਾ ਯੋਗ ਹੈ।

ਜਿਹੜੇ ਨਿਕੇ ਨਿਕੇ ਸਵਾਲ, ਲੋਕਾਂ ਦੇ ਜਵਾਬ ਖੁਣੋ ਸਾਲਾਂ ਬੱਧੀ ਲਟਕਦੇ ਰਹਿੰਦੇ ਹਨ ਉਹੋ ਹੀ ਇਕ ਅਰਸੇ ਤੋਂ ਬਾਅਦ ਵਡੀ ਬੇਚੈਨੀ ਦਾ ਕਾਰਨ ਬਣ ਜਾਂਦੇ ਹਨ। ਭਾਸ਼ਾ ਦੇ ਆਧਾਰ ਉਤੇ ਸੂਬਿਆਂ ਦੀ ਹੱਦ ਬੰਦੀ ਦਾ ਸਵਾਲ-ਵੀ ਉਨ੍ਹਾਂ ਸਵਾਲਾਂ ਵਿਚੋਂ ਇਕ ਹੈ—ਜਿਸ ਨੇ ਦੇਸ਼ ਭਰ ਵਿਚ ਵਡੀ ਤੋਂ ਵਡੀ ਬੇਚੈਨੀ ਪੈਦਾ ਕੀਤੀ ਹੈ, ਹਜ਼ਾਰਾਂ ਲੋਕਾਂ ਨੂੰ ਇਸੇ ਸਵਾਲ ਦਾ ਜਵਾਬ ਲੈਣ ਲਈ ਜੇਹਲਾਂ ਵਿਚ ਜਾਣਾ ਪਿਆ ਹੈ, ਸੈਂਕੜੇ ਪ੍ਰਾਣੀਆਂ ਨੇ ਏਸੇ ਸਵਾਲ ਦਾ ਜਵਾਬ ਮੰਗਦਿਆਂ ਬੰਦੂਕਾਂ ਦੀਆਂ ਗੋਲੀਆਂ ਖਾ ਖਾ ਕੇ ਪ੍ਰਾਣ ਦੇ ਦਿਤੇ ਹਨ, ਦੇਸ਼ ਭਰ ਵਿਚ ਲੱਖਾਂ ਕਰੋੜਾਂ ਰੁਪਇਆਂ ਦੀ ਸੰਪੱਤੀ ਦਾ ਨੁਕਸਾਨ ਹੋਇਆ ਹੈ—ਪਰ ਇਹ ਸਵਾਲ ਅੱਜ ਵੀ ਜਿਉਂ ਦਾ ਤਿਉਂ ਖੜਾ ਹੈ। ਭਾਰਤ ਸਰਕਾਰ ਨੇ ਇਸ ਸਵਾਲ ਨੂੰ ਵੱਖ ਵੱਖ ਥਾਂਈਂ ਮਜਬੂਰੀ ਦੀ ਹਾਲਤ ਵਿਚ ਨਜਿਠਿਆ ਹੈ, ਇਸ ਬਾਰੇ ਕੋਈ ਨਿਸਚਿਤ ਕੌਮੀ ਨੀਤੀ ਨਹੀਂ ਬਣਾਈ।

ਆਂਧਰਾ ਪ੍ਰਦੇਸ਼ ਬਣਾਉਣਾ ਮੰਨਿਆ ਤਾਂ ਆਂਧਰਾ ਪ੍ਰਦੇਸ਼ ਵਿਚ ਅਤਿ ਦੀ ਬੇਚੈਨੀ ਅਤੇ ਅੰਦੋਲਣ ਚਲਣ ਕਰਕੇ। ਸੰਯੁਕਤ ਮਹਾਂਰਾਸ਼ਟਰ ਬਣਾਉਣਾ ਮੰਨਿਆਂ ਤਾਂ ਬੰਬਈ-ਗੁਜਰਾਤ ਵਿਚ ਅਤਿ ਦੇ ਫਸਾਦ ਹੋ ਜਾਣ ਕਰਕੇ। ਇਸ ਤਰ੍ਹਾਂ ਦੇਸ਼ ਦੀਆਂ ਛੋਟੀਆਂ ਛੋਟੀਆਂ ਇਕਾਈਆਂ ਦੇ ਅਧਾਰ ਉਤੇ—ਸਥਾਨਕ ਅੰਦੋਲਣਾਂ ਦੇ ਦਬਾਅ ਹੇਠ ਆਣ ਕੇ ਸਰਕਾਰ ਨੇ ਭਾਸ਼ਾਈ ਆਧਾਰ ਉਤੇ ਕੁਝ ਸੂਬਿਆਂ ਦੀ ਰਚਨਾ ਪਰਵਾਨ ਕੀਤੀ।

ਇਸੇ ਆਧਾਰ ਉਤੇ ਪੰਜਾਬ ਵਿਚੋਂ ਵੀ ਇਕ ਅੰਦੋਲਣ ਉਠਿਆ। ਪਰ ਚੂੰਕਿ ਸਰਕਾਰ ਦੀ ਇਸ ਬਾਰੇ ਕੋਈ ਨਿਸ਼ਚਿਤ ਕੌਮੀ ਨੀਤੀ ਨਹੀਂ ਸੀ—ਇਸ ਲਈ ਕੋਈ ਸੰਤੋਖ ਜਨਕ ਹੱਲ ਨਾ ਨਿਕਲ ਸਕਿਆ। ਪੰਜਾਬ ਵਿਚ ਸਰਕਾਰ ਨੇ ਇਸ ਸਵਾਲ ਨੂੰ ਉਠਣੋ ਰੋਕਣ ਲਈ ਸਾਰਾ ਤਾਣ ਲਗਾਇਆ ਹੈ। ਪਰਲੋਕ ਵਾਸੀ ਸਰਦਾਰ ਪਰਤਾਪ ਸਿੰਘ ਕੈਰੋਂ ਨੂੰ ਤਾਂ ਫੌਲਾਦੀ



Sri Satguru Jagjit Singh Ji Elibrary NamdhariElibrary@gmail.com

ਇਨਸਾਨ ਅਤੇ ਦ੍ਰਿੜ੍ਹ ਮੁਖ ਮੰਤਰੀ ਹੋਣ ਦੇ ਸਨਮਾਨਤ ਸੰਬੋਧਨ ਹੀ ਇਸ ਕਰਕੇ ਮਿਲੇ ਕਿ ਉਨ੍ਹਾਂ ਨੇ ਪੰਜਾਬੀ ਸੂਬੇ ਲਈ ਚਲੇ ਅੰਦੋਲਨਾਂ ਨੂੰ ਬੁਰੀ ਤਰ੍ਹਾਂ ਕੁਚਲ ਦਿਤਾ ਸੀ। ਪਿਛਲੇ ਦਿਨੀਂ ਸੰਤ ਫਤੇਹ ਸਿੰਘ ਜੀ ਨੇ ਇਸੇ ਸਵਾਲ ਨੂੰ ਲੈ ਕੇ ਮੁੜ ਮਰਨ ਵਰਤ ਰੱਖਣ ਤੇ ਸੜ ਮਰਨ ਦਾ ਐਲਾਨ ਕਰਕੇ ਭਾਰਤ ਸਰਕਾਰ ਨੂੰ ਇਕ ਅਜਿਹੀ ਚੁਨੌਤੀ ਦਿਤੀ ਸੀ ਜਿਸ ਦਾ ਸਹੀ ਜਵਾਬ ਸਰਕਾਰ ਕੋਲ ਕੋਈ ਨਹੀਂ ਸੀ। ਸਰਕਾਰ ਉਸ ਬੇਚੈਨੀ ਤੋਂ ਘਬਰਾਉਂਦੀ ਵੀ ਸੀ ਜਿਹੜੀ ਬੇਚੈਨੀ—ਸੰਤ ਜੀ ਦੀ ਮੌਤ ਨਾਲ ਪੰਜਾਬ ਵਿਚ ਪੈਦਾ ਹੋ ਸਕਦੀ ਹੈ—ਪਰ ਚੂੰਕਿ ਸਰਕਾਰ ਦੀ ਭਾਸ਼ਾਈ ਸੂਬਿਆਂ ਬਾਰੇ ਕੋਈ ਨਿਸਚਿਤ ਕੌਮੀ ਨੀਤੀ ਨਹੀਂ—ਇਸ ਲਈ ਕੁਝ ਕਰਨੋ ਵੀ ਆਪਣੇ ਆਪ ਨੂੰ ਅਸਮਰਥ ਪਾ ਰਹੀ ਹੈ।

ਏਡਾ ਵਡਾ ਇਹ ਦੇਸ਼, ਏਡੀ ਸਮਝਦਾਰ ਤੇ ਤਾਕਤਵਰ ਇਹ ਸਰਕਾਰ—ਜਿਹੜੀ ਕਿ ਪਾਕਿਸਤਾਨ ਤੇ ਚੀਨ ਰਾਹੀਂ ਮਿਲੇ ਸਾਮਰਾਜੀ ਚੈਲਿੰਜ ਦਾ ਸਮਝਦਾਰੀ ਅਤੇ ਦਰਿੜ੍ਹਤਾ ਨਾਲ ਸਾਹਮਣਾ ਕਰਨ ਵਿਚ ਸਫਲ ਹੋਈ ਹੈ—ਭਾਸ਼ਾਈ ਸੂਬਿਆਂ ਦੀ ਰਚਨਾ ਬਾਰੇ ਕੋਈ ਸਪਸ਼ਟ, ਨਿਸਚਿਤ ਕੌਮੀ ਨੀਤੀ ਨਾ ਬਣਾ ਸਕੇ ਤਾਂ ਇਸ ਤੋਂ ਵਧ ਤਰਸ-ਯੋਗ ਹਾਲਤ ਹੋਰ ਕੀ ਹੋ ਸਕਦੀ ਹੈ?

ਪਾਕਿਸਤਾਨੀ ਹਮਲੇ ਕਾਰਨ ਪੈਦਾ ਹੋਈ ਖਤਰਨਾਕ ਹਾਲਤ ਦਾ ਵਾਸਤਾ ਪਾ ਕੇ ਭਾਰਤ ਸਰਕਾਰ ਨੇ ਸੰਤ ਫਤੇਹ ਸਿੰਘ ਜੀ ਨੂੰ ਮਰਨ ਵਰਤ ਦਾ ਫੈਸਲਾ ਛੱਡਣ ਲਈ ਆਖਿਆ ਸੀ ਤੇ ਸੰਤ ਜੀ ਨੇ—ਭਾਵੇਂ ਦੇਰ ਨਾਲ ਸਹੀ—ਉਹ ਗੱਲ ਮੰਨ ਕੇ ਇਕ ਜ਼ਿੰਮੇਵਾਰ ਅਤੇ ਦੇਸ਼ ਭਗਤ ਨੇਤਾ ਦਾ ਚਰਿਤਰ ਪ੍ਰਗਟਾਇਆ ਸੀ।

ਪਾਕਿਸਤਾਨ ਨਾਲ ਜੰਗ ਵਿਚ ਭਾਰਤ ਨੇ ਜਿਥੇ ਬੇਅੰਤ ਜਵਾਨ ਲਹੂ ਡੋਹਲਕੇ ਕੁਰਬਾਨੀਆਂ ਦਾ ਇਕ ਨਵਾਂ ਇਤਿਹਾਸ ਰਚਿਆ ਹੈ—ਓਥੇ ਇਸ ਜੰਗ ਨੇ ਸਾਨੂੰ ਬਹੁਤ ਕੁਝ ਸਿਖਾਇਆ ਤੇ ਬੜਾ ਕੁਝ ਹਾਸਿਲ ਕਰਕੇ ਦਿੱਤਾ ਹੈ। ਇਸ ਜੰਗ ਵਿਚ ਦੇਸ਼ ਨੇ ਜਿਸ ਕੌਮੀ ਏਕਤਾ ਦਾ ਸਬੂਤ ਦਿੱਤਾ ਹੈ, ਜਿਸ ਮਜ਼ਹਬੀ ਭਾਈਚਾਰੇ ਨੂੰ ਪ੍ਰਗਟਾਇਆ ਹੈ—ਜਿਵੇਂ ਇਕ ਇਕ ਭਾਰਤ ਵਾਸੀ ਦੇ ਹਿਰਦੇ ਦੀ ਧੜਕਣ ੪੭ ਕਰੋੜ ਭਾਰਤ ਵਾਸੀਆਂ ਦੇ ਹਿਰਦੇ ਵਿਚੋਂ ਸੁਣੀ ਗਈ ਹੈ—ਇਹ ਇਕ ਬੇਮਿਸਾਲ ਪ੍ਰਾਪਤੀ ਹੈ। ਇਸ ਜੰਗ ਨੇ ਸਾਨੂੰ ਇਹ ਦੱਸ ਦਿਤਾ ਹੈ ਕਿ ਇਸ ਦੇਸ਼ ਵਿਚ ਵੱਸਣ ਵਾਲੇ ਹਰ ਭਾਰਤੀ ਦਾ ਜੀਵਨ-ਮਰਨ ਸਾਂਝਾ ਹੈ। ਇਹ ਦੇਸ਼ ਨਾ ਹਿੰਦੂ ਦਾ ਹੈ ਨਾ ਮੁਸਲਮਾਨ ਦਾ ਹੈ ਨਾ ਸਿੱਖਾਂ ਦਾ ਹੈ, ਨਾ ਪਾਰਸੀਆਂ ਦਾ ਹੈ ਤੇ ਨਾ ਈਸਾਈਆਂ ਦਾ ਹੈ ਇਹ ਦੇਸ਼ ਜੇ ਕਿਸੇ ਦਾ ਹੈ ਤਾਂ ਸਾਰਿਆਂ ਦਾ ਹੈ। ਹਰ ਧਰਮ ਵਾਲੇ ਦਾ, ਹਰ ਜ਼ਬਾਨ ਵਾਲੇ ਦਾ। ਇਸ ਦੇਸ਼ ਦੇ ਸਾਰੇ ਹੀ ਸਾਂਝੇ ਮਾਲਿਕ ਹਨ। ਏਥੇ ਕਿਸੇ ਦੇ ਵੀ ਆਤਮ ਨਿਰਣੇ ਦਾ ਕੋਈ ਸਵਾਲ ਨਹੀਂ, ਏਥੇ ਕੋਈ ਇਕਾਈ ਕਸ਼ਮੀਰੀਆਂ ਤੇ ਨਾਗਿਆਂ ਸਮੇਤ ਆਤਮ ਨਿਰਣੇ ਦਾ ਰੌਲਾ ਪਾਕੇ ਸਮੁਚੇ ਦੇਸ਼ ਨਾਲੋਂ ਅੱਡ ਹੋ ਕੇ ਜਿਉ ਨਹੀਂ ਸਕਦੀ। ਇਸ ਜੰਗ ਵਿਚ ਜਿਵੇਂ ਹਿੰਦੂਆਂ ਸਿੱਖਾਂ ਮੁਸਲਮਾਨਾਂ ਈਸਾਈਆਂ ਤੇ ਪਾਰਸੀਆਂ ਨੇ ਮੋਢੇ ਨਾਲ ਮੋਢਾ ਜੋੜ ਕੇ ਪਾਕਿਸਤਾਨ ਦਾ ਮੁਕਾਬਲਾ ਕੀਤਾ ਤੇ ਸਮੁਚੇ ਦੇਸ਼ ਦੀ ਆਜ਼ਾਦੀ ਲਈ ਆਪਣੇ ਲਹੂ ਦੀ ਮਿਲਵੀਂ ਧਾਰਾ ਵਹਾਈ ਹੈ—ਉਸ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਸ ਦੇਸ਼ ਉੱਤੇ ਸਭ ਦਾ ਬਰਾਬਰ ਦਾ ਹੱਕ ਹੈ—ਕੋਈ ਇਸ ਨਾਲੋਂ ਵੱਖਰਾ ਹੋ ਕੇ ਆਪਣੇ ਢਾਈਆਂ ਇਟਾਂ ਦੇ ਘਰ ਬਨਾਉਣ ਦੀ ਗੱਲ ਨਾ ਸੋਚੇ।

ਗ੍ਰਹਿ ਮੰਤਰੀ ਸ੍ਰੀ ਨੰਦਾ ਨੇ ਕਲ ਪਾਰਲੀਮੈਂਟ ਵਿਚ ਪੰਜਾਬੀ ਸੂਬੇ ਨਾਲ ਸਬੰਧਤ ਸਵਾਲਾਂ ਬਾਰੇ ਵਿਚਾਰ ਕਰਨ ਲਈ ਜਿਹੜੀ ਵਜ਼ਾਰਤੀ ਕਮੇਟੀ ਬਨਾਉਣ ਦਾ ਐਲਾਨ ਕੀਤਾ ਹੈ—ਉਸ ਬਾਰੇ ਸੁਣ ਕੇ ਦੇਸ਼ ਭਰ ਦੇ ਲੋਕਾਂ ਨੂੰ ਤਸੱਲੀ ਹੋਈ ਹੈ। ਇਸ ਕਮੇਟੀ ਵਿਚ ਸ੍ਰੀਮਤੀ ਇੰਦਰਾਗਾਂਧੀ, ਸ੍ਰੀ ਵਾਈ. ਬੀ. ਚਵਾਨ ਤੇ ਸ੍ਰੀ ਮਹਾਵੀਰ ਤਿਆਗੀ ਹਨ। ਇਸ ਦੇ ਨਾਲ ਹੀ ਸਰਦਾਰ ਹੁਕਮ ਸਿੰਘ ਜੀ ਦੀ ਪਰਧਾਨਗੀ ਹੇਠ ਇਕ ਪਾਰਲੀਮੈਂਟਰੀ ਕਮੇਟੀ ਵੀ ਏਸੇ ਮਸਲੇ ਨੂੰ ਨਜਿੱਠਣ ਵਾਸਤੇ ਬਣਾ ਦਿਤੀ ਗਈ ਹੈ। ਇਨ੍ਹਾਂ ਕਮੇਟੀਆਂ ਦਾ ਫਰਜ਼ ਹੋਵੇਗਾ ਕਿ ਪੰਜਾਬੀ ਸੂਬੇ ਤੇ ਉਸ ਨਾਲ ਸਬੰਧਤ ਸਾਰੇ ਸਵਾਲਾਂ ਦਾ ਕੋਈ ਸਰਬ ਸੰਮਤ ਹੱਲ ਲੱਭਣ ਤੇ ਭਾਸ਼ਾਈ ਪ੍ਰਾਂਤਾਂ ਦੇ ਸਵਾਲਾਂ ਨੂੰ ਸਦਾ ਲਈ ਹਲ ਕਰ ਦੇਣ। ਇਸ ਵਿਚ ਹਰ ਕਿਸੇ ਦੇ ਸਹਿਯੋਗ ਦੀ ਲੋੜ ਹੈ।

(੨੫ ਸਤੰਬਰ ੧੯੬੫)

## ਆਸਾਮ ਵਿਚ ਬੰਗਾਲੀਆਂ ਦਾ ਕਤਲੇ-ਆਮ

ਅਜ ਕਲ ਪੰਜਾਬੀ ਸੂਬੇ ਬਾਰੇ ਦੇਸ਼ ਵਿਚ ਚਰਚਾ ਹੈ। ਭਾਰਤ ਵਲੋਂ ਇਸ ਸਵਾਲ ਨੂੰ ਹੱਲ ਕਰਨ ਲਈ ਬਣਾਈਆਂ ਕਮੇਟੀਆਂ ਦਾ ਕੰਮ ਸ਼ੁਰੂ ਹੋਣ ਵਾਲਾ ਹੈ। ਪੰਜਾਬੀ ਸੂਬੇ ਦੇ ਹਮਾਇਤੀ ਤੇ ਮੁਖਾਲਫ ਪੰਜਾਬ ਤੇ ਦਿੱਲੀ ਵਿਚ ਭਜ ਦੌੜ ਕਰ ਰਹੇ ਹਨ। ਪੰਜਾਬ ਕਾਂਗਰਸ ਦੇ ਬਹੁਤੇ



Sri Satguru Jagjit Singh Ji Elibrary NamdhariElibrary@gmail.com

ਲੀਡਰ ਪੰਜਾਬ ਦੀ ਹੋਰ ਵੰਡ ਦੇ ਖਿਲਾਫ ਹਨ—ਦੋ ਚਾਰ ਹਕ ਵਿਚ ਹਨ । ਕਮਿਊਨਿਸਟ ਪਾਰਟੀ ਨੇ ਹੌਲੀ ਹੌਲੀ ਪੰਜਾਬੀ ਸੂਬੇ ਦੀ ਪੂਰੀ ਹਮਾਇਤ ਸ਼ੁਰੂ ਕਰ ਦਿਤੀ ਹੈ। ਜਨ ਸੰਘ ਪੂਰੀ ਤਰ੍ਹਾਂ ਮੁਖਾਲਫਤ ਵਿਚ ਹੈ। ਹਰਿਆਣੇ ਦੇ ਮੁਕਾਮੀ ਲੀਡਰਾਂ ਨੇ ਪੰਜਾਬੀ ਜ਼ਬਾਨ ਤੋਂ ਬਚਣ ਲਈ ਵਖਰੇ ਹਰਿਆਣਾ ਪ੍ਰਾਂਤ ਦੀ ਮੰਗ ਕਰ ਦਿਤੀ ਹੈ।

ਆਰੀਆ ਸਮਾਜੀ ਸ੍ਰੀ ਰਾਮ ਗੁਪਾਲ ਸ਼ਾਲ ਵਾਲੇ ਤੇ ਉਹਨਾਂ ਦੇ ਕਈ ਸਾਥੀਆਂ ਨੇ ਐਲਾਨ ਕੀਤਾ ਹੈ ਕਿ ਜੇ ਪੰਜਾਬੀ ਸੂਬਾ ਬਣਾਇਆ ਗਿਆ ਤਾਂ ੧੦੧ ਆਰੀਆ ਸਮਾਜੀ ਸਤ ਮਰਨਗੇ । ਉਹਨਾਂ ਨੇ ਸੰਤ ਫਤੇਹ ਸਿੰਘ ਜੀ ਨੂੰ ਵੀ ਵੰਗਾਰਿਆ ਹੈ ਕਿ ਜੇ ਹਿੰਮਤ ਹੈ ਤਾਂ ਦਰਬਾਰ ਸਾਹਿਬ ਦੀ ਕਿਸੇ ਕੋਠੜੀ ਵਿਚ ਲੁਕ ਕੇ ਨਹੀਂ ਨੰਦਾ ਸਾਹਿਬ ਦੀ ਕੋਠੀ ਅਗੇ ਆਣ ਕੇ ਮਰਨ ਵਰਤ ਰਖੋ । ਉਧਰ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਸੰਤ ਫਤੇਹ ਸਿੰਘੀ ਸ਼ਕਲ ਉਤੇ ਅਸੰਤੁਸ਼ਟਤਾ ਜ਼ਾਹਰ ਕੀਤੀ ਹੈ ਤੇ ਉਹਨਾਂ ਨੇ ਭਾਰਤ ਸਰਕਾਰ ਦੇ ਅਸਰ ਰਸੂਖ ਤੋਂ ਰਹਿਤ ਸਿਖ ਪੰਥ ਦੇ ਰਾਜ ਦੀ ਕਾਇਮੀ ਲਈ ਸੰਘਰਸ਼ ਦਾ ਪ੍ਰਣ ਦੁਹਰਾਇਆ ਹੈ।

ਅਸੀਂ ਨਹੀਂ ਜਾਣਦੇ ਕਿ ਪੰਜਾਬੀ ਸੂਬਾ ਬਣੇਗਾ ਜਾਂ ਨਹੀਂ, ਜਾਂ ਜੇ ਬਣੇਗਾ ਤਾਂ ਉਸ ਦੀ ਸ਼ਕਲ ਸੂਰਤ ਕੀ ਹੋਵੇਗੀ । ਪਰ ਅਸੀਂ ਇਹ ਜ਼ਰੂਰ ਜਾਣਦੇ ਹਾਂ ਕਿ ਮੌਜੂਦਾ ਹਾਲਤ ਵਿਚ ਜੇ ਕਿਸੇ ਵੀ ਤਰ੍ਹਾਂ ਪੰਜਾਬੀ ਸੂਬਾ ਬਣਾਉਣ ਬਾਰੇ ਸੋਚਿਆ ਜਾਵੇ ਤਾਂ ਉਸ ਦੇ ਇਤਿਹਾਸਕ ਸਿਟੇ ਕੀ ਨਿਕਲ ਸਕਦੇ ਹਨ ।

ਤੰਗ ਨਜ਼ਰ ਕੌਮ ਪ੍ਰਸਤੀ, ਸੂਬਾ ਪ੍ਰਸਤੀ ਜਾਂ ਮਜ਼ਹਬ ਪ੍ਰਸਤੀ ਦਾ ਆਪਸ ਵਿਚ ਬਹੁਤ ਗੂਹੜਾ ਸਬੰਧ ਹੈ-ਇਹਨਾਂ ਦਾ ਸੁਭਾਅ ਇਕੋ ਹੈ ਤੇ ਉਹ ਸੁਭਾਅ ਹੈ ਮਾਰਖੋਰੀ ਦਾ ਅਤੇ ਨਫਰਤ ਦਾ । ਪੰਜਾਬੀ ਸੂਬੇ ਦਾ ਸਵਾਲ ਕਿਸੇ ਇਤਿਹਾਸਕ ਲੋੜ ਵਿਚੋਂ ਨਹੀਂ ਉਠਿਆ—ਸਗੋਂ ਤੰਗ ਨਜ਼ਰ ਨਫ਼ਰਤ ਭਰੀ ਮਜ਼ਹਬੀ ਰੁਚੀ ਵਿਚੋਂ ਨਿਕਲਿਆ ਹੈ । ਇਸ ਸਵਾਲ ਲਈ ਲੜਨ ਵਾਲੀ ਮੁਖ ਧਿਰ ਵੀ ਉਹ ਕੱਟੜ ਮਜ਼ਹਬੀ ਜਮਾਤ ਹੈ ਜਿਸ ਨੇ ਭਾਰਤ ਦੀ ਆਜ਼ਾਦੀ ਤੇ ਸਾਲਮੀਅਤ ਦੇ ਖਿਲਾਫ਼ ਹਮੇਸ਼ਾਂ ਕੰਮ ਕੀਤਾ ਹੈ ।

ਅੰਗਰੇਜ਼ਾਂ ਨੇ ਭਾਰਤ ਵਿਚ ਹਿੰਦੂ, ਮੁਸਲਿਮ, ਸਿਖ ਦਾ ਸਵਾਲ ਪੈਦਾ ਕੀਤਾ । ਮੁਸਲਮਾਨਾਂ ਨੂੰ ਹਿੰਦੂਆਂ ਦੇ ਖਿਲਾਫ਼ ਭੜਕਾਇਆ ਤੇ ਹਿੰਦੂਆਂ ਸਿਖਾਂ ਨੂੰ ਮੁਸਲਮਾਨਾਂ ਦੇ ਖਿਲਾਫ਼। ਨਤੀਜੇ ਵਜੋਂ ਪਾਕਿਸਤਾਨ ਵਜੂਦ ਵਿਚ ਆਇਆ ਤੇ ਉਹ ਭਾਰਤ ਦੇ ਗਲ ਵਿਚ ਸਦੀਆਂ ਲਈ ਉਸਤਰਿਆਂ ਦੀ ਮਾਲਾ ਵਾਂਗ ਲਟਕਾ ਦਿਤਾ ਗਿਆ।

ਅੰਗਰੇਜ਼ਾਂ ਨੇ ਅਕਾਲੀ ਲੀਡਰਾਂ ਨੂੰ ਇਹੋ ਹੀ ਸਬਕ ਪੜ੍ਹਾਇਆ ਜਿਸ ਵਿਚੋਂ ਸਿਖ ਹੋਮ ਲੈਂਡ, ਖਾਲਿਸਤਾਨ ਤੇ ਪੰਜਾਬੀ ਸੂਬਾ ਆਦਿ ਮੰਗਾਂ ਉਠੀਆਂ ।

ਕਮਿਊਨਿਸਟ ਪਾਰਟੀ ਆਪਣੇ ਜਨਮ ਸਮੇਂ ਤੋਂ ਹੀ ਮਜ਼ਹਬੀ ਫ਼ਿਰਕਾ ਪ੍ਰਸਤਾਂ ਦੀ ਹਮਾਇਤੀ ਰਹੀ ਹੈ ਇਸ ਪਾਰਟੀ ਨੇ ਮੁਸਲਮਾਨਾਂ ਦੇ ਆਤਮ ਨਿਰਣੇ ਦੇ ਹਕ ਦੇ ਸਵਾਲ ਨੂੰ ਮੁਸਲਿਮ ਲੀਗ ਨਾਲੋਂ ਵੀ ਵਧ ਕਟੜਤਾ ਨਾਲ ਉਠਾਇਆ ਤੇ ਪਾਕਿਸਤਾਨ ਦੀ ਕਾਇਮੀ ਲਈ ਮੁਸਲਿਮ ਲੀਗ ਨਾਲ ਸਾਂਝੇ ਮੋਰਚੇ ਬਣਾਏ, ਮੁਸਲਿਮ ਲੀਗ ਦੇ ਬੰਦੇ ਬੁਲਾਏ। ਇਸ ਕਮਿਊਨਿਸਟ ਪਾਰਟੀ ਨੇ ਪੰਜਾਬੀ ਸੂਬੇ ਦਾ ਅੰਦੋਲਣ ਸ਼ੁਰੂ ਨਹੀਂ ਕੀਤਾ ਸਗੋਂ ਅਕਾਲੀਆਂ ਵਲੋਂ ਸ਼ੁਰੂ ਕੀਤੇ ਅੰਦੋਲਣ ਵਿਚ ਸ਼ਾਮਲ ਹੋ ਗਈ—ਠੀਕ ਮੁਸਲਿਮ ਲੀਗ ਵਲੋਂ ਸ਼ੁਰੂ ਕੀਤੇ ਪਾਕਿਸਤਾਨ ਦੇ ਹੱਕ ਵਿਚ ਅੰਦੋਲਨ ਵਿਚ ਸ਼ਾਮਲ ਹੋਣ ਵਾਂਗ ਹੀ । ਅੱਜ ਵੀ ਇਸ ਅੰਦੋਲਨ ਦੀ ਵਾਗ ਡੋਰ ਉਸ ਆਦਮੀ ਦੇ ਹੱਥ ਹੈ ਜਿਹੜਾ ਗੁਰਦਵਾਰੇ ਨੂੰ ਮਿਲੇ ਸਰਕਾਰੀ ਸੰਰਖ਼ਸ਼ਣ ਤੋਂ ਨਾਜਾਇਜ਼ ਫਾਇਦਾ ਉਠਾ ਕੇ ਦਰਬਾਰ ਸਾਹਿਬ ਦੀ ਹੱਦ ਅੰਦਰ ਬੇ-ਫਿਕਰੀ ਨਾਲ ਬੈਠਾ ਹੋਇਆ ਹੈ। ਇਸ ਤੋਂ ਪਹਿਲਾਂ ਪੰਜਾਬੀ ਸੂਬੇ ਲਈ ਚੱਲੇ ਅੰਦੋਲਣ ਦੀ ਵਾਗ ਡੋਰ ਵੀ ਗੁਰਦਵਾਰਿਆਂ ਵਿਚ ਬੈਠੇ ਵਿਅਕਤੀਆਂ ਦੇ ਹੱਥ ਹੀ ਸੀ—ਤੇ ਕਮਿਊਨਿਸਟ ਬਾਹਰੋਂ ਉਨ੍ਹਾਂ ਦਾ ਪਰਚਾਰ ਕਰਦੇ ਸਨ । ਇਸ ਸਾਰੇ ਅੰਦੋਲਨ ਦੇ ਪਿਛੋਕੜ ਵਿਚ ਮਜ਼ਹਬੀ ਨਫਰਤ ਤੇ ਹਿੰਦੂ-ਸਿਖ ਵਖਰੇਂਵੇ ਦੀ ਭਾਵਨਾ ਹੈ—ਚਾਹੇ ਉਸ ਨੂੰ ਪੰਜਾਬੀ ਜ਼ਬਾਨ ਦਾ ਨਾਮ ਹੀ ਦਿਤਾ ਜਾ ਰਿਹਾ ਹੈ।

ਹੁਣ ਸਵਾਲ ਇਹ ਹੈ ਕਿ ਪੰਜਾਬੀ ਸੂਬੇ ਦਾ ਮਤਲਬ ਕੀ ਹੈ ? ਕਿਸ ਦਾ ਕੀ ਨੁਕਸਾਨ ਹੈ ਜੇ ਇਹ ਨਾ ਬਣੇ ਅਤੇ ਕਿਸ ਦਾ—ਕੀ ਵਿਗੜਦਾ ਹੈ ਜੇ ਇਹ ਬਣੇ ਤਾਂ।

ਜੇ ਪੰਜਾਬੀ ਸੂਬੇ ਦੀ ਰਚਨਾ ਨੂੰ ਮੰਨਣ ਦਾ ਸਵਾਲ ਇਸ ਕਰਕੇ ਹੈ ਕਿ ਇਸ ਨਾਲ ਪੰਜਾਬੀ ਜ਼ਬਾਨ ਤੇ ਸਾਹਿਤ ਦਾ ਵਿਕਾਸ ਹੋਵੇਗਾ ਤਾਂ ਉਸ ਵਿਚ ਅੱਜ ਵੀ ਕੋਈ ਅੜਚਨ ਨਹੀਂ । ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਵਿਚ ਪੰਜਾਬੀ ਜ਼ਬਾਨ ਨੂੰ ਹਰ ਉਹ ਸਹੂਲਤ ਮੁਹੱਯਾ ਹੋ ਰਹੀ ਹੈ ਜਿਹੜੀ ਸਹੂਲਤ ਕਿਸੇ ਵੀ ਹੋਰ



Sri Satguru Jagjit Singh Ji Elibrary NamdhariElibrary@gmail.com

ਜ਼ਬਾਨ ਵਾਲੇ ਸੂਬੇ ਨੂੰ ਹਾਸਿਲ ਹੈ। ਜੇ ਕੋਈ ਸ਼ਕਾਇਤ ਹੈ ਤਾਂ ਉਹ ਆਸਾਨੀ ਨਾਲ ਦੂਰ ਹੋ ਸਕਦੀ ਹੈ। ਪੰਜਾਬੀ ਦੇ ਵਿਕਾਸ ਲਈ ਪੰਜਾਬੀ ਦਾ ਸਰਕਾਰੀ ਮਹਿਕਮਾ ਹੈ, ਪੰਜਾਬੀ ਬੋਲਦਾ ਰੇਡੀਓ ਸਟੇਸ਼ਨ ਹੈ। ਪੰਜਾਬੀ ਬੋਲਦੀਆਂ ਅਦਾਲਤਾਂ ਹਨ, ਪੰਜਾਬੀ ਯੂਨੀਵਰਸਿਟੀ ਹੈ ਤੇ ਪੰਜਾਬੀ ਲਈ ਮੂੰਹ ਮੰਗਿਆ ਸਭ ਕੁਝ ਹਾਜ਼ਿਰ ਹੈ।

ਜੇ ਪੰਜਾਬੀ ਸੂਬੇ ਦੀ ਮੰਗ ਨੂੰ ਮੰਨਣ ਦਾ ਸਵਾਲ ਇਸ ਲਈ ਉਠਦਾ ਹੈ ਕਿ ਇਸ ਮੰਗ ਪਿਛੇ ਇਕ ਤੰਗ ਨਜ਼ਰ ਮਜ਼ਹਬੀ ਰੁਚੀ ਵਾਲੇ ਵਿਅਕਤੀ ਦੇ ਸੜ ਮਰਨ ਦੀ ਧਮਕੀ ਹੈ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਭਾਰਤ ਇਕ ਵਾਰੀ ਫਿਰ ਪਾਕਿਸਤਾਨ ਦੀ ਰਚਨਾ ਜਿਹੇ ਸਵਾਲ ਅਗੇ ਕਿਸੇ ਦੂਸਰੀ ਤਰ੍ਹਾਂ ਝੁਕਣ ਲਈ ਮਜਬੂਰ ਹੋ ਰਿਹਾ ਹੈ। ਇਹ ਇਕ ਹੋਰ ਮਜ਼ਹਬੀ ਰਾਜ ਦੀ ਬੁਨਿਆਦ ਰੱਖਣ ਦਾ ਸਵਾਲ ਹੈ।

ਫ਼ਰਜ਼ ਕਰੋ ਕਿ ਇਹ ਸੂਬਾ ਬਣਾ ਦਿਤਾ ਜਾਂਦਾ ਹੈ। ਪੰਜਾਬੀ ਬੋਲਦੇ ਇਲਾਕੇ ਨੂੰ ਪੰਜਾਬੀ ਸੂਬੇ ਦਾ ਨਾਮ ਦੇ ਕੇ ਸਾਰਾ ਪ੍ਰਬੰਧ ਵੱਖਰਾ ਕਰ ਦਿਤਾ ਜਾਂਦਾ ਹੈ—ਫਿਰ ਵੀ ਕੀ ਇਹ ਸਵਾਲ ਹੱਲ ਹੋ ਜਾਏਗਾ? ਫਿਰ ਵੀ ਇਹ ਸਵਾਲ ਉਸ ਸ਼ਕਲ ਵਿਚ ਕਾਇਮ ਰਹੇਗਾ ਜਿਸ ਵਿਚ ਆਸਾਮੀਆਂ ਤੇ ਬੰਗਾਲੀਆਂ ਦਾ ਕਾਇਮ ਹੈ।

ਭਾਰਤ ਵਿਚ ਅੰਗਰੇਜ਼ੀ ਰਾਜ ਦੇ ਅਰੰਭਕ ਦਿਨਾਂ ਵਿਚ ਬੰਗਾਲੀ ਲੋਕਾਂ ਨੇ ਅੰਗਰੇਜ਼ੀ ਜ਼ਬਾਨ ਜ਼ੋਰ ਸ਼ੋਰ ਨਾਲ ਪੜ੍ਹੀ ਸੀ। ਇਸੇ ਲਈ ਉਹ ਅੰਗਰਜ਼ੀ ਸਰਕਾਰ ਦੇ ਹੱਥ ਪੈਰ ਬਣ ਗਏ ਸਨ। ਸਾਰੇ ਦੇਸ਼ ਦੇ ਵਡੇ ਵਡੇ ਅਹੁਦਿਆਂ ਉਤੇ, ਅਖਬਾਰਾਂ ਉਤੇ ਬੰਗਾਲੀਆਂ ਦਾ ਕਬਜ਼ਾ ਹੋ ਗਿਆ ਸੀ।

ਆਸਾਮ ਸੂਬਾ ਬੰਗਾਲ ਦੇ ਨਾਲ ਲਗਦਾ ਹੈ। ਬੇਅੰਤ ਬੰਗਾਲੀ ਬਾਬੂ ਸਰਕਾਰੀ ਨੌਕਰੀਆਂ ਰਾਹੀਂ ਆਸਾਮ ਵਿਚ ਜਾ ਵਸੇ, ਬਹੁਤ ਸਾਰੇ ਬੰਗਾਲੀ ਬਾਬੂਆਂ ਦੇ ਪਿਛੇ ਪਿਛੇ ਵਪਾਰ ਕਰਨ ਲਈ ਆਸਾਮ ਵਿਚ ਚਲੇ ਗਏ ਤੇ ਇੰਜ ਆਸਾਮ ਵਿਚ ਬੰਗਾਲੀਆਂ ਦੀ ਗਿਣਤੀ ਲਗਾਤਾਰ ਵਧਦੀ ਰਹੀ।

ਅਜੇ ਬਹੁਤ ਚਿਰ ਨਹੀਂ ਹੋਇਆ, ਤਿੰਨ ਚਾਰ ਸਾਲ ਪਹਿਲਾਂ ਹੀ ਆਸਾਮ ਵਿਚ ਇਕ ਦਮ ਫਸਾਦ ਭੜਕ ਉਠੇ, ਅਨਗਿਣਤ ਬੰਗਾਲੀਆਂ ਨੂੰ ਆਸਾਮੀਆਂ ਨੇ ਮਾਰ ਮਾਰ ਕੇ ਆਸਾਮ ਵਿਚੋਂ ਕਢ ਦਿਤਾ, ਉਹਨਾਂ ਦੇ ਘਰ ਕੁੱਲੇ ਫੂਕ ਦਿਤੇ ਹਜ਼ਾਰਾਂ ਬੰਗਾਲੀ ਸ਼ਰਨਾਰਥੀ ਬਣ ਕੇ ਬੰਗਾਲ ਵਿਚ ਮੁੜ ਆਏ। ਉਹ ਫ਼ਸਾਦ ਕਿਸੇ ਵੀ ਫ਼ਿਰਕੂ ਫ਼ਸਾਦ ਨਾਲੋਂ ਘਟ ਨਹੀਂ ਸਨ। ਆਸਾਮੀਆਂ ਦਾ ਇਕੋ ਨਾਅਰਾ ਸੀ ਕਿ ਬੰਗਾਲੀ ਆਸਾਮ ਵਿਚੋਂ ਨਿਕਲ ਜਾਣ। ਝਗੜਾ ਉਥੇ ਵੀ ਜ਼ਬਾਨ ਤੋਂ ਹੀ ਟੁਰਿਆ ਸੀ ਬੰਗਾਲੀ ਆਸਾਮ ਵਿਚ ਵੀ ਬੰਗਾਲੀ ਨੂੰ ਸਰਕਾਰੀ ਦਰਜਾ ਦਿਵਾਉਣਾ ਚਾਹੁੰਦੇ ਸਨ ਜਦੋਂ ਕਿ ਆਸਾਮੀ ਇਸ ਗੱਲ ਲਈ ਤਿਆਰ ਨਹੀਂ ਸਨ।

ਪੰਜਾਬ ਦੀ ਹਾਲਤ ਕੀ ਹੈ? ਪੰਜਾਬ ਇਕ ਵਾਰੀ ਪਹਿਲਾਂ ਵੰਡਿਆ ਜਾ ਚੁਕਾ ਹੈ। ਪੱਛਮੀ ਪੰਜਾਬ ਤੋਂ ਉਜੜ ਕੇ ਆਏ ਲੋਕ ਵਡੀ ਗਿਣਤੀ ਵਿਚ ਹਰਿਆਣੇ ਦੇ ਇਲਾਕੇ ਵਿਚ ਆਬਾਦ ਹੋਏ ਹਨ। ਉਹ ਪੰਜਾਬੀ ਬੋਲਦੇ ਹਨ। ਉਨ੍ਹਾਂ ਵਿਚ ਹਿੰਦੂ ਵੀ ਹਨ ਸਿੱਖ ਵੀ। ਅੰਮ੍ਰਿਤਸਰ ਤੋਂ ਲੈ ਕੇ ਦਿੱਲੀ ਤਕ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ ਕਿਸੇ ਥਾਂ ਵੀ ਘਟ ਨਹੀਂ। ਹਰਿਆਣੇ ਦੇ ਜ਼ਿਲਾ ਹਿਸਾਰ ਰੋਹਤਕ ਕਰਨਾਲ ਆਦਿ ਇਲਾਕੇ ਪੱਛਮੀ ਪੰਜਾਬ ਦੇ ਆਬਾਦਕਾਰਾਂ ਨਾਲ ਭਰੇ ਪਏ ਹਨ।

ਅੱਜ ੧੯੪੭ ਤੋਂ ਪਹਿਲਾਂ ਦੇ ਹਿਸਾਬ ਨਾਲ ਪੰਜਾਬ ਦੇ ਪੰਜਾਬੀ ਰੀਜਨ ਨੂੰ ਪੰਜਾਬੀ ਸੂਬਾ ਬਣਾ ਕੇ ਉਸ ਦਾ ਰਾਜ ਪਰਬੰਧ ਅਲੱਗ ਕਰ ਦਿਤਾ ਜਾਵੇ ਤਾਂ ਸਵਾਲ ਉਠੇਗਾ ਕਿ ਹਰਿਆਣੇ ਵਿਚ ਆਬਾਦ ਹੋਏ ਪੰਜਾਬੀ ਬੋਲਦੇ ਲੋਕਾਂ ਦਾ ਕੀ ਕੀਤਾ ਜਾਵੇਗਾ?

ਸੰਤ ਫ਼ਤੇਹ ਸਿੰਘ ਜੀ ਤੇ ਕਮਿਊਨਿਸਟ ਪਾਰਟੀ ਵਾਲੇ ਆਖ ਸਕਦੇ ਹਨ ਕਿ ਉਹ ਉਸੇ ਤਰ੍ਹਾਂ ਉਥੇ ਵਸਦੇ ਰਹਿਣਗੇ ਜਿਵੇਂ ਪੰਜਾਬੀ ਲੋਕ ਉਤਰ ਪ੍ਰਦੇਸ਼ ਆਦਿ ਵਿਚ ਵਸਦੇ ਹਨ।

ਪਰ ਇਹ ਗੱਲ ਇੰਜ ਕਿਵੇਂ ਨਿਬੜ ਸਕਦੀ ਹੈ? ਹਰਿਆਣਾ ਅੱਜ ਪੰਜਾਬ ਦਾ ਅੰਗ ਹੈ। ਪੰਜਾਬੀ ਬੋਲਣ ਵਾਲੇ ਲੋਕ ਓਥੇ ਪੰਜਾਬੀ ਹੋਣ ਦੀ ਹੈਸੀਅਤ ਵਿਚ ਹਰਿਆਣੇ ਨੂੰ ਪੰਜਾਬ ਦੀ ਧਰਤੀ ਮੰਨ ਕੇ ਰਹਿ ਰਹੇ ਹਨ। ਕਲ ਨੂੰ ਹਰਿਆਣੇ ਕੋਲੋਂ ਪੰਜਾਬ ਦੀ ਧਰਤੀ ਹੋਣ ਦਾ ਗੌਰਵ ਖੋਹ ਲੈਣ ਤੇ ਉਥੇ ਪੰਜਾਬੀ ਲੋਕ ਕਿਸ ਹੈਸੀਅਤ ਵਿਚ ਰਹਿਣਗੇ ਤੇ ਹਰਿਆਣੇ ਦੇ ਉਸ ਹਾਲਤ ਵਿਚ ਗੈਰ ਪੰਜਾਬੀ ਬਣ ਗਏ ਲੋਕ ਪੰਜਾਬੀਆਂ ਨੂੰ ਕਿਸ ਹੈਸੀਅਤ ਵਿਚ ਰਖਣਗੇ ਅਤੇ ਕਿਉਂ ਰਖਣਗੇ? ਕੀ ਹਰਿਆਣੇ ਵਾਲੇ ਓਦੋਂ ਇਹ ਨਹੀਂ ਆਖਣਗੇ ਕਿ ਜਾਓ ਆਪਣੇ ਪੰਜਾਬੀ ਸੂਬੇ ਵਿਚ?

ਤੰਗ ਨਜ਼ਰ ਕੌਮ ਪ੍ਰਸਤੀ, ਜ਼ਬਾਨ ਪ੍ਰਸਤੀ ਜਾਂ ਮਜ਼ਹਬ ਪ੍ਰਸਤੀ ਦਾ ਸ਼ਿਕਾਰ ਹੋ ਕੇ ਅਜ ਅਕਾਲੀ ਪੰਜਾਬੀ ਸੂਬਾ ਜਾਂ ਸਿਖ ਸਟੇਟ ਮੰਗ ਸਕਦੇ ਹਨ ਤਾਂ ਭਲਕ ਨੂੰ ਆਸਾਮੀਆਂ ਦੇ ਬੰਗਾਲੀਆਂ ਨੂੰ ਆਸਾਮ ਵਿਚੋਂ ਕਢਣ ਵਾਂਗ ਹਰਿਆਣੇ ਵਾਲੇ ਕਿਉਂ ਨਹੀਂ ਉਹੋ ਕੁਝ ਕਰਨਗੇ।



Sri Satguru Jagjit Singh Ji Elibrary NamdhariElibrary@gmail.com

ਜ਼ਬਾਨ ਦੇ ਅਧਾਰ ਉੱਤੇ ਪੰਜਾਬੀ ਸੂਬੇ ਦੀ ਰਚਨਾ ਮੁਨਾਸਿਬ ਹੋ ਸਕਦੀ ਸੀ—ਪਰ ੧੯੪੭ ਤੋਂ ਪਹਿਲਾਂ। ਇਸ ਮੰਗ ਨੂੰ ਅਜ ੧੯੬੫ ਦੀ ਰੌਸ਼ਨੀ ਵਿਚ ਵੇਖਣ ਦੀ ਲੋੜ ਹੈ। ੧੯੬੫ ਦਾ ਪੰਜਾਬ ੧੭, ੧੮ ਸਾਲ ਪਹਿਲਾਂ ਨਾਲੋਂ ਵਖਰੇ ਸੁਭਾਅ ਦਾ ਹੈ। ਅੰਤ ਨੂੰ ਜ਼ਬਾਨ ਦਾ ਸੰਬੰਧ ਤਾਂ ਜ਼ਬਾਨ ਦੇ ਬੋਲਣ ਵਾਲੇ ਲੋਕਾਂ ਨਾਲ ਹੀ ਹੁੰਦਾ ਹੈ। ਸਿਧਾਂਤ ਜਿਊਂਦੇ ਜਾਗਦੇ ਲੋਕਾਂ ਲਈ ਹੀ ਹੁੰਦੇ ਹਨ। ਪੰਜਾਬੀ ਲੋਕ ਵਡੀ ਗਿਣਤੀ ਵਿਚ ਹਰਿਆਣੇ ਵਿਚ ਵਸਦੇ ਹੋਣ ਅਤੇ ਪੰਜਾਬੀ ਸੂਬਾ ਇਕ ਸਿਧਾਂਤ ਦਾ ਢਿਡ ਭਰਨ ਲਈ ਅੰਬਾਲੇ ਤੋਂ ਪਰੇ ਪਰੇ ਬਣਾ ਦਿਤਾ ਜਾਵੇ ਤਾਂ ਇਹ ਰੱਲ ਮਸ਼ੀਨੀ ਦਿਮਾਗਾਂ ਨੂੰ ਸਹੀ ਜਚ ਸਕਦੀ ਹੈ—ਜਿਊਂਦੇ ਜਾਗਦੇ ਲੋਕਾਂ ਉਪਰ ਕਿਵੇਂ ਲਾਗੂ ਹੋ ਸਕਦੀ ਹੈ।

ਅਸੀਂ ਇਹ ਮੰਨ ਲੈਂਦੇ ਹਾਂ ਕਿ ਸਾਡੀ ਸਰਕਾਰ ਫਿਰਕੂ ਤਾਕਤਾਂ ਅਗੇ ਚਿਰਾਂ ਤੋਂ ਝੁਕਦੀ ਆਈ ਹੈ ਤੇ ਹੁਣ ਵੀ ਝੁਕ ਸਕਦੀ ਹੈ। ਪਰ ਗ਼ਲਤ ਗੱਲ ਦੇ ਗ਼ਲਤ ਨਤੀਜੇ ਭੁਗਤਣ ਲਈ ਵੀ ਉਸ ਨੂੰ ਤਿਆਰ ਰਹਿਣਾ ਪਏਗਾ। ਅਜ ਪਾਕਿਸਤਾਨ ਦੇ ਜਿਸ ਜੰਜਾਲ ਵਿਚ ਅਸੀਂ ਫਸੇ ਹੋਏ ਹਾਂ ਇਹ ਸਾਡੇ ਲੀਡਰਾਂ ਦੀ ਗ਼ਲਤੀ ਕਰਕੇ ਫਿਰਕੂ ਤਾਕਤਾਂ ਅਗੇ ਝੁਕ ਜਾਣ ਦੇ ਨਤੀਜੇ ਵਜੋਂ ਹੀ ਤਾਂ ਹੈ। ਸਾਰੇ ਲੀਡਰਾਂ ਨੇ ਹੀ ਉਦੋਂ ਪਾਕਿਸਤਾਨ ਮੰਨਿਆਂ ਸੀ ਤੇ ਅੱਜ ਓਸੇ ਕਰਕੇ ਸਾਰਾ ਦੇਸ਼ ਜੰਗ ਦੀ ਲਪੇਟ ਵਿਚ ਹੈ। ਉਸ ਗ਼ਲਤੀ ਦੀ ਸਜ਼ਾ ਸਾਡੇ ਦੇਸ਼ ਨੇ ਸਦੀਆਂ ਤਕ ਭੋਗਣੀ ਹੈ ਤੇ ਉਦੋਂ ਇਹ ਸਜ਼ਾ ਮੁਕਣੀ ਹੈ ਜਦੋਂ ਪਾਕਿ-ਸਤਾਨੀ ਲੋਕਾਂ ਨੇ ਇਸ ਸਦੀਵੀ ਫਸਾਦ ਤੋਂ ਤੰਗ ਆ ਕੇ ਮੁੜ ਹਿੰਦੁ-ਸਤਾਨ ਵਿਚ ਮਿਲ ਜਾਣਾ ਹੈ।

ਅੱਜ ਦੂਜੀ ਗ਼ਲਤੀ ਕਰਨ ਤੋਂ ਪਹਿਲਾਂ ਸਾਡੇ ਲੀਡਰਾਂ ਨੂੰ ਹਜ਼ਾਰ ਵਾਰੀ ਸੋਚਣਾ ਚਾਹੀਦਾ ਹੈ ਤੇ ਇਹ ਧਿਆਨ ਰਖਣਾ ਚਾਹੀਦਾ ਹੈ ਕਿ ਪੰਜਾਬੀ ਸੂਬੇ ਦੀ ਮੰਗ ਤੰਗ ਨਜ਼ਰ ਫਿਰਕੂ ਤਾਕਤਾਂ ਵਲੋਂ ਉਠੀ ਹੈ, ਅਤੇ ਇਸ ਦੀ ਰਚਨਾ ਨੂੰ ਉਹ ਆਪਣੇ ਨਿਸ਼ਾਨੇ ਦਾ ਪਹਿਲਾ ਪੜਾਓ ਮੰਨ-ਦੀਆਂ ਹਨ। ਦੂਜਾ ਤੇ ਅੰਤਿਮ ਪੜਾਓ ਪਾਕਿਸਤਾਨ ਜਿਹਾ ਹੀ ਇਕ ਹੋਰ ਰਾਜ ਹੋਵੇਗਾ—ਪਹਿਲੇ ਪੜਾਓ ਲਈ ਚੁਕਿਆ ਹੋਇਆ ਇਕ ਕਦਮ ਦੂਜੇ ਪੜਾਓ ਉੱਤੇ ਦੂਜੇ ਕਦਮ ਨਾਲ ਹੀ ਟਿਕੇਗਾ, ਤਦ ਮੰਜ਼ਿਲ ਦਾ ਧਰਮ ਪੂਰਾ ਹੋਵੇਗਾ।

(੧੦ ਅਕਤੂਬਰ ੧੯੬੫)

## ਵਜ਼ੀਰਾਂ ਦੀ ਜ਼ਬਾਨਬੰਦੀ

ਪੰਜਾਬ ਦੇ ਅਕਾਲੀ ਅਤੇ ਦੂਸਰੇ ਫਿਰਕੂ ਪੰਜਾਬੀ ਅਖਬਾਰਾਂ ਅਕਾਲੀਆਂ ਦੀ ਫਿਰਕੂ ਮੰਗ ਦੇ ਹਮਾਇਤੀ ਕਮਿਊਨਿਸਟ ਪਾਰਟੀ ਦੇ ਅਖਬਾਰ ਤੇ ਕੁਝ ਲੀਡਰਾਂ ਨੇ ਲਿਖਣ ਬੋਲਣ ਦੇ ਸਾਰੇ ਜਮਹੂਰੀ ਹੱਕਾਂ ਦੀ ਅਜਾਰੇਦਾਰੀ ਆਪਣੇ ਕੋਲ ਰੱਖ ਲਈ ਜਾਪਦੀ ਹੈ ਤੇ ਪੰਜਾਬ ਦੇ ਵਜ਼ੀਰਾਂ ਦੇ ਜ਼ਬਾਨ ਹਿਲਾਣ ਉਤੇ ਏਨੀ ਸਖ਼ਤ ਪਾਬੰਦੀ ਲਗਾ ਦਿੱਤੀ ਹੈ ਕਿ ਕਿਸੇ ਵਜ਼ੀਰ ਦੇ ਮੂੰਹੋਂ ਕੋਈ ਗੱਲ ਨਿਕਲਦਿਆਂ ਹੀ ਪੰਜੇ ਝਾੜਕੇ ਉਸ ਦੇ ਪਿਛੇ ਪੈ ਜਾਂਦੇ ਹਨ।

ਪੰਜਾਬ ਇਕ ਇਮਤਿਹਾਨ ਵਿਚੋਂ ਲੰਘ ਰਿਹਾ ਹੈ। ਪੰਜਾਬੀ ਨੂੰ ਦੂਜੀ ਤਿੰਨਾਂ ਹਿਸਿਆਂ ਵਿਚ ਵੰਡਣ ਦੀ ਮੰਗ ਇਨ੍ਹਾਂ ਫਿਰਕੂ ਲੋਕਾਂ ਵਲੋਂ ਉਠ ਰਹੀ ਹੈ। ਇਸ ਮੰਗ ਦੇ ਹੱਕ ਵਿਚ ਪੰਜਾਬ ਦੀ ਜਨਤਾ ਇਕ ਸ਼ਬਦ ਵੀ ਨਹੀਂ ਬੋਲ ਰਹੀ, ਉਹ ਜਾਣਦੀ ਹੈ ਕਿ ਅਕਾਲੀ ਲੀਡਰ ਪੰਜਾਬ ਦੇ ਲੋਕਾਂ ਵਿਚ ਫੁਟ ਪਾ ਕੇ ਉਨ੍ਹਾਂ ਨੂੰ ਵੰਡ ਕੇ ਪੰਜਾਬ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ।

ਇਹ ਮੰਗ ਫਿਰਕੂ ਲੀਡਰਾਂ ਵਲੋਂ ਉਠੀ ਹੈ–ਫਿਰਕੂ ਤੇ ਫਿਰਕੂਆਂ ਦੇ ਪੁਰਾਣੇ ਸਾਥੀ ਇਸਦੀ ਹਮਾਇਤ ਵਿਚ ਦਿਨ ਰਾਤ ਲਿਖ ਬੋਲ ਰਹੇ ਹਨ। ਇਸ ਸਭ ਕਾਸੇ ਨਾਲ ਵਾਤਾਵਰਨ ਖਰਾਬ ਹੁੰਦਾ ਹੈ-ਹਿੰਦੂਆਂ ਸਿਖਾਂ ਵਿਚ ਪਾੜਾ ਪੈਂਦਾ ਹੈ, ਪੰਜਾਬ ਦੇ ਅਮਨ ਨੂੰ ਖਤਰਾ ਪੈਦਾ ਹੁੰਦਾ ਹੈ।

ਜੇ ਪੰਜਾਬ ਵਿਚ ਅਮਨ ਅਮਾਨ ਕਾਇਮ ਰਖਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ ਅਤੇ ਜੇ ਪੰਜਾਬ ਦੇ ਵਜ਼ੀਰਾਂ ਨੂੰ ਵੀ ਸ਼ਹਿਰੀ-ਅਤ ਦੇ ਕੁਝ ਜਮਹੂਰੀ ਹੱਕ ਹਾਸਿਲ ਹਨ ਤਾਂ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਆਪਣਾ ਮਤ ਵੀ ਲਿਖ-ਬੋਲ ਕੇ ਦੱਸਣ।

ਪੰਜਾਬ ਦੇ ਮੁਖ ਮੰਤਰੀ ਨੇ ਸਪ-ਸ਼ਟ ਸ਼ਬਦਾਂ ਵਿਚ ਆਪਣਾ ਮਤ ਦਸਦਿਆਂ ਕਿਹਾ ਹੈ ਕਿ ਉਹ ਪੰਜਾਬ ਦੀ ਹੋਰ ਵੰਡ ਦੇ ਖ਼ਿਲਾਫ ਹਨ ਤੇ ਇਸ ਦੀ ਵਿਰੋਧਤਾ ਕਰਨਗੇ। ਪੰਜਾਬ ਦੇ ਫਿਰਕੂ ਲੀਡਰ ਤੇ ਜਲੰਧਰ ਦੇ ਪੰਜਾਬੀ ਅਖਬਾਰ ਇਸ ਬਿਆਨ ਤੇ ਚਾਂ ਚਾਂ ਕਰ ਉਠੇ। ਪੰਜਾਬ ਦੇ ਮੁਖ ਮੰਤਰੀ ਨੂੰ ਫਿਰਕਾ ਪ੍ਰਸਤ ਕਿਹਾ ਤੇ ਹੋਰ ਕਈ ਤਰ੍ਹਾਂ ਦਾ ਅਬਾ ਤਬਾ ਉਹਨਾਂ ਬਾਰੇ ਲਿਖਿਆ। ਉਸ ਤੋਂ ਬਾਅਦ ਪੰਜਾਬ ਦੇ ਗ੍ਰਹਿ ਮੰਤਰੀ ਸ: ਦਰਬਾਰਾ ਸਿੰਘ ਨੇ ਵੀ ਪੰਜਾਬ ਦੀ ਹੋਰ ਵੰਡ ਦੀ ਵਿਰੋ-ਧਤਾ ਵਿਚ ਆਪਣਾ ਮਤ ਦਸਿਆ ਤਾਂ ਉਪਰੋਕਤ ਲੋਕ ਸਰਦਾਰ ਦਰਬਾਰਾ ਸਿੰਘ ਦੇ ਖ਼ਿਲਾਫ ਵੀ ਓਵੇਂ ਹੀ ਪੰਜੇ ਝਾੜ ਕੇ ਉਠ ਖਲੋਤੇ। ਹੁਣ ਪੰਜਾਬ



Sri Satguru Jagjit Singh Ji Elibrary NamdhariElibrary@gmail.com

ਦੇ ਟਰਾਂਸਪੋਰਟ ਮੰਤਰੀ ਸਰਦਾਰ ਗੁਰਦਿਆਲ ਸਿੰਘ ਢਿਲੋਂ ਨੇ ਵੀ ਪੰਜਾਬ ਦੀ ਵੰਡ ਦੀ ਵਿਰੋਧਤਾ ਵਿਚ ਬਿਆਨ ਦਿਤਾ ਹੈ ਤਾਂ ਜਲੰਧਰੀ ਸੂਰਬੀਰ ਉਹਨਾਂ ਦੇ ਖਿਲਾਫ ਵੀ ਕਲਮੀ ਤਲਵਾਰਾਂ ਲੈ ਕੇ ਮੈਦਾਨ ਵਿਚ ਨਿਤਰ ਆਏ ਹਨ।

ਭਾਰਤ ਦੇ ਗ੍ਰਿਹ ਮੰਤਰੀ ਸ੍ਰੀ ਨੰਦਾ ਤੇ ਕਾਂਗਰਸ ਦੇ ਪਰਧਾਨ ਸ੍ਰੀ ਕਾਮਰਾਜ ਨੇ ਇਹ ਜ਼ਰੂਰ ਆਖਿਆ ਸੀ ਕਿ ਪੰਜਾਬੀ ਸੂਬੇ ਦੇ ਸੁਆਲ ਬਾਰੇ ਵਿਚਾਰ ਕਰਨ ਲਈ ਜਿਹੜੀਆਂ ਕਮੇਟੀਆਂ ਬਣਾਈਆਂ ਹਨ ਉਹਨਾਂ ਨੂੰ ਕੰਮ ਕਰਨ ਦਿਤਾ ਜਾਵੇ ਤੇ ਪੰਜਾਬੀ ਸੂਬੇ ਬਾਰੇ ਕੋਈ ਬਿਆਨਬਾਜ਼ੀ ਨਾ ਕੀਤੀ ਜਾਵੇ। ਪਰ ਇਹ ਗੱਲ ਇਕੱਲੇ ਪੰਜਾਬ ਦੇ ਮੁਖ ਮੰਤਰੀ ਉਤੇ ਹੀ ਕਿਵੇਂ ਲਾਗੂ ਹੋਵਗੀ ? ਅਕਾਲੀ ਲੀਡਰ ਫਿਰਕੂ ਹਵਾ ਪੈਦਾ ਕਰੀ ਜਾਣ, ਜਲੰਧਰ ਦੇ ਪੰਜਾਬੀ ਅਖਬਾਰ ਦਿਨ ਰਾਤ ਫਿਰਕਾਪ੍ਰਸਤੀ ਨੂੰ ਫੈਲਾਉਣ ਵਿਚ ਜੁਟੇ ਰਹਿਣ। ਪਰ ਜਿਨ੍ਹਾਂ ਲੋਕਾਂ ਦੀ ਪੰਜਾਬ ਵਿਚ ਅਮਨ ਅਮਾਨ ਕਾਇਮ ਰਖਣ ਦੀ ਜ਼ਿੰਮੇਵਾਰੀ ਹੈ–ਜਿਹੜੇ ਲੋਕ ਪੰਜਾਬੀਆਂ ਦੀਆਂ ਵੋਟਾਂ ਨਾਲ ਚੁਣ ਕੇ ਅਸੈਂਬਲੀ ਵਿਚ ਆਏ ਤੇ ਜਿਨ੍ਹਾਂ ਪਿਛੇ ਪੰਜਾਬ ਦੀ ਬਹੁਤੀ ਜਨਤਾ ਦੀ ਵੋਟਾਂ ਦੀ ਤਾਕਤ ਹੈ–ਉਹ ਬਿਲਕੁਲ ਨਾ ਬੋਲਣ ! ਉਹ ਆਪਣੀ ਇਹ ਰਾਏ ਵੀ ਨਾ ਦੇਣ ਕਿ ਉਹਨਾਂ ਦੇ ਮਤ ਅਨੁਸਾਰ ਪੰਜਾਬ ਦੀ ਵੰਡ ਨਾਲ ਪੰਜਾਬ ਕਮਜ਼ੋਰ ਹੁੰਦਾ ਹੈ, ਆਰਥਕ ਤੌਰ ਤੇ ਕਮਜ਼ੋਰ ਹੁੰਦਾ ਹੈ, ਸਭਿਆਚਾਰਕ ਤੌਰ ਤੇ ਕਮਜ਼ੋਰ ਹੁੰਦਾ ਹੈ, ਫੌਜੀ ਤੌਰ ਤੇ ਕਮਜ਼ੋਰ ਹੁੰਦਾ ਹੈ।

ਪੰਜਾਬ ਨੂੰ ਹੋਰ ਤਿੰਨਾਂ ਹਿੱਸਿਆਂ ਵਿਚ ਵੰਡਣ ਦਾ ਸਵਾਲ ਸਾਰੇ ਪੰਜਾਬੀਆਂ ਦਾ ਸਵਾਲ ਹੈ। ਜੇ ਇਸ ਦੇ ਹੱਕ ਵਿਚ ਹਰ ਕੋਈ ਜੋ ਚਾਹੇ ਆਖ ਸਕਦਾ ਹੈ ਤਾਂ ਇਸਦੇ ਉਲਟ ਵੀ ਹਰ ਕਿਸੇ ਨੂੰ ਆਪਣੀ ਰਾਏ ਜ਼ਾਹਰ ਕਰਨ ਦਾ ਓਨਾ ਹੀ ਹੱਕ ਹੈ। ਵਜ਼ੀਰਾਂ ਨੂੰ ਖਾਸ ਕਰਕੇ ਹੱਕ ਹੈ ਕਿਉਂਕਿ ਉਨ੍ਹਾਂ ਦੀ ਜ਼ਿੰਮੇਵਾਰੀ ਵਡੀ ਹੈ।

ਪੰਜਾਬੀ ਸੂਬੇ ਬਾਰੇ ਕਮੇਟੀਆਂ ਕਦੋਂ ਕੀ ਕਰਦੀਆਂ ਹਨ–ਇਸ ਬਾਰੇ ਅਜੇ ਕੁਝ ਠੀਕ ਨਹੀਂ। ਪਰ ਜਿਹੜਾ ਫਿਰਕੂ ਵਾਤਾਵਰਨ ਇਸ ਸਮੇਂ ਪੰਜਾਬ ਵਿਚ ਤਿਆਰ ਕੀਤਾ ਜਾ ਰਿਹਾ ਹੈ ਉਸ ਦੇ ਮੁਕਾਬਲੇ ਲਈ ਪੰਜਾਬ ਦੀਆਂ ਗ਼ੈਰ ਫਿਰਕੂ ਤਾਕਤਾਂ ਨੂੰ ਸੰਗਠਤ ਰੂਪ ਵਿਚ ਮੈਦਾਨ ਵਿਚ ਆਉਣਾ ਚਾਹੀਦਾ ਹੈ।

ਪੰਜਾਬ ਦੀ ਕਾਂਗਰਸ ਪਾਰਟੀ ਉਤੇ ਇਸ ਬਾਰੇ ਖਾਸ ਤੌਰ ਤੇ ਜ਼ਿੰਮੇ-ਵਾਰੀ ਆਉਂਦੀ ਹੈ। ਕਾਂਗਰਸ ਦੇ ਹਿੰਦੂ ਸਿਖ ਲੀਡਰਾਂ ਤੇ ਵਜ਼ੀਰਾਂ ਨੂੰ ਫਿਰਕਾ ਪ੍ਰਸਤੀ ਦੇ ਖਿਲਾਫ ਵਾਤਾ-ਵਰਨ ਤਿਆਰ ਕਰਨਾ ਚਾਹੀਦਾ ਹੈ। ਇਕ ਇਹੋ ਸਿਆਸੀ ਪਾਰਟੀ ਹੈ ਜਿਹੜੀ ਪੰਜਾਬ ਦੇ ਹਰ ਹਲਕੇ ਦੀ ਨੁਮਾਇੰਦਗੀ ਕਰਦੀ ਹੈ, ਇਸ ਲਈ ਏਸੇ ਪਾਰਟੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬ ਦੇ ਅਮਨ ਨੂੰ ਨੁਕਸਾਨ ਪਹੁੰਚਦਾ ਵੇਖ ਕੇ ਸੰਗਠਤ ਰੂਪ ਵਿਚ ਪੰਜਾਬ ਦੀ ਰੱਖਿਆ ਲਈ ਜਤਨ ਕਰੇ, ਲੋਕ ਰਾਏ ਤਿਆਰ ਕਰੇ। ਕਮਿਊਨਿਸਟ ਪਾਰਟੀ ਤਾਂ ਜਨਮ ਤੋਂ ਹੀ ਮੁਸਲਿਮ ਲੀਗੀਆਂ ਤੇ ਅਕਾਲੀਆਂ ਦੀ ਉਂਗਲੀ ਫੜ ਕੇ ਤੁਰਨ ਦੀ ਆਦੀ ਹੋ ਚੁਕੀ ਹੈ।

ਪੰਜਾਬ ਵਿਚ ਫੁਟ ਪਾ ਕੇ ਆਪਣਾ ਮਤਲਬ ਸਿੱਧ ਕਰਨ ਵਾਲੇ ਲੀਡਰ ਤੇ ਅਖਬਾਰ ਇਸ ਕੋਸ਼ਿਸ਼ ਵਿਚ ਹਨ ਕਿ ਪੰਜਾਬ ਦੇ ਦੇਸ਼ ਭਗਤ ਅਨਸਰ ਨੂੰ ਬੋਲਣ ਹੀ ਨਾ ਦਿੱਤਾ ਜਾਵੇ ਰੌਲਾ ਰੱਪਾ ਪਾ ਕੇ ਇਹਨਾਂ ਨੂੰ ਦਬਾਈ ਰੱਖਿਆ ਜਾਵੇ। ਇਹ ਕੋਸ਼ਿਸ਼ ਗ਼ਲਤ ਹੈ ਤੇ ਜੇ ਪੰਜਾਬ ਦੇ ਕਾਂਗਰਸੀ ਲੀਡਰ ਅਤੇ ਮੰਤਰੀ ਇਸ ਦਬਾਅ ਵਿਚ ਆਉਂਦੇ ਹਨ ਤਾਂ ਸਮਝਿਆ ਜਾਏਗਾ ਕਿ ਪੰਜਾਬ ਵਿਚ ਰਾਜ ਕਾਂਗਰਸ ਦਾ ਨਹੀਂ ਸਗੋਂ ਮਾ: ਤਾਰਾ ਸਿੰਘ ਤੇ ਸੰਤ ਫਤੇਹ ਸਿੰਘ ਦਾ ਹੈ।

(੧੬ ਅਕਤੂਬਰ ੧੯੬੫)

## ਪੰਜਾਬੀ ਸੂਬੇ ਦਾ ਗੇੜ

ਪੰਜਾਬੀ ਸੂਬੇ ਦਾ ਸਵਾਲ ਇਕ ਨਵੇਂ ਗੇੜ ਵਿਚ ਪੈ ਗਿਆ ਹੈ। ਸ੍ਰੀ ਗੁਲਜ਼ਾਰੀ ਲਾਲ ਨੰਦਾ ਨੇ ਜਦੋਂ ਪੰਜਾਬੀ ਸੂਬੇ ਦੇ ਸਵਾਲ ਨੂੰ ਸੁਲਝਾਣ ਲਈ ਵਜ਼ਾਰਤੀ ਤੇ ਪਾਰਲੀਮੈਂਟਰੀ ਕਮੇਟੀਆਂ ਦੀ ਸਥਾਪਨਾ ਕੀਤੀ ਸੀ ਤਦ ਕਈ ਲੋਕਾਂ ਨੇ ਸੋਚਿਆ ਸੀ ਕਿ ਸ਼ਾਇਦ ਪੰਜਾਬੀ ਸੂਬਾ ਬਣ ਰਿਹਾ ਹੈ। ਇਸ ਸੋਚ ਦਾ ਇਹ ਨਤੀਜਾ ਹੋਇਆ ਕਿ ਇਕ ਬੰਨੇ ਪੰਜਾਬੀ ਸੂਬੇ ਦੇ ਮੁਦੱਈ ਆਸਵੰਦ ਹੋ ਕੇ ਰੌਲਾ ਪਾਉਣ ਲੱਗੇ ਦੂਜੇ ਬੰਨੇ ਪੰਜਾਬੀ ਸੂਬੇ ਦੇ ਮੁਖਾਲਿਫ਼ ਵੀ ਸੁਭਾਵਕ ਹੀ ਚਿੰਤਤ ਹੋ ਉਠੇ। ਦੋਹਾਂ ਪਾਸਿਆਂ ਤੋਂ ਬਿਆਨ-ਬਾਜ਼ੀ ਨੇ ਪੰਜਾਬ ਦੇ ਵਾਤਾਵਰਨ ਵਿਚ ਇਕ ਤਬਦੀਲੀ ਲਿਆਂਦੀ ਹੈ ਇਕ ਖਿਚਾਅ ਦੀ ਹਾਲਤ ਪੈਦਾ ਕਰ ਦਿਤੀ ਹੈ। ਇਸ ਤੇ ਸ੍ਰੀ ਨੰਦਾ ਨੂੰ ਨਵੇਂ ਸੁਵਾਲਾਂ ਦਾ ਸਾਹਮਣਾ ਕਰਨਾ ਪਿਆ ਤੇ ਜਿਵੇਂ ਉਹਨਾਂ ਨੇ ਆਪਣੀ ਪੋਜ਼ੀਸ਼ਨ ਬਿਆਨ ਕੀਤੀ ਹੈ–ਉਸ ਨਾਲ ਕੋਈ ਵੀ ਧਿਰ ਕੁਝ ਨਹੀਂ ਸਮਝ ਸਕਦੀ।

ਸ੍ਰੀ ਨੰਦਾ ਨੇ ਕਿਹਾ ਹੈ ਕਿ ਅਸੀਂ ਪੰਜਾਬੀ ਸੂਬੇ ਦੇ ਸਵਾਲ ਨੂੰ ਬਿਲਕੁਲ ਨਵੇਂ ਸਿਰਿਓਂ ਬਿਲਕੁਲ ਸਾਫ ਦਿਮਾਗ਼ ਨਾਲ ਵੇਖਾਂਗੇ ਤੇ ਇਸ ਸਵਾਲ ਨਾਲ ਸੰਬੰਧਤ ਸਾਰੀਆਂ ਧਿਰਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਸੁਣਾਂਗੇ ।

ਜਿਹੜੀ ਇਹ ਧਾਰਨਾਂ ਬਣੀ ਸੀ ਕਿ ਸੂਬਾ ਬਣ ਰਿਹਾ ਹੈ–ਉਹ ਹੁਣ ਨਹੀਂ ਰਹੀ। ਨੰਦਾ ਸਾਹਿਬ ਨੇ ਸਪਸ਼ਟ ਸ਼ਬਦਾਂ ਵਿਚ ਆਖ ਦਿਤਾ ਹੈ ਕਿ ਉਹਨਾਂ ਨੇ ਕਿਸੇ ਨਾਲ ਕੋਈ ਇਕਰਾਰ ਨਹੀਂ ਕੀਤਾ ।

ਏਨੇ ਸਮੇਂ ਵਿਚ ਪੰਜਾਬ ਵਿਚ ਵੀ ਇਸ ਸਵਾਲ ਬਾਰੇ ਨਵੇਂ ਢੰਗ ਨਾਲ ਸੋਚਣ ਦੀ ਮੁਹਿੰਮ ਸ਼ੁਰੂ ਹੋ ਗਈ ਹੈ। ਪੰਜਾਬ ਦੇ ਹਰਿਆਣਾ ਇਲਾਕੇ ਵਿਚ ਦੋ ਤਰ੍ਹਾਂ ਦੀ ਮੁਹਿੰਮ ਸ਼ੁਰੂ ਹੋਈ ਹੈ। ਇਕ ਤਾਂ ਇਹ ਕਿ ਹਰਿਆਣੇ ਸਮੇਤ ਸਾਰੇ ਪੰਜਾਬ ਨੂੰ ਇਕੋ ਪੰਜਾਬੀ ਭਾਸ਼ੀ ਰਾਜ ਨਹੀਂ ਬਣਨ ਦਿਤਾ ਜਾਏਗਾ। ਦੂਜੀ ਇਹ ਕਿ ਹਰਿਆਣੇ ਨੂੰ ਦਿੱਲੀ ਤੇ ਉਤਰ ਪ੍ਰਦੇਸ਼ ਦੇ ਕੁਝ ਇਲਾਕਿਆਂ ਨਾਲ ਮਿਲਾਕੇ ਇਕ ਵਖਰਾ ਪ੍ਰਾਂਤ ਬਣਾ ਦਿੱਤਾ ਜਾਏ ।

ਪੰਜਾਬ ਦੇ ਪਹਾੜੀ ਇਲਾਕੇ ਵਿਚੋਂ ਵਿਸ਼ਾਲ ਹਿਮਾਚਲ ਦੀ ਮੰਗ ਉਠੀ ਹੈ ਤੇ ਉਹ ਪੰਜਾਬ ਦੇ ਸਾਰੇ ਪਹਾੜੀ ਇਲਾਕਿਆਂ ਨੂੰ ਪੰਜਾਬ ਨਾਲੋਂ ਅੱਡ ਕਰਕੇ ਵਿਸ਼ਾਲ ਹਿਮਾਚਲ ਕਾਇਮ ਕਰਨਾ ਚਾਹੁੰਦੇ ਹਨ । ਪੰਜਾਬ ਕਾਂਗਰਸ ਦਾ ਵਡਾ ਧੜਾ ਪੰਜਾਬ ਦੀ ਵੰਡ ਦੇ ਖਿਲਾਫ਼ ਹੈ–ਤੇ ਦੋ ਚਾਰ ਆਦਮੀ ਹੱਕ ਵਿਚ ਹਨ । ਪੰਜਾਬ ਦੇ ਹਿੰਦੂ ਸਮੁਚੇ ਤੌਰ ਤੇ ਪੰਜਾਬ ਦੀ ਵੰਡ ਦੇ ਖ਼ਿਲਾਫ਼ ਹਨ–ਜਦੋਂ ਕਿ ਬਹੁਤੇ ਸਿਖ ਪੰਜਾਬੀ ਸੂਬੇ ਦੇ ਇਸ ਲਈ ਖ਼ਿਲਾਫ਼ ਹਨ ਕਿ ਪੰਜਾਬ ਵਿਚੋਂ ਹਰਿਆਣੇ ਦਾ ਇਲਾਕਾ ਨਿਕਲ ਜਾਣ ਨਾਲ ਪੰਜਾਬ ਵਿਚੋਂ ਸਾਰੇ ਪਹਾੜੀ ਇਲਾਕੇ ਨਿਕਲ ਜਾਣ ਪੰਜਾਬੀ ਸੂਬੇ ਵਿਚ ਬਾਕੀ ਜੋ ਕੁਝ ਬਚਣਾ ਹੈ—ਉਹ ਇਕ ਖਿਡਾਉਣਾ ਸੂਬੇ ਤੋਂ ਵਧ ਕੁਝ ਨਹੀਂ ਹੋਣਾ।

ਭਾਰਤ ਸਰਕਾਰ ਲਈ ਵੀ ਇਹ ਇਕ ਨਵਾਂ ਤੇ ਗੈਰ ਹਕੀਕੀ ਮਾਮਲਾ ਹੋਵੇਗਾ ਕਿ ਪਹਾੜਾਂ ਤੋਂ ਬਿਨਾਂ, ਹਰਿਆਣੇ ਤੋਂ ਬਿਨਾਂ ਜੋ ਕੁਝ ਬਾਕੀ ਬਚੇ ਉਸ ਨੂੰ ਪੰਜਾਬੀ ਸੂਬੇ ਦਾ ਨਾਮ ਦੇ ਕੇ ਪਾਕਿਸਤਾਨ ਨਾਲ ਮਿਲਦੀਆਂ ਸਰਹੱਦਾਂ ਉਤੇ ਅਕਾਲੀ ਲੀਡਰਾਂ ਦੇ ਅਸਰ ਰਸੂਖ ਹੇਠ ਛਡ ਦੇਵੇ ਜਿਹੜੇ ਕਸ਼ਮੀਰ ਦੇ ਮਾਮਲੇ ਵਿਚ ਪਾਕਿਸਤਾਨ ਦੀ ਜ਼ਬਰਦਸਤ ਹਮਾਇਤ ਕਰਦੇ ਹਨ ।

ਅਕਾਲੀ ਲੀਡਰ ਵਖਰੇ ਹਰਿਆਣੇ ਦੀ ਤੇ ਵਖਰੇ ਵਿਸ਼ਾਲ ਹਿਮਾਚਲ ਦੀ ਮੰਗ ਦੀ ਹਮਾਇਤ ਕਰ ਸਕਦੇ ਹਨ, ਕਿਉਂਕਿ ਇਸ ਨਾਲ ਇਹਨਾਂ ਨੂੰ ਕੁਝ ਦਿਨਾਂ ਬਾਅਦ ਹੀ ਬਚੇ ਖੁਚੇ ਬਾਕੀ ਦੇ ਪੰਜਾਬੀ ਸੂਬੇ ਨੂੰ ਕਸ਼ਮੀਰ ਤੇ ਨਾਗਾਲੈਂਡ ਵਰਗੇ ਸਵਾਲ ਬਣਾ ਦੇਣ ਦੀ ਆਸ ਹੈ।

ਕਮਿਊਨਿਸਟ ਪਾਰਟੀ ਵੀ ਇਨ੍ਹਾਂ ਗੱਲਾਂ ਦੀ ਹਮਾਇਤ ਕਰ ਸਕਦੀ ਹੈ ਕਿਉਂਕਿ ਛੋਟੇ ਛੋਟੇ ਇਲਾਕਿਆਂ ਦੇ ਪਰਬੰਧ ਉਤੇ ਖਰਚ ਵਧੇਰੇ ਤੇ ਵਿਕਾਸ ਦੀ ਰਫ਼ਤਾਰ ਘਟ ਹੋਣ ਕਰਕੇ ਲੋਕਾਂ ਦਾ ਪਛੜੇਵਾਂ ਕਾਇਮ ਰਹਿੰਦਾ ਹੈ ਤੇ ਕਮਿਊਨਿਸਟ ਭਾਈ ਲੋਕਾਂ ਵਿਚ ਬੇਚੈਨੀ ਪੈਦਾ ਕਰਕੇ ਆਪਣੇ ਰਾਜਨੀਤਕ ਮਨੋਰਥਾਂ ਦੀ ਪ੍ਰਾਪਤੀ ਸਿਧੀ ਆਸਾਨੀ ਨਾਲ ਕਰ ਸਕਦੇ ਹਨ।

ਪਰ ਜਿਨ੍ਹਾਂ ਦੇ ਮੋਢਿਆਂ ਉਤੇ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਦੀ ਜ਼ਿੰਮੇਵਾਰੀ ਹੈ, ਜਿਹੜੇ ਦੇਸ਼ ਦੀ ਰੱਖਿਆ ਦੇ ਮਾਮਲੇ ਵਲੋਂ ਮੂੰਹ ਨਹੀਂ ਮੋੜ ਸਕਦੇ, ਜਿਹੜੇ ਲੋਕ ਦੇਸ਼ ਦੇ ਹਿੰਦੂ, ਮੁਸਲਿਮ, ਸਿਖ ਈਸਾਈ ਪਹਾੜੀ ਤੇ ਮੈਦਾਨੀ ਦੀ ਏਕਤਾ ਨੂੰ ਹਰ ਹਾਲਤ ਵਿਚ ਜ਼ਰੂਰੀ ਸਮਝਦੇ ਹਨ ਉਹ ਇਸ ਵੰਡ ਵੰਡਾਰੇ ਦੀ ਹਮਾਇਤ ਨਹੀਂ ਕਰ ਸਕਦੇ ।

ਇਹ ਗੱਲ ਜ਼ਰੂਰੀ ਹੈ ਕਿ ਪੰਜਾਬ ਦੇ ਇਸ ਸਵਾਲ ਦਾ ਕੋਈ ਪੱਕਾ ਹੱਲ ਨਿਕਲਣਾ ਚਾਹੀਦਾ ਹੈ ਪਰ ਉਹ ਹੱਲ ਇਹੋ ਜਿਹਾ ਨਹੀਂ ਹੋਣਾ ਚਾਹੀਦਾ ਜਿਸ ਨਾਲ ਫਿਰਕਾਪ੍ਰਸਤੀ ਨੂੰ ਰਾਜ ਕਾਜ ਦੀ ਤਾਕਤ ਮਿਲ ਜਾਵੇ ।

੧੯ ਅਕਤੂਬਰ ੧੯੬੫

## ਪੰਜਾਬੀ ਸੂਬਾ ਤੇ ਕਮਿਊਨਿਸਟ

ਪੰਜਾਬੀ ਸੂਬੇ ਦੀ ਮੰਗ ਫਿਰਕੂ ਹੈ ਜਾਂ ਭਾਸ਼ਾਈ-ਇਸ ਬਾਰੇ ਇਸ ਮੰਗ ਦੇ ਪ੍ਰੋਹਿਤ ਅਕਾਲੀ ਲੀਡਰ ਤਾਂ ਬਿਲਕੁਲ ਹੀ ਕੁਝ ਨਹੀਂ ਲੁਕਾਉਂਦੇ। ਉਹ ਸਪਸ਼ਟ ਸ਼ਬਦਾਂ ਵਿਚ ਆਖਦੇ ਹਨ ਕਿ ਸਿੱਖਾਂ ਨਾਲ ਅਨਿਆਂ ਹੁੰਦਾ ਹੈ, ਵਿਤਕਰਾ ਹੁੰਦਾ ਹੈ ਇਸ ਲਈ ਉਨ੍ਹਾਂ ਨੂੰ ਪੰਜਾਬੀ ਸੂਬਾ ਚਾਹੀਦਾ ਹੈ। ਉਹ ਲੀਡਰ ਇਸ ਮੰਗ ਲਈ ਐਜੀਟੇਸ਼ਨ ਵੀ ਰਾਜਨੀਤਕ ਮੰਚ ਤੋਂ ਨਹੀਂ ਚਲਾਉਂਦੇ ਸਗੋਂ ਮਜ਼ਹਬੀ ਮੰਚ ਤੋਂ-- ਗੁਰਦੁਆਰਿਆਂ ਵਿਚੋਂ ਚਲਾਉਂਦੇ ਹਨ ਪੁਲਿਸ ਤੋਂ ਲੁਕਕੇ ਤੇ ਉਸਦੀ ਪਹੁੰਚ ਤੋਂ ਪਰੇ ਹੋ ਕੇ ਬੈਠਦੇ ਹਨ। ਸਿਖ ਧਰਮ ਅਸਥਾਨਾਂ ਲਈ ਰਾਖਵੀਂ ਕਾਨੂੰਨੀ ਹਿਫਾਜ਼ਤ ਹੀ ਉਹਨਾਂ ਨੂੰ ਕਾਨੂੰਨ ਦੀ ਪਕੜ ਤੋਂ ਬਾਹਰ ਰਖਦੀ ਹੈ।

ਉਹਨਾਂ ਅਕਾਲੀ ਲੀਡਰਾਂ ਦੇ ਹਮਾਇਤੀ ਸਿਖਾਂ ਦੇ ਅਖਬਾਰ ਵੀ ਪੰਜਾਬੀ ਸੂਬੇ ਦੀ ਮੰਗ ਦੇ ਪਿਛੇ ਫਿਰਕੂ ਭਾਵਨਾ ਨੂੰ ਲੁਕਾਉਂਦੇ ਨਹੀਂ ਜਲੰਧਰ ਦੇ ਇਕ ਅਖਬਾਰ ਨੇ ਲਿਖਿਆ ਹੈ"–ਪੰਜਾਬੀ ਸੂਬੇ ਵਿਚ ਸਿਖ ਵਧ ਤੋਂ ਵਧ ੫੫ ਪ੍ਰਤੀਸ਼ਤ ਹੋਣਗੇ ਅਤੇ ਹਿੰਦੂਆਂ ਦਾ ਤਨਾਸਬ ੪੫ ਪ੍ਰਤੀਸ਼ਤ ਹੋਵੇਗਾ ।........,ਤਬਦੀਲੀ ਕੇਵਲ ਏਨੀ ਕੁ ਹੋਵੇਗੀ ਕਿ



Sri Satguru Jagjit Singh Ji Elibrary NamdhariElibrary@gmail.com

ਸਿਖਾਂ ਦੀ ਤਸੱਲੀ ਹੋ ਜਾਵੇਗੀ।"

ਜਲੰਧਰ ਦੇ ਹੀ ਇਕ ਅਕਾਲੀ ਹਮਾਇਤੀ ਅਖਬਾਰ ਨੇ ਕਾਂਗਰਸੀ ਸਿਖਾਂ ਵਲੋਂ ਪੰਜਾਬੀ ਸੂਬੇ ਬਾਰੇ ਵਖਰੇ ਮੈਮੋਰੰਡਮ ਦੀ ਗੱਲ ਲਿਖੀ ਹੈ। ਉਸ ਲੇਖ ਤੋਂ ਵੀ ਇਹੋ ਹੀ ਗੱਲ ਜ਼ਾਹਰ ਹੁੰਦੀ ਹੈ ਕਿ ਪੰਜਾਬੀ ਸੂਬੇ ਦਾ ਸਵਾਲ ਸਿਖਾਂ ਦੀ ਤਸੱਲੀ ਦਾ ਸਵਾਲ ਹੈ–ਪੰਜਾਬੀ ਜ਼ਬਾਨ ਨਾਲ ਉਸ ਦਾ ਕੋਈ ਸੰਬੰਧ ਨਹੀ। ਇਹ ਸਿਖ ਕਾਂਗਰਸੀ ਹੋਰ ਕੋਈ ਨਹੀਂ ਹਨ–ਗਿਆਨੀ ਕਰਤਾਰ ਸਿੰਘ ਤੇ ਉਹਨਾਂ ਦੇ ਕੁਝ ਸਾਥੀ ਹੀ ਹਨ–ਜਿਹੜੇ ਰੀਜਨਲ ਫ਼ਾਰਮੂਲੇ ਦੇ ਅਧੀਨ ਮਾਸਟਰ ਤਾਰਾ ਸਿੰਘ ਜੀ ਦੇ ਹੁਕਮ ਨਾਲ ਕਾਂਗਰਸੀ ਸਜਕੇ ਵਜ਼ਾਰਤ ਵਿਚ ਜਾ ਪਹੁੰਚੇ ਸਨ। ਅਸਲ ਕਾਂਗਰਸੀ ਸਿਖ ਇਸ ਮੰਗ ਨੂੰ ਫਿਰਕੂ ਮੰਗ ਹੀ ਸਮਝਦੇ ਹਨ–ਜਿਵੇਂ ਕਿ ਸਰਦਾਰ ਦਰਬਾਰਾ ਸਿੰਘ ਸ੍ਰ: ਗੁਰਦਿਆਲ ਸਿੰਘ ਢਿਲੋਂ ਆਦਿ।

ਅਕਾਲੀ ਲੀਡਰਾਂ ਤੇ ਸੈਕੂਲਰਇਜ਼ਮ ਤੇ ਭਾਸ਼ਾ ਪ੍ਰਸਤੀ ਦੇ ਹੋਰੇ ਵਿਚ ਲੁਕੇ ਫਿਰਕੂ ਜਲੰਧਰੀ ਅਖਬਾਰ ਨਵੀਸਾਂ ਬਾਰੇ ਅਸਾਂ ਸਪਸ਼ਟ ਹਾਂ, ਉਹ ਵੀ ਆਪਣੀ ਮੰਗ ਬਾਰੇ ਸਪਸ਼ਟ ਹਨ–ਪਰ ਜੇ ਕੋਈ ਅਸਪਸ਼ਟ ਹੈ ਤੇ ਇਸ ਮੰਗ ਨੂੰ ਅਫਿਰਕੂ ਸਿਧ ਕਰਨ ਲਈ ਜ਼ੋਰ ਲਗਾਉਂਦਾ ਹੈ ਤਾਂ ਉਹ ਪੰਜਾਬ ਦੀ ਕਮਿਊਨਿਸਟ ਪਾਰਟੀ ਹੈ।

ਕਮਿਊਨਿਸਟ ਪਾਰਟੀ ਦਾ ਅਖਬਾਰ ਅਜਕਲ ਪੰਜਾਬੀ ਸੂਬੇ ਦੀ ਮੰਗ ਦੇ ਹੱਕ ਵਿਚ ਜ਼ੋਰ ਨਾਲ ਲਿਖ ਰਿਹਾ ਹੈ। ਉਹ ਇਸ ਮੰਗ ਨੂੰ ਹੱਕੀ ਦੱਸਦਾ ਹੋਇਆ ਦੂਸਰੇ ਭਾਸ਼ਾਈ ਪ੍ਰਾਂਤਾਂ ਦੀਆਂ ਮਿਸਾਲਾਂ ਦੇਂਦਾ ਹੈ, ਅੰਗਰੇਜ਼ ਦੀਆਂ ਕੁਚਾਲਾਂ ਦੇ ਹਵਾਲੇ ਦੇਂਦਾ ਹੈ, ਸੂਬੇ ਦੀ ਮੰਗ ਨੂੰ ਗੈਰ ਫਿਰਕੂ ਆਖਦਾ ਹੈ।

ਅਸਾਂ ਪੰਜਾਬੀ ਸੂਬੇ ਬਾਰੇ ਕੁਝ ਸਵਾਲ ਉਠਾਏ ਸਨ ਜਿਨ੍ਹਾਂ ਨਾਲ ਕਮਿਊਨਿਸਟ ਪਾਰਟੀ ਦਾ ਸੰਬੰਧ ਹੈ, ਕਮਿਊਨਿਸਟ ਪਾਰਟੀ ਦੇ ਅਖਬਾਰ ਨੇ ਉਨ੍ਹਾਂ ਸਵਾਲਾਂ ਦਾ ਸਿਧਾ ਉਤਰ ਨਾ ਦੇ ਕੇ ਵਡੇ ਚੱਕਰ ਵਿਚ ਪਾਉਣ ਦਾ ਦਾ ਯਤਨ ਕੀਤਾ ਹੈ।

ਸਾਡੇ ਸਵਾਲ ਸਪਸ਼ਟ ਹਨ' ਦੋ ਟੁਕ ਹਨ। ਉਹ ਇੰਜ ਹਨ—

(੧) ਪੰਜਾਬੀ ਸੂਬੇ ਦੀ ਮੰਗ ਕਿਥੋਂ ਉਠੀ, ਕਿਸ ਉਠਾਈ ਤੇ ਕਦੋਂ ਉਠਾਈ। ਇਸ ਬਾਰੇ ਸਾਡਾ ਮਤ ਹੈ ਕਿ ਇਹ ਮੰਗ ਅਕਾਲੀ ਲੀਡਰਾਂ ਦੇ ਸਿਖ ਹੋਮ ਲੈਂਡ, ਸਿਖ ਸਟੇਟ, ਖਾਲਸਾ ਰਾਜ ਆਦਿ ਨਾਅਰਿਆਂ ਵਿਚੋਂ ਵਿਗੜਵੇਂ ਰੂਪ ਵਿਚੋਂ ਨਿਕਲੀ, ਅਤਿ ਦੇ ਫਿਰਕੂ ਲੀਡਰ ਮਾਸਟਰ ਤਾਰਾ ਸਿੰਘ ਜੀ ਦੇ ਦਿਮਾਗ ਦੀ ਇਹ ਉਪਜ ਹੈ, ਮਾਸਟਰ ਤਾਰਾ ਸਿੰਘ ਹੀ ਇਸ ਮੰਗ ਦੇ ਬੁਲਾਰੇ ਚਲੇ ਆਏ ਹਨ, ਇਸ ਮੰਗ ਨੂੰ ਮਨਵਾਣ ਲਈ ਜਿੰਨੇ ਅੰਦੋਲਨ ਚਲੇ ਉਨ੍ਹਾਂ ਦੀ ਅਗਵਾਈ ਮਾਸਟਰ ਤਾਰਾ ਸਿੰਘ ਜੀ ਦੇ ਹੱਥ ਹੀ ਰਹੀ ਤੇ ਸ੍ਰੀ ਅੰਮ੍ਰਿਤਸਰ ਦੇ ਹਰਿ ਮੰਦਰ ਦੀ ਕਿਲ੍ਹੇਬੰਦੀ ਵਿਚ ਬਹਿ ਕੇ ਉਹ ਇਨ੍ਹਾਂ ਅੰਦੋਲਣਾਂ ਨੂੰ ਚਲਾਉਂਦੇ ਰਹੇ ਹਨ। ਅੱਜ ਵੀ ਇਹ ਅੰਦੋਲਣ ਮਾਸਟਰ ਜੀ ਦੇ ਚੇਲੇ ਸੰਤ ਫਤੇਹ ਸਿੰਘ ਜੀ ਦੇ ਹੱਥ ਵਿਚ ਹੈ।

ਕਮਿਊਨਿਸਟ ਪਾਰਟੀ ਨੇ ਪੰਜਾਬੀ ਸੂਬੇ ਬਾਰੇ ਕਦੇ ਪਹਿਲ ਕਦਮੀ ਨਹੀਂ ਵਿਖਾਈ, ਕਦੇ ਅੱਗੇ ਹੋ ਕੇ ਅੰਦੋਲਣ ਨਹੀਂ ਕੀਤਾ, ਜਦੋਂ ਅਕਾਲੀਆਂ ਨੇ ਅੰਦੋਲਣ ਸ਼ੁਰੂ ਕੀਤਾ ਓਦੋਂ ਹੀ ਉਸ ਦੇ ਮਗਰ ਲਗ ਕੇ ਇਸ ਮੰਗ ਨੂੰ ਅਫਿਰਕੂ ਸਿੱਧ ਕਰਨ ਦਾ ਜਤਨ ਕੀਤਾ ਹੈ। ਜੇ ਮਾਸਟਰ ਜੀ ਜਾਂ ਸੰਤ ਜੀ ਅੰਦੋਲਣ ਵਿਚੋਂ ਹਾਰ ਕੇ ਬਹਿ ਗਏ ਤਾਂ ਕਮਿਊਨਿਸਟ ਪਾਰਟੀ ਵੀ ਠੰਢੀ ਹੋ ਕੇ ਬਹਿ ਗਈ। ਜੇ ਇਹ ਮੰਗ ਨਿਰੋਲ ਭਾਸ਼ਾਈ ਹੈ ਅਤੇ ਕਮਿਊਨਿਸਟ ਆਪਣੇ ਆਪ ਨੂੰ ਗੈਰ ਫਿਰਕੂ ਆਖਦੇ ਹਨ ਤਾਂ ਜ਼ਰੂਰੀ ਸੀ ਕਿ ਇਸ ਮੰਗ ਦੀ ਅਗਵਾਈ ਕਮਿਊਨਿਸਟ ਪਾਰਟੀ ਦੇ ਹੱਥ ਵਿਚ ਹੁੰਦੀ ਇਸ ਦੇ ਪਿਛੇ ਭਾਰੀ ਹਿੰਦੂ ਗਿਣਤੀ ਵੀ ਹੁੰਦੀ।

(੨) ਕਮਿਊਨਿਸਟਾਂ ਬਾਰੇ ਸਾਡਾ ਦੂਜਾ ਸਵਾਲ ਹੈ ਇਨ੍ਹਾਂ ਦੀ ਇਤਿਹਾਸਕ ਮਜ਼ਹਬ ਪ੍ਰਸਤੀ ਦਾ। ਪਾਕਿਸਤਾਨ ਬਣੇ ਨੂੰ ਅਜੇ ਸਿਰਫ ੧੯ ਹੀ ਸਾਲ ਹੋਏ ਹਨ ਤੇ ਇਹ ਗੱਲ ਹਰ ਕਿਸੇ ਨੂੰ ਯਾਦ ਹੈ ਕਿ ਪਾਕਿਸਤਾਨ ਬਣਾਉਣ ਦੀ ਮੰਗ ਮੰਨਵਾਣ ਲਈ ਜਿਨਾ ਜ਼ੋਰ ਮੁਸਲਿਮ ਲੀਗ ਦਾ ਲਗਦਾ ਸੀ ਉਸ ਤੋਂ ਬਹੁਤਾ ਜ਼ੋਰ ਕਮਿਊਨਿਸਟ ਪਾਰਟੀ ਦਾ ਇਹ ਗੱਲ ਸਿੱਧ ਕਰਨ ਤੇ ਲਗਦਾ ਸੀ ਕਿ ਪਾਕਿਸਤਾਨ ਦੀ ਮੰਗ ਹੱਕੀ ਹੈ, ਇਨਸਾਫ ਉਤੇ ਨਿਰਭਰ ਹੈ। ਕਮਿਊਨਿਸਟ ਪਾਰਟੀ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨੂੰ ਆਤਮ ਨਿਰਣੇ ਦੇ ਅਧਾਰ ਉਤੇ ਲਿਆ ਪਰਚਾਇਆ, ਮੁਸਲਿਮ ਲੀਗ ਦੇ ਝੰਡੇ ਚੁਕੇ, ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ। ਹੁਣ ਕਮਿਊਨਿਸਟ ਅਖਬਾਰ ਵਿਚ ਲਿਖਿਆ ਜਾ ਰਿਹਾ ਹੈ ਕਿ ਪਾਕਿਸਤਾਨ ਅੰਗਰੇਜ਼ ਸਾਮਰਾਜੀਆਂ ਨੇ ਬਣਾਇਆ। ਕਮਿਊਨਿਸਟ ਇਸ ਵਿਚੋਂ ਆਪਣੀ ਹਿੱਸੇਦਾਰੀ ਨੂੰ ਹੁਣ ਖਾਰਜ ਕਿਉਂ ਕਰਨਾ ਚਾਹੁੰਦੇ ਹਨ? ਜੇ ਉਨ੍ਹਾਂ ਨੇ ਓਦੋਂ ਗ਼ਲਤੀ ਕੀਤੀ ਸੀ ਤਾਂ ਉਸ ਨੂੰ ਮੰਨ ਲੈਣਾ ਚਾਹੀਦਾ ਹੈ ਤੇ ਅਗੋਂ ਇਕ ਓਹੋ ਜਿਹੀ ਹੀ ਹੋਰ ਫਿਰਕੂ ਮੰਗ ਨੂੰ ਗੈਰ ਫਿਰਕੂ ਸਿੱਧ ਕਰਨ ਲਈ ਜ਼ੋਰ ਨਹੀਂ ਲਗਾਉਣਾ ਚਾਹੀਦਾ।

(੩) ਕਮਿਊਨਿਸਟ ਪਾਰਟੀ ਪੰਜਾਬੀ ਸੂਬੇ ਦੀ ਮੰਗ ਨੂੰ ਭਾਸ਼ਾ॰,



Sri Satguru Jagjit Singh Ji Elibrary NamdhariElibrary@gmail.com

ਅਤੇ ਅਖਿਰਕੂ ਅਧਾਰ ਦੇਣ ਲਈ ਉਨ੍ਹਾਂ ਸੂਬਿਆਂ ਦੀ ਮਿਸਾਲ ਦੇਂਦੀ ਹੈ ਜਿਨ੍ਹਾਂ ਦੀ ਪੁਨਰ ਵੰਡ ੧੯੪੭ ਤੋਂ ਬਾਅਦ ਹੋਈ ਹੈ। ਕਮਿਊਨਿਸਟ ਪਾਰਟੀ ਪੰਜਾਬ ਦੀ ਨਵੀਂ ਵੰਡ ਦੀ ਮੰਗ ਵੀ ਠੀਕ ਓਸੇ ਆਧਾਰ ਉੱਤੇ ਹੀ ਕਰਦੀ ਹੈ ਪਰ ਉਨ੍ਹਾਂ ਸੂਬਿਆਂ ਦੀ ਤੇ ਪੰਜਾਬ ਦੀ ਪੋਜ਼ੀਸ਼ਨ ਵਿਚ ਜਿਹੜਾ ਬੁਨਿਆਦੀ ਫ਼ਰਕ ਹੈ ਉਸ ਨੂੰ ਲਕੀਰ ਦੀ ਫਕੀਰੀ ਦੀ ਆਪਣੀ ਪੁਰਾਤਨ ਨੀਤੀ ਦੇ ਅਧੀਨ ਵੇਖਣ ਨੂੰ ਵੀ ਤਿਆਰ ਨਹੀਂ। ਆਂਧਰਾ, ਕੇਰਲ, ਮਹਾਂਰਾਸ਼ਟਰ ਗੁਜਰਾਤ ਆਦਿ ਸੂਬਿਆਂ ਦੀ ਭਾਸ਼ਾਈ ਆਧਾਰ ਉੱਤੇ ਪੁਨਰ ਰਚਨਾ ਦੇ ਕੁਝ ਵਿਸ਼ੇਸ਼ ਕਾਰਨ ਹਨ। ਉਨ੍ਹਾਂ ਸੂਬਿਆਂ ਦੀ ਜਨਤਾ ਦੀਆਂ ਸਾਰੀਆਂ ਧਿਰਾਂ ਹਿੰਦੂ ਮੁਸਲਿਮ ਤੇ ਈਸਾਈ-ਇਸ ਗੱਲ ਲਈ ਇਕ ਮੁਠ ਸਨ ਕਿ ਇਕ ਦੂਜੀ ਜ਼ਬਾਨ ਦੇ ਇਲਾਕਿਆਂ ਵਿਚ ਖਲਤ ਮਲਤ ਹੋਏ ਇਲਾਕਿਆਂ ਨੂੰ ਨਖੇੜ ਕੇ ਵਖਰੇ ਵਖਰੇ ਕਰ ਦਿਤਾ ਜਾਵੇ। ਜਨਤਾ ਦੇ ਕਿਸੇ ਹਿੱਸੇ ਵਿਚੋਂ ਵੀ ਵਿਰੋਧ ਨਹੀਂ ਸੀ ਹੁੰਦਾ। ਦੂਜਾ ਕਾਰਨ ਇਹ ਸੀ ਕਿ ਉਨ੍ਹਾਂ ਇਲਾਕਿਆਂ ਦੀ ਆਬਾਦੀ ਵਿਚ ਮੁਲਕ ਦੀ ਵੰਡ ਸਦਕਾ ਕੋਈ ਬੁਨਿਆਦੀ ਵਾਧ ਘਾਟ ਨਹੀਂ ਸੀ ਹੋਈ। ਜਦੋਂ ਕਿ ਜ਼ਬਾਨ ਦਾ ਅੰਤਰ ਇਹੋ ਜਿਹਾ ਸੀ ਕਿ ਤੇਲਗੂ ਵਾਲਿਆਂ ਨੂੰ ਤਮਿਲ ਦੀ ਸਮਝ ਨਹੀਂ ਸੀ ਆਉਂਦੀ ਅਤੇ ਤਮਿਲ ਵਾਲਿਆਂ ਨੂੰ ਮਲਿਆਲਮ ਦੀ ਸਮਝ ਨਹੀਂ ਸੀ ਆਉਂਦੀ। ਓਥੇ ਕਿਸੇ ਧਿਰ ਨੂੰ ਵੀ ਇਹ ਸ਼ਕ ਨਹੀਂ ਸੀ ਕਿ ਨਵੀਂ ਵੰਡ ਅਨੁਸਾਰ ਕਿਸੇ ਦੂਸਰੇ ਫ਼ਿਰਕੇ ਦਾ ਰਾਜ ਉਸ ਧਿਰ ਉਤੇ ਹੋ ਜਾਏਗਾ।

ਪੰਜਾਬ ਵਿਚ ਇਸ ਤੋਂ ਬਿਲਕੁਲ ਉਲਟ ਹਾਲਤ ਹੈ। ਬੇਸ਼ਕ ਇਹ ਆਖਿਆ ਜਾਂਦਾ ਹੈ ਕਿ ਅੰਗਰੇਜ਼ਾਂ ੧੮੫੭ ਦੀ ਬਗਾਵਤ ਦੀ ਸਜ਼ਾ ਦੇਣ ਲਈ ਹਰਿਆਣੇ ਦੇ ਕੁਝ ਇਲਾਕੇ ਨੂੰ ਉਤਰ ਪ੍ਰਦੇਸ਼ ਨਾਲੋਂ ਅਡ ਕੀਤਾ ਸੀ—ਪਰ ਇਹ ਇਲਾਕਾ ਠੀਕ ਪੰਜਾਬ ਨਾਲ ਮਿਲਦਾ ਹੈ, ਜ਼ਬਾਨ ਦੀ ਦੂਰੀ ਕੋਈ ਨਹੀਂ, ਸਰਹਦਾਂ ਦੀ ਦੂਰੀ ਕੋਈ ਨਹੀਂ, ਸੁਭਾਅ ਦੀ ਦੂਰੀ ਕੋਈ ਨਹੀਂ। ਅਜ ਉਤਰ ਪਰਦੇਸ਼ ਦੇ ਸਾਧਾਰਨ ਵਿਅਕਤੀ ਹਰਿਆਣੇ ਦੇ ਸਾਧਾਰਨ ਵਿਅਕਤੀ ਤੇ ਪੰਜਾਬੀ ਬੋਲਦੇ ਇਲਾਕੇ ਦੇ ਸਾਧਾਰਨ ਵਿਅਕਤੀ ਨੂੰ ਕੋਲ ਕੋਲ ਖਲਿਹਾਰ ਕੇ ਵੇਖਿਆਂ ਸਪਸ਼ਟ ਦਿਸ ਪਏਗਾ ਕਿ ਨਸਲ, ਆਕਾਰ, ਪਰਕਾਰ ਸੁਭਾਅ ਭਾਸ਼ਾ ਤੇ ਰਹੁ ਰੀਤ ਵਿਚ ਹਰਿਆਨਵੀ ਸਾਧਾਰਨ ਆਦਮੀ ਪੰਜਾਬੀ ਬੋਲਦੇ ਇਲਾਕੇ ਦੇ ਸਾਧਾਰਨ ਆਦਮੀ ਨਾਲ ਮਿਲਦਾ ਦਿਸੇਗਾ, ਉਤਰ ਪ੍ਰਦੇਸ਼ ਦੇ ਆਦਮੀ ਨਾਲ ਬਿਲਕੁਲ ਨਹੀਂ। ਪੰਜਾਬ ਦੇ ਪੋਠੋਹਾਰ ਇਲਾਕੇ ਤੋਂ ਸ਼ੁਰੂ ਹੋ ਕੇ ਪੰਜਾਬੀ ਜਿਹਨਾਂ ਅਨੇਕ ਉਪ ਬੋਲੀਆਂ ਦੇ ਰੂਪ ਧਾਰਦੀ ਅੰਬਾਲੇ ਤਕ ਪਹੁੰਚਦੀ ਹੈ—ਜੇ ਹਰਿਆਨਵੀ ਨੂੰ ਵੀ ਉਸੇ ਹੀ ਸਿਲਸਲੇ ਦੀ ਕੜੀ ਦੇ ਰੂਪ ਵਿਚ ਵੇਖਣ ਦੀ ਭਾਸ਼ਾਈ ਸੂਝ ਵਰਤੀ ਜਾਵੇ ਤਾਂ ਇਹ ਸਪਸ਼ਟ ਹੋ ਜਾਵੇਗਾ ਕਿ ਹਰਿਆਨਵੀ ਪੰਜਾਬੀ ਦੀ ਹੀ ਇਕ ਉਪ ਭਾਖਾ ਹੈ—ਉਤਰ ਪ੍ਰਦੇਸ਼ ਦੀ ਪੂਰਬੀ ਜਾਂ ਹਿੰਦੀ ਦੀ ਨਹੀਂ। ਪੱਛਮੀ ਪੰਜਾਬ ਵਿਚ ਉਪ ਭਾਖਾਵਾਂ ਦਾ ਪਰਸਪਰ ਤੌਰ ਤੇ ਜਿੰਨਾ ਫਰਕ ਸੀ ਉਸ ਦੇ ਮੁਕਾਬਲੇ ਵਿਚ ਹਰਿਆਨਵੀ ਦਾ ਬਹੁਤ ਘਟ ਹੈ। ਪਛਮੀ ਪੰਜਾਬ ਦੀ ਮੁਲਤਾਨੀ, ਪੋਠੋਹਾਰੀ, ਝਾਂਗੀ ਆਦਿ ਬੋਲੀਆਂ ਵਿਚੋਂ ਅਜ ਵੀ ਅਨੇਕਾਂ ਸ਼ਬਦਾਂ ਦੀ ਕੇਂਦਰੀ ਪੰਜਾਬ ਵਾਲਿਆਂ ਨੂੰ ਸਮਝ ਨਹੀਂ ਆਉਂਦੀ। ਕੇਂਦਰੀ ਪੰਜਾਬ ਦੇ ਜਟ ਤੇ ਹਰਿਆਣੇ ਦੇ ਜਾਟ ਦੇ ਕਦ ਕਾਠ ਅਤੇ ਸੁਭਾ ਵਿਚ ਫਰਕ ਲਭਣਾ ਔਖਾ ਹੈ ਜਦੋਂ ਕਿ ਉਤਰ ਪ੍ਰਦੇਸ਼ ਦੇ ਕਿਸਾਨ ਨਾਲ ਇਹਨਾਂ ਦਾ ਫਰਕ ਪਰਤੱਖ ਹੈ।

(੨੦ ਅਕਤੂਬਰ ੧੯੬੫)

੧੯੪੭ ਤੋਂ ਪਹਿਲਾਂ ਪੰਜਾਬ ਦੀ ਕਮਿਊਨਿਸਟ ਪਾਰਟੀ ਨੇ ਇਕ ਵਾਰੀ ਵੀ ਇਹ ਨਹੀਂ ਕਿਹਾ ਕਿ ਅਜ਼ਾਦੀ ਮਿਲਣ ਤੋਂ ਬਾਅਦ ਪੰਜਾਬ ਦੀ ਭਸ਼ਾਈ ਆਧਾਰ ਉਤੇ ਪੁਨਰ ਰਚਨਾ ਕੀਤੀ ਜਾਏਗੀ ਅਤੇ ਹਰਿਆਣੇ ਨੂੰ ਅੱਡ ਕਰ ਦਿਤਾ ਜਾਏਗਾ।

ਅਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਤੇ ਅਜ ਦੇ ਪੰਜਬ ਵਿਚ ਬੁਨਿਆਦੀ ਫ਼ਰਕ ਹੈ। ਓਦੋਂ ਦੇ ਪੰਜਾਬ ਦਾ ਬਹੁਤਾ ਹਿਸਾ ਅਜ ਪਾਕਿਸਤਾਨ ਵਿਚ ਹੈ, ਪੰਜਾਬੀ ਬੋਲਣ ਵਾਲਾ ਬਹੁਤਾ ਇਲਾਕਾ ਇਸ ਵੇਲੇ ਪਾਕਿਸਤਾਨ ਦਾ ਹਿਸਾ ਹੈ। ਉਸ ਵਡੇ ਹਿਸੇ ਦੇ ਪੰਜਾਬੀ ਓਧਰੋਂ ਉਜੜ ਕੇ ਹਰਿਆਣੇ ਵਿਚ ਵਸ ਗਏ ਹਨ। ਕੇਂਦਰੀ ਪੰਜਾਬ ਵਿਚ ਜ਼ਮੀਨ ਦੀ ਤੰਗੀ ਹੈ। ਉਹ ਜ਼ਮੀਨ ੧੯੪੭ ਤੋਂ ਪਹਿਲਾਂ ਦੇ ਵਸਨੀਕਾਂ ਨੂੰ ਵੀ ਪੂਰੀ ਨਹੀਂ ਆ ਰਹੀ ਤੇ ਓਧਰੋਂ ਵੀ ਬਹੁਤ ਸਾਰੇ ਲੋਕਾਂ ਨੇ ਹਰਿਆਣੇ ਦੇ ਕੁਝ ਇਲਾਕਿਆਂ ਵਿਚ ਜ਼ਮੀਨਾਂ ਖਰੀਦੀਆਂ ਤੇ ਵਸਾਈਆਂ ਹਨ।

ਹਰਿਆਣੇ ਵਿਚ ਪਛਮੀ ਪੰਜਾਬ ਤੇ ਪਛਮੀ ਪੰਜਾਬ ਨਾਲ ਲਗਦੇ ਪੂਰਬੀ ਪੰਜਾਬ ਦੇ ਕੁਝ ਹਿਸਿਆਂ ਦੇ ਲੋਕ ਭਾਰੀ ਗਿਣਤੀ ਵਿਚ ਆ ਵੱਸੇ ਹਨ।

ਇੰਜ ਪੰਜਾਬ ਦੀ ਸਥਿਤੀ ਵਿਚ ਇਕ ਬੁਨਿਆਦੀ ਫਰਕ ਪਿਆ ਹੈ ਜਿਹੜਾ ਕਿ ਆਂਧਰਾ, ਮਹਾਂਰਾਸ਼ਟਰ ਤੇ ਗੁਜਰਾਤ ਆਦਿ ਵਿਚ ਨਹੀਂ ਪਿਆ। ਇਹ ਲੋਕ ਪੰਜਾਬੀ ਹਨ ਤੇ ਪੰਜਾਬੀ ਹੋਣ ਦੀ ਹੈਸੀਅਤ ਵਿਚ



Sri Satguru Jagjit Singh Ji Elibrary NamdhariElibrary@gmail.com

ਇਹਨਾਂ ਨੂੰ ਪੰਜਾਬੀ ਜ਼ਬਾਨ ਨੂੰ ਮਿਲਣ ਵਾਲੇ ਦਰਜੇ ਦੀਆਂ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ । ਜੇ ਹਰਿਆਣੇ ਨੂੰ ਬਾਕੀ ਦੇ ਪੰਜਾਬ ਨਾਲੋਂ ਅੱਡ ਕਰ ਦਿਤਾ ਜਾਵੇ ਤਾਂ ਹਰਿਆਣੇ ਵਿਚ ਵਸਦੇ ਪਛਮੀ ਪੰਜਾਬ ਦੇ ਵਸਨੀਕਾਂ ਨੂੰ ਪੰਜਾਬੀ ਜ਼ਬਾਨ ਸਬੰਧੀ ਸਾਰੀਆਂ ਸਹੂਲਤਾਂ ਤੋਂ ਵਿਰਵਿਆਂ ਹੋਣਾ ਪਏਗਾ ਅਤੇ ਜਾਂ ਵਧ ਤੋਂ ਵਧ ਉਹ ਸਹੂਲਤਾਂ ਮਿਲਣਗੀਆਂ ਜਿਹੜੀਆਂ ਹੋਰਨਾਂ ਸੂਬਿਆਂ ਵਿਚ ਵਸਦੇ ਦੁਰੇਡੀਆਂ ਭਾਸ਼ਾਵਾਂ ਦੇ ਲੋਕਾਂ ਨੂੰ ਮਿਲਦੀਆਂ ਹਨ । ਉਸ ਹਾਲਾਤ ਵਿਚ ਪਛਮੀ ਪੰਜਾਬ ਤੋਂ ਆਏ ਲੋਕਾਂ ਲਈ ਵਡੀ ਗਿਣਤੀ ਵਿਚ ਫਿਰ ਵਖਰੇ ਪੰਜਾਬੀ ਸਕੂਲਾਂ ਦੀ ਲੋੜ ਹੋਵੇਗੀ, ਅਦਾਲਤਾਂ, ਕਚਹਿਰੀਆਂ ਤੇ ਦਫ਼ਤਰਾਂ ਵਿਚ ਫਿਰ ਉਹੋ ਪੰਜਾਬੀ ਤੇ ਹਿੰਦੀ ਦਾ ਸਵਾਲ ਖੜੇ ਰਹੇਗਾ ।

ਅਤੇ ਇਸ ਤੋਂ ਵੀ ਵੱਡਾ ਤੇ ਸਭ ਤੋਂ ਵਧ ਖਤਰਨਾਕ ਸਵਾਲ ਹੋਵੇਗਾ ਪੁਰਾਣੇ ਮੁਕਾਮੀ ਲੋਕਾਂ ਦਾ ਤੇ ੧੯੪੭ ਤੋਂ ਬਅਦ ਬਾਹਰੋਂ ਆਏ ਲੋਕਾਂ ਦੀ ਨੌ ਅਬਾਦੀ ਦਾ । ਜੇ ਹਰਿਆਣੇ ਦੇ ਲੋਕਾਂ ਨੂੰ ਗੈਰ ਪੰਜਾਬੀ ਮੰਨ ਕੇ ਉਹਨਾਂ ਨਾਲੋਂ ਅਡਰਾ ਪੰਜਾਬੀ ਸੂਬਾ ਹੀ ਬਣਾਨਾ ਹੈ ਤਾਂ ਉਸ ਗੈਰ ਪੰਜਾਬੀ ਇਲਾਕੇ ਵਿਚ ਉਥੋਂ ਦੇ ਪੁਰਾਣੇ ਲੋਕਾਂ ਦੇ ਲਗ ਭਗ ਬਰਾਬਰ, ਜਾਂ ਕਿਤੇ ਵਧ ਤੇ ਕਿਤੇ ਘਟ ਪੰਜਾਬੀ ਨੌ ਆਬਾਦ ਕਾਰੀ ਬਾਰੇ ਉਥੋਂ ਦੇ ਅਸਲ ਵਸਨੀਕਾਂ ਦੀਆਂ ਭਾਵਨਾਵਾਂ ਦਾ ਵਿਕਾਸ ਕਿਵੇਂ ਹੋਵੇਗਾ ਇਸ ਦਾ ਅਨੁਮਾਨ ਹਰ ਕੋਈ ਲਗਾ ਸਕਦਾ ਹੈ । ਅਜ ਨਹੀਂ ਤਾਂ ਪੰਜ, ਦਸ, ਵੀਹ ਜਾਂ ਪੰਜਾਹ ਸਾਲ ਬਾਅਦ ਤੰਗ ਨਜ਼ਰ ਕੌਮੀਅਤ ਦੀ ਭਾਵਨਾ ਹਰਿਆਣੇ ਦੇ ਅਖੌਤੀ ਗੈਰ ਪੰਜਾਬੀ ਲੋਕਾਂ ਦੇ ਮਨ ਵਿਚ ਪੰਜਾਬੀਆਂ ਦੇ ਪ੍ਰਤੀ ਵਿਰੋਧ ਜਾਗੇਗਾ, ਉਹ ਇਹ ਸਮਝਣ ਲਈ ਮਜਬੂਰ ਹੋਣਗੇ ਕਿ ਇਹ ਗੈਰ ਲੋਕ ਸਾਡੀ ਧਰਤੀ ਦੀ ਪੈਦਾਵਾਰ ਵਿਚ, ਸਾਡੇ ਦਫਤਰਾਂ ਦੀਆਂ ਨੌਕਰੀਆਂ ਵਿਚ ਹਿਸਾ ਵੰਡਾ ਰਹੇ ਹਨ—ਜੋ ਕਿ ਗੈਰ ਮੁਨਾਸਿਬ ਹੈ । ਹਰਿਆਣਾ ਪ੍ਰਾਂਤ ਬਣ ਜਾਣ ਨਾਲ ਜਾਂ ਪੰਜਾਬੀ ਸੂਬਾ ਬਣ ਜਾਣ ਨਾਲ ਹਰਿਆਣਾ ਵਿਚ ਸਮਸਿਆਵਾਂ ਜਿਸ ਨਵੀਂ ਸ਼ਕਲ ਵਿਚ ਉਭਰਨਗੀਆਂ ਉਨ੍ਹਾਂ ਬਾਰੇ ਕਮਿਊਨਿਸਟ ਪਾਰਟੀ ਖਾਮੋਸ਼ ਹੈ । ਦੋ ਭਾਸ਼ੀ ਪੰਜਾਬ ਰਹਿਣ ਨਾਲ ਵੀ ਕਮਿਊਨਿਸਟ ਪਾਰਟੀ ਦੀ ਲਕੀਰ ਦੀ ਫਕੀਰੀ ਨੂੰ ਫਰਕ ਜ਼ਰੂਰ ਪੈਂਦਾ ਹੈ ਪਰ ਪੰਜਾਬ ਦੇ ਸਭ ਹਿਸਿਆਂ ਦੇ ਲੋਕਾਂ ਦਾ ਜੀਵਨ ਪਰਸਪਰ ਤੌਰ ਤੇ ਇਕ ਦੂਜੇ ਉਤੇ ਅਧਾਰਤ ਤੇ ਪਰੇਮ ਵਾਲਾ ਜ਼ਰੂਰ ਰਹਿ ਸਕਦਾ ਹੈ ਕਿਉਂਕਿ ਇੰਜ ਹੋਣ ਨਾਲ ਪੰਜਾਬ ਦੀ ਸਾਰੀ ਧਰਤੀ ਉਤੇ ਮਾਲਕੀ ਦਾ ਹਕ ਸਾਰੇ ਪੰਜਾਬੀਆਂ ਦਾ ਰਹਿੰਦਾ ਹੈ, ਸਰਕਾਰੀ ਨੌਕਰੀਆਂ ਵਿਚ ਹਰ ਕੋਈ ਅਪਣਾ ਹਕ ਸਮਝ ਕੇ ਜਾ ਸਕਦਾ ਹੈ । ਧਰਤੀ ਦੀ ਮਾਲਕੀ ਦਾ ਸਬੰਧ ਜੇ ਹਲਵਾਹਕ ਨਾਲ ਹੈ ਤਾਂ ਉਹ ਹਕੂਮਤ ਨਾਲ ਵੀ ਘਟ ਨਹੀਂ । ਜੇ ਪੰਜਾਬੀਆਂ ਦੀ ਧਰਤੀ ਦੀ ਮਾਲਕੀ ਤਾਂ ਹਰਿਆਣੇ ਵਿਚ ਹੋਵੇ ਅਤੇ ਪੰਜਾਬੀਆਂ ਦੀ ਹਕੂਮਤ ਹੋਵੇ ਪੰਜਾਬ ਵਿਚ—ਤਾਂ ਤਲਖੀ ਅਤੇ ਅਸੰਤੁਸ਼ਟਤਾ ਦਾ ਸਦੀਵੀ ਕਾਰਨ ਬਣਿਆ ਰਹੇਗਾ ।

ਉਸ ਹਾਲਤ ਵਿਚ ਵੀ ਕਿਸੇ ਵੇਲੇ ਆਸਾਮ ਵਿਚੋਂ ਬੰਗਾਲੀਆਂ ਨੂੰ ਮਾਰ ਮਾਰ ਕੇ ਕਢ ਦੇਣ ਵਾਲੀ ਹਾਲਤ ਪੈਦਾ ਹੋ ਸਕਦੀ ਹੈ ।

ਬੰਗਾਲੀਆਂ ਤੇ ਆਸਾਮੀਆਂ ਦੀ ਆਪਸ ਵਿਚ ਹਰ ਤਰਾਂ ਦੀ ਨੇੜਤਾ ਹੈ । ਅਸਮੀਆਂ ਭਾਸ਼ਾ ਨੂੰ ਬੰਗਾਲੀ ਲੋਕ ਸਮਝਦੇ ਹਨ ਤੇ ਬੰਗਾਲੀ ਭਾਸ਼ਾ ਨੂੰ ਆਸਾਮੀ ਲੋਕ । ਦੋਹਾਂ ਭਾਸ਼ਾਵਾਂ ਦੀ ਲਿਪੀ ਇਕੋ ਹੈ—ਕੇਵਲ ਦੋ ਅਖਰਾਂ ਨੂੰ ਛਡ ਕੇ । ਦੋਹਾਂ ਪ੍ਰਾਂਤਾਂ ਦੀਆਂ ਜਾਤਾਂ ਲਗ ਭਗ ਇਕੋ ਹਨ ਪਹਿਰਾਵਾ ਇਕੋ ਹੈ, ਰਹਿਣ ਸਹਿਣ ਖਾਣ ਪੀਣ ਇਕੋ ਹੈ । ਫਿਰ ਵੀ ਤੰਗ ਨਜ਼ਰ ਕੌਮੀਅਤ ਦਾ ਜਜ਼ਬਾ ਉਥੇ ਜਾਗਿਆ ਜਿਸਨੇ ਆਸਾਮ ਵਿਚ ਵਸੇ ਬੰਗਾਲੀਆਂ ਦੇ ਖਿਲਾਫ ਫਸਾਦ ਭੜਕਾਏ । ਅਤੇ ਸਵਾਈ ਗੱਲ ਇਹ ਹੈ ਕਿ ਉਹਨਾਂ ਫਸਾਦਾਂ ਨੂੰ ਭੜਕਾਉਣ ਦੀ, ਆਸਾਮੀਆਂ ਦੇ ਮਨਾਂ ਵਿਚ ਬੰਗਾਲੀਆਂ ਦੇ ਵਿਰੁਧ ਨਫਰਤ, ਇਲਾਕਾ ਪ੍ਰਸਤੀ ਦਾ ਜਜ਼ਬਾ ਜਗਾਉਣ ਦੀ ਸਾਰੀ ਲਹਿਰ ਨੂੰ ਆਸਾਮ ਦੀ ਕਮਊਨਿਸਟ ਪਾਰਟੀ ਨੇ ਜਥੇਬੰਦ ਕੀਤਾ ਸੀ । ਉਥੇ ਵੀ ਕਮਿਊਨਿਸਟਾਂ ਨੇ ਹੀ ਇਹ ਸਵਾਲ ਉਠਾਇਆ ਸੀ ਕਿ ਆਸਾਮ ਵਿਚ ਕੇਵਲ ਅਸਮੀਆ ਜ਼ਬਾਨ ਹੀ ਰਾਜ ਭਾਸ਼ਾ ਬਣ ਸਕਦੀ ਹੈ ਬੰਗਾਲੀ ਦੂਜੀ ਭਾਸ਼ਾ ਨਹੀਂ ਬਣ ਸਕਦੀ । ਅਜ ਹਰਿਆਣੇ ਵਿਚ ਪੁਰਾਣੇ ਹਰਿਆਣਾ ਵਾਸੀ ਲੀਡਰਾਂ ਦੀ ਕਮਿਊਨਿਸਟ ਪਾਰਟੀ ਹੈ ਨਹੀਂ । ਹਰਿਆਣੇ ਵਿਚ ਕਮਿਊਨਿਸਟ ਪਾਰਟੀ ਵਲੋਂ ਚਲਣ ਵਾਲੀਆਂ ਸਭ ਤਰਾਂ ਦੀਆਂ ਲਹਿਰਾਂ ਤੇ ਜਲੰਧਰ ਤੋਂ ਕੰਟਰੋਲ ਕੀਤਾ ਜਾਂਦਾ ਹੈ ਤੇ ਸ੍ਰੀ ਟੀਕਾ ਰਾਮ ਸੁਖਨ ਜੋ ਗੈਰ ਹਰਿਆਣਵੀ ਲੀਡਰ ਹਰਿਆਣੇ ਦੀਆਂ ਕਮਿਊਨਿਸਟ ਹਲਚਲਾਂ ਦੇ ਇਨਚਾਰਜ ਹਨ । ਪਰ ਭਲਕ ਨੂੰ ਹਰਿਆਣੇ ਦੇ ਅਸਲ ਵਸਨੀਕਾਂ ਵਿਚੋਂ ਵੀ ਕਮਿਊਨਿਸਟ ਲੀਡਰ ਤਿਆਰ ਹੋ ਸਕਦੇ ਹਨ ਉਹ ਲੀਡਰ ਇਸੇ ਤਰਾਂ ਹੀ ਤੰਗ ਨਜ਼ਰ ਕੌਮ ਪ੍ਰਸਤੀ ਦੀ ਭਾਵਨਾ ਨੂੰ ਜਗਾ ਸਕਦੇ ਹਨ । ਦੂਜੇ ਬੰਨੇ ਪੰਜਾਬ ਦੇ ਪਹਾੜੀ ਇਲਾਕਿਆਂ ਦੀ ਤੰਗ ਨਜ਼ਰ ਕੌਮ ਪ੍ਰਸਤੀ ਨੂੰ ਮੈਦਾਨੀ ਪੰਜਾਬ ਦੇ ਲੋਕਾਂ ਵਿਰੁਧ ਜਗਾਇਆ ਜਾ ਰਿਹਾ ਹੈ



Sri Satguru Jagjit Singh Ji Elibrary NamdhariElibrary@gmail.com

ਕਮਿਊਨਿਸਟ ਪਾਰਟੀ ਹਰਿਆਣਾ ਪ੍ਰਾਂਤ ਤੇ ਪੰਜਾਬੀ ਸੂਬੇ ਦੇ ਸਵਾਲ ਨੂੰ ਨਿਰੋਲ ਭਾਸ਼ਾਈ ਸਵਾਲ ਆਖਦੀ ਹੈ, ਫਿਰਕੂ ਨਹੀਂ । ਪਰ ਵਿਸ਼ਾਲ ਪਹਾੜੀ ਇਲਾਕਿਆਂ ਨੂੰ ਪੰਜਾਬ ਨਾਲੋਂ ਅੱਡ ਕਰਕੇ ਹਿਮਾਚਲ ਤੇ ਪੰਜਾਬ ਦੇ ਪਹਾੜੀ ਇਲਾਕਿਆਂ ਨੂੰ ਮਿਲਾ ਕੇ ਇਕ ਵਡਾ ਪਹਾੜੀ ਰਾਜ ਬਣਾਨ ਲਈ ਉਹ ਜ਼ਬਾਨ ਦੇ ਆਧਾਰ ਉਤੇ ਨਹੀਂ ਪਹਾੜੀ ਤੇ ਗੈਰ ਪਹਾੜੀ ਦੇ ਆਧਾਰ ਉਤੇ ਜਤਨ ਕਰ ਰਹੀ ਹੈ। ਪਹਾੜ ਵਿਚ ਜਾ ਕੇ ਕਮਿਊਨਿਸਟ ਪਾਰਟੀ ਦਾ ਜ਼ਬਾਨਾ ਬਾਰੇ ਫਾਰਮੂਲਾ ਬਦਲ ਜਾਂਦਾ ਹੈ।

(੨੧ ਅਕਤੂਬਰ ੧੯੬੫)

ਜੇ ਪੰਜਾਬ ਦੇ ਕਮਿਊਨਿਸਟ ਲੀਡਰ ਪੰਜਾਬ ਤੇ ਹਿਮਾਚਲ ਦੇ ਦੂਰ ਨੇੜੇ ਦੇ ਪਹਾੜੀ ਇਲਾਕਿਆਂ ਵਿਚ ਘੁਮੇ ਹੋਣ ਤਾਂ ਉਹ ਅਸਾਨੀ ਨਾਲ ਵੇਖ ਚੁਕੇ ਹੋਣਗੇ ਕਿ ਪੰਜਾਬ ਦੇ ਪਹਾੜ ਵਿਚ ਹੀ ਪੰਜਾਬੀ ਹਿੰਦੀ ਤੇ ਤਿਬਤੀ ਨਾਲ ਮਿਲਦੀਆਂ ਜ਼ਬਾਨਾ ਲਿਖੀਆਂ ਬੋਲੀਆਂ ਜਾਂਦੀਆਂ ਹਨ । ਜੇ ਕਾਂਗੜਾ ਤੇ ਸ਼ਿਮਲਾ ਪੰਜਾਬੀ ਬੋਲਦਾ ਇਲਾਕਾ ਹੈ ਤਾਂ ਲਾਹੁਲਸਪਿਤੀ ਅਤੇ ਰਾਮ ਪੁਰ ਬੁਸ਼ਹਿਰ ਵਿਚ ਪੰਜਾਬੀ-ਹਿੰਦੀ ਤੋਂ ਕੋਹਾਂ ਦੂਰ ਤਿਬਤੀ ਜਿਹੀ ਕੋਈ ਭਾਸ਼ਾ ਲਿਖੀ ਬੋਲੀ ਜਾਂਦੀ ਹੈ । ਉਸ ਭਾਸ਼ਾ ਦੀਲਿਪੀ ਨਾਲ ਨਹੀਂ ਮਿਲਦੀ ਜੁਲਦੀ। ਜੇ ਕਾਂਗੜੇ ਤੇ ਸ਼ਿਮਲੇ ਦਾ ਪਹਾੜੀ ਆਦਮੀ ਪੰਜਾਬੀਆਂ ਦੀ ਸ਼ਕਲ ਸੂਰਤ, ਅਕਾਰ ਪ੍ਰਕਾਰ ਤੇ ਪਹਿਰਾਵੇ ਵਾਲਾ ਹੈ ਤਾਂ ਲਾਹੁਲਸਪਿਤੀ ਅਤੇ ਰਾਮ ਪੁਰ ਬੁਸ਼ਹਿਰ ਦਾ ਪਹਾੜੀ ਆਦਮੀ ਸ਼ਕਲ-ਸੂਰਤ, ਅਕਾਰ ਪਰਕਾਰ, ਭਾਸ਼ਾ, ਵਿਹਾਰ, ਰਸਮ ਰਿਵਾਜ ਸਭ ਕਾਸੇ ਵਲੋਂ ਵਖਰਾ ਹੈ । ਪਹਾੜ ਵਿਚ ਜੇ ਇਕ ਬੋਲੀ ਚਲੇ ਤਾਂ ਕੀ ਦੂਜੀਆਂ ਬੋਲੀਆਂ ਵਾਲਿਆਂ ਉਤੇ ਉਹ ਅਤਿ-ਆਚਾਰ ਨਹੀਂ ਹੋਵੇਗਾ ?

ਪਹਾੜੀ ਧਰਤੀ ਦੇ ਸਾਧਨ ਸੀਮਤ ਹਨ । ਮੈਦਾਨੀ ਇਲਾਕਿਆਂ ਨਾਲ ਮਿਲ ਕੇ ਪਹਾੜ ਤੇ ਮੈਦਾਨ ਪਰਸਪਰ ਤੌਰ ਤੇ ਇਕ ਦੂਜੇ ਦੀ ਅਮੀਰੀ ਨੂੰ ਵਧਾ ਸਕਦੇ ਹਨ, ਘਟ ਖਰਚ ਨਾਲ ਵਧ ਲੋੜਾਂ ਪੂਰੀਆ ਹੋ ਸਕਦੀਆਂ ਤੇ ਵਿਕਾਸ ਲਈ ਸਹੂਲਤਾਂ ਦਿਤੀਆਂ ਲਈਆਂ ਜਾ ਸਕਦੀਆਂ ਹਨ । ਇਕੱਲਾ ਪਹਾੜ ਆਤਮ ਨਿਰਭਰ ਨਹੀਂ ਹੋ ਸਕਦਾ ਅਤੇ ਇਕੱਲਾ ਮੈਦਾਨੀ ਇਲਾਕਾ ਪਹਾੜ ਦੀ ਉਪਜ ਤੋਂ ਬਿਨਾਂ ਨਹੀਂ ਜਿਊ ਸਕਦਾ ।

ਕਮਿਊਨਿਸਟ ਪਾਰਟੀ ਜਾਣਦੀ ਹੈ ਕਿ ਪੰਜਾਬੀ ਸੂਬੇ ਦੀ ਮੰਗ ਇਕ ਇਹੋ ਜਿਹੀ ਪਾਰਟੀ ਵਲੋਂ ਉਠੀ ਹੈ ਜਿਸ ਦਾ ਸਾਰਾ ਢਾਂਚਾ ਹੀ ਫਿਰਕੂ ਹੈ। ਜਿਸ ਅਕਾਲੀ ਪਾਰਟੀ ਨੇ ਆਪਣੇ ਪੰਜਾਹ ਸਾਲਾ ਜੀਵਨ ਵਿਚ ਹੀ ਸਦੀਆਂ ਦੇ ਸਾਂਝੇ ਹਿੰਦੂ-ਸਿਖ ਸੰਸਕਾਰਾਂ ਨੂੰ ਇਕ ਦੂਜੇ ਦੇ ਪ੍ਰਤੀ ਨਫਰਤ ਨਾਲ ਭਰ ਦਿਤਾ ਹੈ। ਉਸ ਪਾਰਟੀ ਦੀਆਂ ਸਰਗਰਮੀਆਂ ਦਾ ਹੀ ਇਹ ਨਤੀਜਾ ਹੈ ਕਿ ਧੁਰੋਂ ਇਕ ਕੌਮ, ਇਕ ਜਾਤ, ਇਕੋ ਧਰਮੀ ਹਿੰਦੂ-ਸਿੱਖ ਹਰ ਨਵੇਂ ਦਿਨ ਇਕ ਦੂਜੇ ਤੋਂ ਦੂਰ ਹੁੰਦੇ ਗਏ ਹਨ ਤੇ ਅਜ ਦੋਹਾਂ ਧਿਰਾਂ ਦਾ ਇਕ ਦੂਜੇ ਬਾਰੇ ਸ਼ੱਕ ਸਿਖਰ ਨੂੰ ਪੁਜਾ ਹੋਇਆ ਹੈ।

ਇਤਿਹਾਸਕ ਗੁਰਦੁਵਾਰਿਆਂ ਉਤੇ ਜਦੋਂ ਤੋਂ ਇਸ ਪਾਰਟੀ ਦਾ ਕਬਜ਼ਾ ਹੋਇਆ ਹੈ ਓਦੋਂ ਤੋਂ ਗੁਰਦੁਵਾਰਿਆਂ ਬਾਰੇ ਹਿੰਦੂਆਂ ਦੀ ਉਪਰਾਮਤਾ ਲਗਾ-ਤਾਰ ਵਧਦੀ ਹੀ ਚਲੀ ਜਾ ਰਹੀ ਹੈ। ਸਿਖ ਸਟੇਟ ਦੀ ਆੜ ਵਿਚ ਜਾਂ ਪੰਜਾਬੀ ਸੂਬੇ ਦੀ ਆੜ ਵਿਚ ਇਕ ਅਜਿਹੀ ਫਿਰਕੂ ਰੁਚੀ ਵਧਾਈ ਜਾ ਰਹੀ ਹੈ ਕਿ ਸਿੱਖ ਆਪਣੇ ਆਪ ਨੂੰ ਹਿੰਦੂਆਂ ਨਾਲੋਂ ਵਖਰੀ ਕੋਈ ਕੌਮ ਸਮਝਣ ਲਗ ਪਏ ਹਨ ਤੇ ਉਹ ਇਕ ਵਖਰੀ ਕੌਮ ਦੇ ਨਾਤੇ ਤਦ ਸੰਤੁਸ਼ਟ ਹੁੰਦੇ ਹਨ ਜੇ ਉਹਨਾਂ ਦੀ ਬਹੁ ਗਿਣਤੀ ਵਾਲਾ ਪੰਜਾਬੀ ਸੂਬਾ ਬਣੇ ਤਾਂ।

ਕਮਿਊਨਿਸਟ ਉਸੇ ਸੂਬੇ ਦੀ ਹਮਾਇਤ ਜ਼ਬਾਨ ਦੇ ਅਧਾਰ ਉਤੇ ਉਸ ਮੰਗ ਨੂੰ ਅਫਿਰਕੂ ਕਹਿ ਕੇ ਕਰ ਰਹੇ ਹਨ।

ਕਮਿਊਨਿਸਟ ਜਾਣਦੇ ਹਨ ਕਿ ਪੰਜਾਬੀ ਸੂਬੇ ਬਾਰੇ ਸਹੀ ਜਾਂ ਗਲਤ-ਇਹ ਧਾਰਨਾ ਬਣ ਗਈ ਹੈ ਕਿ ਇਸ ਨਾਲ ਪੰਜਾਬ ਦੇ ਇਕ ਫਿਰਕੇ ਦਾ ਹੀ ਸੰਬੰਧ ਹੈ। ਹਿੰਦੂ ਪੰਜਾਬ ਦੀ ਕੋਈ ਅਣਗੌਲੀ ਛਡਣ ਵਾਲੀ ਗਿਣਤੀ ਨਹੀਂ ਹਨ, ਜ ਉਹ ਸਮੁਚੇ ਤੌਰ ਤੇ ਇਸ ਤਰ੍ਹਾਂ ਦੇ ਸੂਬ ਤੋਂ ਸ਼ੱਕ ਵਿਚ ਪੈ ਕੇ ਉਸਦਾ ਵਿਰੋਧ ਕਰਦੇ ਹਨ ਤਾਂ ਇਸ ਮੰਗ ਨੂੰ ਭਾਵੇਂ ਕੋਈ ਵੀ ਅਧਾਰ ਦਿਤਾ ਜਾਵੇ ਫਿਰਕੂ ਮਨਾਫਰਤ, ਡਰ ਤੇ ਸ਼ੱਕ ਲਗਾਤਾਰ ਵਧਦੇ ਹੀ ਚਲੇ ਜਾਣਗੇ । ਕਮਿਊਨਿਸਟ ਪਾਰਟੀ ਆਪਣੇ ਆਪ ਨੂੰ ਪੰਜਾਬੀ ਜ਼ਬਾਨ ਦੀ ਆੜ ਵਿਚ ਖਲਿਹਾਰ ਕੇ ਪੰਜਾਬ ਨੂੰ ਇਸ ਦੇ ਫਿਰਕੂ ਅਸਰਾਂ ਅਤੇ ਸਿਟਿਆਂ ਤੋਂ ਨਹੀਂ ਬਚਾ ਸਕਦੀ।

ਸਾਡਾ ਦੇਸ਼ ਜਿਸ ਸਨਅਤੀ ਇਨ-ਕਲਾਬ ਦੇ ਦੌਰ ਵਿਚ ਦਾਖਲ ਹੋ ਕੇ ਅਗਾਂਹ ਵਧਣ ਦੀ ਤਿਆਰੀ ਕਰ ਰਿਹਾ ਹੈ ਉਹ ਕੇਂਦਰਿਤ ਆਰਥਕਤਾ ਤੇ ਸਨਅਤੀ ਢਾਂਚੇ ਵਿਚ ਹੀ ਸੰਭਵ ਹੋ ਸਕਦਾ ਹੈ। ਛੋਟੇ ਛੋਟੇ ਇਲਾਕਿਆਂ ਵਿਚ ਸਨਅਤੀ ਵਿਕਾਸ ਦੀ ਰਫਤਾਰ ਸੀਮਤ ਹੋ ਜਾਂਦੀ ਹੈ ਪਰਬੰਧ ਦੇ ਖਰਚੇ ਵਧ ਜਾਂਦੇ ਹਨ ।

ਲਕੀਰ ਦੀ ਫਕੀਰੀ ਗਤੀਸ਼ੀਲਤਾ



Sri Satguru Jagjit Singh Ji Elibrary NamdhariElibrary@gmail.com

ਦਾ ਚਿੰਨ ਨਹੀਂ ਪਛੜੇ ਹੋਣ ਦੀ ਸੂਚਨਾ ਦੇਂਦੀ ਹੈ। ਠੀਕ ਹੈ ਕਿ ਇਕ ਸਮੇਂ ਦੇਸ਼ ਦੇ ਨੇਤਾਵਾਂ ਨੇ ਭਾਸ਼ਾਈ ਸੂਬਿਆਂ ਦਾ ਨਾਅਰਾ ਦਿਤਾ ਸੀ, ਉਸ ਉਤੇ ਕਈ ਥਾਵੀਂ ਅਮਲ ਵੀ ਹੋਇਆ ਹੈ। ਪਰ ਇਕੋ ਗੱਲ ਹਰ ਥਾਂ ਲਾਗੂ ਨਹੀ ਹੋ ਸਕਦੀ। ਇਕ ਥਾਂ ਤੇ ਹਲਾਤ ਇਕ ਤਰ੍ਹਾਂ ਦੇ ਹੁੰਦੇ ਹਨ ਦੂਜੀ ਥਾਂ ਤੇ ਦੂਸਰੀ ਤਰ੍ਹਾਂ ਦੇ। ਸਮੇਂ ਅਨੁਸਾਰ ਨੀਤੀਆਂ ਵੀ ਬਦਲਣੀਆਂ ਪੈਂਦੀਆਂ ਹਨ। ਜੇ ਪੰਜਾਬੀ ਸੂਬੇ ਦੀ ਤੇ ਹਰਿਆਣਾ ਪ੍ਰਾਂਤ ਦੀ ਰਚਨਾ ਨਾਲ ਸ਼ਕ ਸੁਬਹੇ ਹੀ ਵਧਣੇ ਹਨ, ਪੰਜਾਬ ਨੇ ਸੰਗੜ ਕੇ ਪਛੜਨਾ ਹੀ ਹੈ, ਰਖਿਆ ਦੇ ਮਾਮਲੇ ਵਿਚ ਕਮਜ਼ੋਰ ਹੀ ਹੋਣਾ ਹੈ ਤਾਂ ਲਕੀਰੀ ਦੀ ਫਕੀਰੀ ਦੀ ਬਜਾਏ ਬੁਧੀ ਸਹਾਰਾ ਲੈਣਾ ਹੀ ਲਾਭਦਾਇਕ ਹੈ।

ਪੰਜਾਬ ਦਾ ਰੀਜਨਲ ਫਾਰਮੂਲਾ ਮਾਸਟਰ ਤਾਰਾ ਸਿੰਘ ਜੀ ਦੀ ਮੰਗ ਦਾ ਇਕ ਹੱਲ ਸੀ। ਉਸ ਮੁਤਾਬਕ ਮਾਸਟਰ ਜੀ ਦੇ ਸਿਖ ਸਰਕਾਰ ਵਿਚ ਵੀ ਰਲੇ ਗਏ, ਕਾਂਗਰਸੀ ਵੀ ਸਜ ਗਏ, ਪਰ ਮਾਸਟਰ ਜੀ ਤੇ ਉਹਨਾਂ ਦੇ ਕੁਝ ਸਾਥੀ ਵੇਹਲੇ ਕੀ ਕਰਦੇ? ਉਹਨਾਂ ਨੇ ਫਿਰ ਆਪਣੇ ਥੈਲੇ ਵਿਚੋਂ ਪੰਜਾਬੀ ਸੂਬੇ ਦਾ ਨਾਅਰਾ ਕਢ ਲਿਆ। ਪਹਿਲਾਂ ਨਾਲੋਂ ਫਿਰਕੂ ਖਿਚੋਤਾਣ ਹੋਰ ਵਧ ਗਈ ਹੈ। ਹੁਣ ਪੰਜਾਬੀ ਸੂਬਾ ਬਣਾ ਦਿਓ-ਭਲਕ ਨੂੰ ਸਿਖ ਸਟੇਟ ਦਾ ਨਾਅਰਾ ਖੜਾ ਕਰ ਲਓ। ਪੰਜਾਬੀ ਸੂਬੇ ਨਾਲ ਸਿਖਾਂ ਦੀ ਸੰਤੁਸ਼ਟਤਾ ਨੂੰ ਜਦੋਂ ਜੋੜ ਦਿਤਾ ਗਿਆ ਹੈ ਤਾਂ ਭਲਕ ਨੂੰ ਇਸ ਸੰਤੁਸ਼ਟਤਾ ਦੀ ਹੱਦ ਅਜ਼ਾਦ ਸਿਖ ਸਟੇਟ ਤਕ ਜਾਂਦਿਆਂ ਕਿਹੜਾ ਫਰਕ ਪੈਣਾ ਹੈ? ਮਾਸਟਰ ਜੀ ਦਾ ਆਤਮ ਨਿਰਨੇ ਦੇ ਹੱਕ ਦਾ ਸਵਾਲ ਅਜ ਵੀ ਜਿਉਂ ਦਾ ਤਿਉਂ ਖੜਾ ਹੈ। ਉਹਨਾਂ ਦੇ ਨਾਲ ਹੋਰ ਲੋਕ ਵੀ ਹੈ ਨੇ। ਮਾਸਟਰ ਜੀ ਇਹ ਕਹਿੰਦੇ ਹਨ ਕਿ ਪੰਜਾਬੀ ਸੂਬਾ ਪਹਿਲਾ ਪੜਾ ਹੈ ਸਿਖ ਸਟੇਟ ਮੰਜ਼ਿਲ।

ਕਮਿਊਨਿਸਟ ਪਾਰਟੀ ਕੋਲ ਇਸ ਦੀ ਰੋਕ ਦਾ ਕੀ ਸਾਧਨ ਹੈ?

ਕਮਿਊਨਿਸਟ ਪਾਰਟੀ ਹੋਰ ਕਈ ਗੱਲਾਂ ਦਸਦੀ ਹੈ ਪਰ ਇਹ ਨਹੀਂ ਦਸਦੀ ਕਿ ਜੇ ਪੰਜਾਬੀ ਸੂਬਾ ਨਹੀਂ ਬਣਦਾ ਤਾਂ ਪੰਜਾਬ ਦਾ ਕੀ ਨੁਕਸਾਨ ਹੁੰਦਾ ਹੈ ਅਤੇ ਜੇ ਬਣ ਜਾਂਦਾ ਹੈ ਤਾਂ ਕੀ ਲਾਭ ਹੋਵੇਗਾ।

(੨੨ ਅਕਤੂਬਰ ੧੯੬੫)

ਕਮਿਊਨਿਸਟ ਪਾਰਟੀ ਨੇ ਪੰਜਾਬੀ ਸੂਬੇ ਤੇ ਹਰਿਆਣਾ ਪਰਾਂਤ ਦੇ ਹੱਕ ਵਿਚ ਇਕ ਇਤਿਹਾਸਕ ਗੱਲ ਦੀ ਚਰਚਾ ਚਲਾਈ ਹੈ ਜਿਸ ਨੂੰ ਪੰਜਾਬੀ ਸੂਬੇ ਦੇ ਹਰ ਹਮਾਇਤੀ ਨੇ ਅੰਧ ਵਿਸ਼ਵਾਸ ਨਾਲ ਮੰਨ ਲਿਆ ਹੈ। ਡਾਕਟਰ ਪੱਟਾਭੀ ਸੀਤਾ ਰਾਮੱਈਆ ਨੇ ਬਿਨਾ ਕਿਸੇ ਇਤਿਹਾਸਕ ਪਰਮਾਣ ਦੇ ਪਤਾ ਨਹੀਂ ਕਿਵੇਂ ਇਹ ਲਿਖ ਦਿਤਾ ਹੈ ਕਿ ੧੮੫੭ ਦੇ ਗਦਰ ਵਿਚ ਅੰਗਰੇਜ਼ਾਂ ਵਿਰੁਧ ਵਧ ਚੜ੍ਹ ਕੇ ਹਿੱਸਾ ਲੈਣ ਕਰਕੇ ਹਰਿਆਣੇ ਦੇ ਇਲਾਕੇ ਨੂੰ ਸਜ਼ਾ ਦੇਣ ਦੇ ਇਰਾਦੇ ਨਾਲ ਅੰਗਰੇਜ਼ੀ ਸਰਕਾਰ ਨੇ ਪੰਜਾਬ ਨਾਲ ਜੋੜ ਦਿਤਾ। ਇਸ ਤਰ੍ਹਾਂ ਕਰਨ ਦਾ ਅੰਗਰੇਜ਼ੀ ਸਰਕਾਰ ਦਾ ਇਹ ਮਨੋਰਥ ਸੀ ਕਿ ਹਰਿਆਣਾ ਪਛੜ ਜਾਏ।

ਉਪਰੋਕਤ ਗੱਲ ਇਤਿਹਾਸਕ ਪੱਖ ਤੋਂ ਕੋਰਾ ਝੂਠ ਹੈ। ੧੮੫੭ ਦੇ ਗ਼ਦਰ ਵਿਚ ਜਿਨ੍ਹਾਂ ਇਲਾਕਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਸੀ ਉਨ੍ਹਾਂ ਵਿਚ ਹਰਿਆਣਾ ਕਿਤੇ ਨਹੀਂ ਆਉਂਦਾ। ਇਸ ਗਦਰ ਵਿਚ ਜਿਨ੍ਹਾਂ ਇਲਾਕਿਆਂ ਨੇ ਹਿੱਸਾ ਲਿਆ, ਉਹ ਇਹ ਹਨ—ਮੇਰਠ, ਦਿੱਲੀ, ਅਲੀਗੜ੍ਹ, ਮੈਨਪੁਰੀ, ਇਟਾਵਾ ਨਸੀਰਾਬਾਦ, ਰੁਹੇਲ ਖੰਡ, ਬਰੇਲੀ, ਸ਼ਾਹਜਹਾਂਪੁਰ, ਮੁਰਾਦਾਬਾਦ, ਬਦਾਯੂੰ, ਆਜ਼ਮਗੜ੍ਹ, ਬਨਾਰਸ, ਜੌਨਪੁਰ, ਇਲਾਹਬਾਦ, ਕਾਨਪੁਰ, ਸਤੀਚੌਰਾ, ਝਾਂਸੀ, ਅਵਧ, ਸੀਤਾਪੁਰ, ਫ਼ਰੁਖ਼ਾਬਾਦ ਫੈਜ਼ਾਬਾਦ, ਸੁਲਤਾਨਪੁਰ, ਅਤੇ ਲਖਨਊ ਆਦਿ। ਪੰਜਾਬ ਵੱਲ ਇਸ ਗਦਰ ਵਿਚ ਫ਼ੀਰੋਜ਼ਪੁਰ, ਲੁਧਿਆਣਾ, ਪੇਸ਼ਾਵਰ, ਹੋਤੀ ਮਰਦਾਨ, ਜਲੰਧਰ, ਆਦਿ ਵਿਚ ਗੜਬੜ ਹੋਈ।

ਪੰਡਿਤ ਸੁੰਦਰ ਲਾਲ ਪੰਜਾਬੀ ਸੂਬੇ ਦੇ ਕਟੜ ਹਮਾਇਤੀਆਂ ਵਿਚੋਂ ਇਕ ਰਹੇ ਹਨ। ਉਨ੍ਹਾਂ ਨੇ 'ਭਾਰਤ ਵਿਚ ਅੰਗਰੇਜ਼ੀ ਰਾਜ' ਦਾ ਇਤਿਹਾਸ ਲਿਖਿਆ ਹੈ ਜੋ ਕਿ ਇਕ ਪਰਮਾਣੀਕ ਗਰੰਥ ਹੈ। ਉਸ ਵਿਚ ਆਪ ਲਿਖਦੇ ਹਨ—'ਹੁਣ ਅਸੀਂ ਫਿਰ ਇਨਕਲਾਬ ਦੇ ਸਭ ਤੋਂ ਵਡੇ ਗੜ੍ਹ ਦਿੱਲੀ ਵਲ ਆਉਂਦੇ ਹਾਂ। ਅਸੀਂ ਉਪਰ ਲਿਖ ਚੁਕੇ ਹਾਂ ਕਿ ਲਾਰਡ ਕੈਨਿੰਗ ਨੇ ਦਿਲੀ ਦੀ ਖਬਰ ਮਿਲਦਿਆਂ ਹੀ ਕਮਾਂਡਰ ਇਨ ਚੀਫ ਜਨਰਲ ਐਨਸਨ ਨੂੰ ਹੁਕਮ ਕੀਤਾ ਕਿ ਤੁਸੀਂ ਫੌਰਨ ਦਿੱਲੀ ਉਤੇ ਚੜ੍ਹਾਈ ਕਰਕੇ ਦਿਲੀ ਨੂੰ ਮੁੜ ਕੇ ਫਤੇਹ ਕਰੋ। ਜਨਰਲ ਐਨਸਨ ਸ਼ਿਮਲੇ ਤੋਂ ਅੰਬਾਲੇ ਪਹੁੰਚਾ। ਅੰਬਾਲੇ ਪਹੁੰਚ ਕੇ ਉਸਨੇ ਦਿੱਲੀ ਉਤੇ ਚੜ੍ਹਾਈ ਕਰਨ ਦੀ ਤਿਆਰੀ ਸ਼ੁਰੂ ਕੀਤੀ। ਇਸ ਕੰਮ ਵਿਚ ਐਨਸਨ ਨੂੰ ਬੜੀ ਔਖਿਆਈ ਦਾ ਸਾਹਮਣਾ ਕਰਨਾ ਪਇਆ ਅਤੇ ਬੜੀ ਦੇਰ ਲੱਗੀ। ਕਾਰਨ ਇਹ ਸੀ ਕਿ ਅੰਬਾਲੇ ਅਤੇ ਉਸਦੇ ਲਾਗੇ ਚਾਗੇ ਦਾ ਕੋਈ ਹਿੰਦੁਸਤਾਨੀ ਅੰਗਰੇਜ਼ਾਂ ਨੂੰ ਕਿਸੇ ਤਰ੍ਹਾਂ ਦੀ ਸਹਾਇਤਾ ਦੇਣ ਲਈ ਤਿਆਰ ਨਹੀਂ ਸੀ। ਐਨਸਨ ਨੂੰ ਨਾ ਗਡੀਆਂ ਮਿਲਦੀਆਂ ਸਨ, ਨਾ ਮਜ਼ਦੂਰ ਨਾ ਰਸਦ ਮਿਲਦੀ ਅਤੇ ਨਾ ਚਾਰਾ। ਇਤਿਹਾਸ ਲੇਖਕ ਜਾਨ ਲਿਖਿਆ ਹੈ—

'ਹਰ ਸ਼ਰੇਣੀ ਦੇ ਭਾਰਤ ਵਾਸੀ



Sri Satguru Jagjit Singh Ji Elibrary NamdhariElibrary@gmail.com

ਸਾਥੋਂ ਦੂਰ ਰਹੇ। ਇਹ ਲੋਕ ਚੁਪ ਬੈਠੇ ਹੋਏ ਇਸ ਗੱਲ ਦੀ ਉਡੀਕ ਕਰ ਰਹੇ ਸਨ ਕਿ ਹਾਲਾਤ ਕਿਸ ਪਾਸੇ ਮੁੜਦੇ ਹਨ, ਸਰਮਾਏਦਾਰਾਂ ਤੋਂ ਲੈ ਕੇ ਕੁਲੀਆਂ ਤਕ ਸਾਰੇ ਇਕ ਸਮਾਨ ਸਾਨੂੰ ਸਹਾਇਤਾ ਦੇਣ ਤੋਂ ਸੰਕੋਚ ਕਰਦੇ ਸਨ, ਕਿਉਂਕਿ ਉਹਨਾਂ ਨੂੰ ਸ਼ੱਕ ਸੀ ਕਿ ਮੁਮਕਿਨ ਹੈ ਸਾਡਾ ਰਾਜ ਇਕੋ ਦਿਨ ਵਿਚ ਉਖੜਕੇ ਡਿਗ ਪਵੇ।'

ਉਪਰਲੇ ਦੋਹਾਂ ਹਵਾਲਿਆਂ ਤੋਂ ਸਪਸ਼ਟ ਹੈ ਕਿ ਦਿੱਲੀ ਤੋਂ ਅੰਬਾਲੇ ਦੇ ਵਿਚਕਾਰਲੇ ਇਲਾਕੇ ਵਿਚੋਂ ਅੰਗਰੇਜ਼ਾਂ ਨੂੰ ਸਹਿਯੋਗ ਤਾਂ ਭਾਵੇਂ ਸਿਖ ਰਿਆਸਤਾਂ (ਪਟਿਆਲਾ, ਨਾਭਾ ਅਤੇ ਜੀਂਦ) ਤੋਂ ਬਿਨਾਂ ਕਿਸੇ ਨੇ ਨਹੀਂ ਸੀ ਦਿਤਾ, ਪਰ ਗ਼ਦਰ ਵਿਚ ਅੰਗਰੇਜ਼ਾਂ ਦੇ ਖ਼ਿਲਾਫ਼ ਹਥਿਆਰ ਵੀ ਨਹੀਂ ਚੁਕੇ। ਸਗੋਂ ਚੁਪ ਕਰਕੇ ਹਾਲਾਤ ਦੀ ਰਫ਼ਤਾਰ ਨੂੰ ਹੀ ਵੇਖਦੇ ਰਹੇ।

ਇਸ ਹਾਲਤ ਵਿਚ ਇਹ ਕਹਿਣਾ ਕਿ ਅੰਗਰੇਜ਼ਾਂ ਨੇ ਹਰਿਆਣੇ ਦੇ ਇਲਾਕੇ ਨੂੰ ਗ਼ਦਰ ਵਿਚ ਵਧ ਚੜ੍ਹ ਕੇ ਹਿਸਾ ਲੈਣ ਦੇ ਕਸੂਰ ਵਜੋਂ ਸਜ਼ਾ ਦੇਣ ਲਈ ਪੰਜਾਬ ਨਾਲ ਮਿਲਾ ਦਿੱਤਾ—ਇਤਿਹਾਸ ਵਿਚ ਇਕ ਵਡੇ ਝੂਠ ਨੂੰ ਸ਼ਾਮਲ ਕਰਨ ਤੋਂ ਵਧ ਕੁਝ ਨਹੀਂ।

ਬੇਸ਼ੱਕ ਅੰਗਰੇਜ਼ਾਂ ਨੇ ਗ਼ਦਰ ਦੇ ਦਿਨਾਂ ਵਿਚ ਹਰਿਆਣੇ ਦੇ ਲੋਕਾਂ ਉਪਰ ਅਕਹਿ ਜ਼ੁਲਮ ਕੀਤੇ ਸਨ। ਪਰ ਉਹ ਜ਼ੁਲਮ ਇਸ ਡਰ ਤੋਂ ਦਹਿਸ਼ਤ ਫੈਲਾਉਣ ਲਈ ਕੀਤੇ ਸਨ ਕਿ ਕਿਧਰੇ ਗ਼ਦਰ ਦੇ ਕੇਂਦਰ ਦਿੱਲੀ ਦੇ ਅਸਰ ਹੇਠ ਆਣ ਕੇ ਇਹ ਲੋਕ ਵੀ ਭੜਕ ਨਾ ਉਠਣ। ਬਗ਼ਾਵਤ ਜਾਂ ਹਥਿਆਰ ਚੁਕਣ ਦੀ ਕਿਸੇ ਘਟਨਾ ਨੂੰ ਕਾਰਨ ਬਣਾਕੇ ਇਸ ਇਲਾਕੇ ਨੂੰ ਹੀ ਸਜ਼ਾ ਦੇ ਦੇਣ ਵਾਲੀ ਗੱਲ ਗ਼ੈਰ ਇਤਿਹਾਸਕ ਹੈ—ਜਦੋਂ ਕਿ ਜਿਨ੍ਹਾਂ ਇਲਾਕਿਆਂ ਨੇ ਗ਼ਦਰ ਵਿਚ ਵਧ ਚੜ੍ਹਕੇ ਹਿਸਾ ਲਿਆ ਉਨ੍ਹਾਂ ਨੂੰ ਵੀ ਬਾਅਦ ਵਿਚ ਇਸ ਪੱਖ ਤੋਂ ਇਹੋ ਜਿਹੀ ਕੋਈ ਸਜ਼ਾ ਨਹੀਂ ਦਿਤੀ ਗਈ।

ਕੋਈ ਪੁਛੇ ਕਿ ਹਰਿਆਣੇ ਨੂੰ ਤਾਂ ਇਕ ਸਜ਼ਾ ਵਜੋਂ ਪੰਜਾਬ ਨਾਲ ਜੋੜ ਦਿਤਾ ਗਿਆ—ਪਰ ਦੱਖਣ ਵਿਚ ਕਿਸ ਜੁਰਮ ਬਦਲੇ ਤਿੰਨ ਤਿੰਨ ਜ਼ਬਾਨਾਂ ਦੇ ਇਲਾਕਿਆਂ ਨੂੰ ਨਰੜ ਦਿੱਤਾ ਗਿਆ ਅਤੇ ਇਸ ਦੇ ਬਾਵਜੂਦ ਉਹ ਇਲਾਕੇ ਉੱਨਤ ਹੋਏ ਹਨ, ਦੱਖਣ ਦੇ ਉਹ ਸਾਰੇ ਇਲਾਕੇ ਹੀ ਸਾਹਿਤ ਕਲਾ, ਸਨਅਤ ਤੇ ਰਾਜਨੀਤੀ ਵਲੋਂ ਭਾਰਤ ਦੇ ਵਧੀਆ ਇਲਾਕਿਆਂ ਵਿਚੋਂ ਹਨ। ਮਹਾਂਰਾਸ਼ਟਰ ਤੇ ਗੁਜਰਾਤ ਦੇ ਭਾਸ਼ਾ ਦੇ ਅਧਾਰ ਉਤੇ ਵੱਖ ਵੱਖ ਸੂਬੇ ਬਣਨ ਤੋਂ ਪਹਿਲਾਂ ਉਹ ਦੋਵੇਂ ਸੂਬੇ ਕਿਸ ਪਾਸਿਉਂ ਪਛੜੇ ਹੋਏ ਸਨ? ਖਾਸ ਕਰਕੇ ਹਰਿਆਣੇ ਤੇ ਕੇਂਦਰੀ ਪੰਜਾਬ ਨਾਲੋਂ? ਕੀ ਉਹ ਦੋਨੋ ਸੂਬੇ ਹੀ ਹਿੰਦੁਸਤਾਨ ਦੇ ਸਭ ਤੋਂ ਵਧ ਸਨਅਤੀ ਅਹਿਮੀਅਤ ਵਾਲੇ ਨਹੀਂ, ਰਾਜਨੀਤਕ ਤੌਰ ਤੇ ਉਹ ਅਤਿ ਜਾਗਰਤ ਇਲਾਕਿਆਂ ਵਿਚੋਂ ਚਲੇ ਆ ਰਹੇ ਹਨ ਸਾਹਿਤ ਤੇ ਕਲਾ ਵਲੋਂ ਉਹ ਅਤਿ ਉਨਤ ਹਨ।

ਹਰਿਆਣੇ ਦਾ ਇਲਾਕਾ ਜੇ ਇਸੇ ਕਰਕੇ ਪਛੜਿਆ ਹੋਇਆ ਮੰਨ ਲਈਏ ਤਾਂ ਕੀ ਪੱਛਮੀ ਪੰਜਾਬ ਨੂੰ ਅਸੀਂ ਅਗੇ ਵਧਿਆ ਮੰਨ ਲਵਾਂਗੇ? ੧੯੪੭ ਤਕ ਪੱਛਮੀ ਪੰਜਾਬ ਵਿਚ ਲਾਹੌਰ ਨੂੰ ਛਡ ਕੇ ਬਾਕੀ ਦੇ ਕਿੰਨੇ ਸ਼ਹਿਰਾਂ ਵਿਚ ਸਨਅਤੀ ਤੇ ਸਭਿਆਚਾਰਕ ਵਿਕਾਸ ਹੋ ਚੁਕਾ ਸੀ?

ਸਪਸ਼ਟ ਗੱਲ ਇਹ ਹੈ ਕਿ ਦਿੱਲੀ ਤੋਂ ਪੰਜਾਬ ਵਲ ਵਧਦਿਆਂ ਹੋਇਆਂ ਅੰਗਰੇਜ਼ਾਂ ਨੇ ਉਹ ਸਾਰੇ ਇਲਾਕੇ ਸਿਧੇ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਜਿਹੜੇ ਕਿਸੇ ਦੇਸੀ ਰਾਜੇ ਦੀ ਰਿਆਸਤ ਵਿਚ ਨਹੀਂ ਸਨ ਆਉਂਦੇ ਅਤੇ ਚੂੰਕਿ ਪੰਜਾਬ ਦੇ ਸਿਖ ਰਾਜਿਆਂ ਨੇ ਗ਼ਦਰ ਵੇਲੇ ਅੰਗਰੇਜ਼ਾਂ ਦਾ ਸਾਥ ਦਿਤਾ ਸੀ ਇਸ ਲਈ ਉਹਨਾਂ ਦੀਆਂ ਰਿਆਸਤਾਂ ਨੂੰ ਉਹਨਾਂ ਦੇ ਅਧੀਨ ਹੀ ਰਹਿਣ ਦਿਤਾ ਗਿਆ।

ਪੰਜਾਬ ਦੀ ਤਰੱਕੀ ਅੰਗਰੇਜ਼ਾਂ ਦੇ ਵੇਲੇ ਵਿਉਂਤਬੰਦ ਢੰਗ ਨਾਲ ਨਹੀਂ ਕੀਤੀ ਗਈ। ਜਿਸ ਥਾਂ ਦੇ ਲੋਕਾਂ ਨੇ [illegible]ਕਾਮੀ ਤੌਰ ਤੇ ਅੰਗਰੇਜ਼ਾਂ ਦੀ ਮਦਦ ਨਾਲ ਜੋ ਕਰਨਾ ਚਾਹਿਆ ਉਸ ਵਿਚ ਅੰਗਰੇਜ਼ਾਂ ਨੇ ਸਹਾਇਤਾ ਕੀਤੀ।

ਆਜ਼ਾਦੀ ਤੋਂ ਬਾਅਦ ਵਿਕਾਸ ਦਾ ਜਿਹੜਾ ਦੌਰ ਸ਼ੁਰੂ ਹੋਇਆ ਹੈ ਉਸ ਵਿਚ ਹਰਿਆਣਾ ਇਸ ਗੱਲੋਂ ਪਿਛੇ ਨਹੀਂ ਕਿ ਉਹ ਦੋ ਭਾਸ਼ੀ ਇਲਾਕਾ ਹੈ। ਜੇ ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਨੂੰ ਹਰਿਆਣੇ ਨਾਲੋਂ ਅਗਾਂਹ ਵਧਿਆ ਹੋਇਆ ਮੰਨ ਲਈਏ ਅਤੇ ਹਰਿਆਣੇ ਦੇ ਪਛੜੇਵੇਂ ਨੂੰ ਉਸਦਾ ਦੋ ਭਾਸ਼ੀ ਹੋਣਾ ਮੰਨ ਲਈਏ ਤਾਂ ਕਮਿਊਨਿਸਟ ਪਾਰਟੀ ਇਹ ਦੱਸਣ ਦੀ ਖੇਚਲ ਜ਼ਰੂਰ ਕਰੇ ਕਿ ਪੰਜਾਬੀ ਬੋਲਦੇ ਪੰਜਾਬ ਨੇ ਪੰਜਾਬੀ ਜ਼ਬਾਨ ਦੇ ਸਹਾਰੇ ਹੀ ਤਰੱਕੀ ਕੀਤੀ ਹੈ? ਜਾਂ ਅੰਗਰੇਜ਼ੀ ਰਾਜ ਵੇਲੇ ਦੇ ਪੰਜਾਬੀ ਬੋਲਦੇ ਤਰੱਕੀ ਯਾਫ਼ਤਾ ਪੰਜਾਬ ਦੀ ਤਰੱਕੀ ਦਾ ਇਹ ਕਾਰਨ ਮੰਨ ਲਿਆ ਜਾਵੇ ਕਿ ਪੰਜਾਬ ਦੇ ਉਸ ਇਲਾਕੇ ਨੇ ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਕੋਈ ਸੰਗ੍ਰਾਮ ਨਹੀਂ ਕੀਤਾ—ਕਿਉਂਕਿ ਕਮਿਊਨਿਸਟ ਪਾਰਟੀ ਹਰਿਆਣੇ ਦੇ ਪਛੜੇਵੇਂ ਦਾ ਕਾਰਨ ਉਸ ਦਾ ਅੰਗਰੇਜ਼ੀ ਰਾਜ ਵਿਰੁਧ ਵਿਦਰੋਹ ਦੱਸਦੀ ਹੈ।

ਇਸ ਅਧਾਰ ਉੱਤੇ ਜ਼ਿਲਾ ਲੁਧਿਆਣਾ ਨੂੰ ਕੋਈ ਵੀ ਸਜ਼ਾ ਕਿਉਂ ਨਾ ਦਿੱਤੀ ਗਈ ਸਗੋਂ ਉਸ ਨੂੰ ਪੰਜਾਬ ਦਾ ਸਭ ਤੋਂ ਵੱਧ ਪੜ੍ਹਿਆ ਲਿਖਿਆ ਇਲਾਕਾ ਬਣਾ ਦਿੱਤਾ ਗਿਆ—ਜਦੋਂ ਕਿ ੧੮੫੭ ਦੇ ਗ਼ਦਰ ਵਿਚ ਲੁਧਿ-



Sri Satguru Jagjit Singh Ji Elibrary NamdhariElibrary@gmail.com

ਆਣਾ, ਫਿਲੌਰ ਤੇ ਜਲੰਧਰ ਨੇ ਹੀ ਮੁਖ ਹਿੱਸਾ ਪਾਇਆ। ਪੰਡਿਤ ਸੁੰਦਰ ਲਾਲ ਜੀ ਲਿਖਦੇ ਹਨ—

"ਜੇਲ੍ਹ ਇਨਕਲਾਬੀਆਂ ਨੇ ਦੁਪਹਿਰ ਵੇਲੇ ਲੁਧਿਆਣੇ ਵਿਚ ਪ੍ਰਵੇਸ਼ ਕੀਤਾ। ਲੁਧਿਆਣੇ ਦਾ ਨਗਰ ਪੰਜਾਬ ਵਿਚ ਇਨਕਲਾਬ ਦਾ ਕੇਂਦਰ ਸੀ। ਨਗਰ ਭਰ ਵਿਚ ਉਸ ਦਿਨ ਸਭ ਪਾਸੇ ਇਨਕਲਾਬ ਸੀ। ਜੇਹਲਖਾਨਾ ਤੋੜ ਦਿੱਤਾ ਗਿਆ, ਅੰਗਰੇਜ਼ਾਂ ਦੇ ਮਕਾਨ ਸਾੜ ਦਿੱਤੇ ਗਏ, ਸਰਕਾਰੀ ਖਜ਼ਾਨੇ ਉੱਤੇ ਕਬਜ਼ਾ ਕਰ ਲਿਆ ਗਿਆ। ਇਸ ਤੋਂ ਬਾਅਦ ਜਲੰਧਰ, ਫਿਲੌਰ ਅਤੇ ਲੁਧਿਆਣੇ ਦੀਆਂ ਫੌਜਾਂ ਰਲ ਕੇ ਆਜ਼ਾਦੀ ਦੀ ਜੰਗ ਵਿਚ ਹਿੱਸਾ ਲੈਣ ਲਈ ਦਿੱਲੀ ਵੱਲ ਰਵਾਨਾ ਹੋ ਗਈਆਂ।

ਸੰਨ ੫੭ ਦੇ ਇਨਕਲਾਬ ਵਿੱਚ ਪੰਜਾਬ ਵਲੋਂ ਇਹੋ ਹੀ ਮੁਖ ਸਹਾਇਤਾ ਸੀ।"

(੨੩ ਅਕਤੂਬਰ ੧੯੬੫)

## ਇਕ ਅਕਾਲੀ ਪਤਰਕਾਰ ਦਾ ਦ੍ਰਿਸ਼ਟੀਕੋਣ

ਜਲੰਧਰ ਦੇ ਇਕ ਰੋਜ਼ਾਨਾ ਪੰਜਾਬੀ ਅਖਬਾਰ 'ਅਜੀਤ' ਦੇ ਸੰਪਾਦਕ ਨੇ 'ਨਵਾਂ ਹਿੰਦੁਸਤਾਨ' ਦੇ ਪੰਜਾਬੀ ਸੂਬੇ ਬਾਰੇ ਕੁਝ ਲੇਖਾਂ ਦੇ ਉਤਰ ਵਿਚ ਇਕ ਲੇਖ ਲਿਖਿਆ ਹੈ।

ਇਹ ਸੰਪਾਦਕ ਸਾਹਿਬ ਹਰ ਉਸ ਆਦਮੀ, ਸੰਸਥਾ, ਪਾਰਟੀ ਤੇ ਅਖਬਾਰ ਉਤੇ ਗੁੱਸੇ ਹਨ ਜਿਸ ਵਲੋਂ ਪੰਜਾਬੀ ਸੂਬੇ ਦੇ ਵਿਰਕੂ ਪੱਖ ਦਾ ਵਿਰੁਧ ਹੁੰਦਾ ਹੋਵੇ। ਪਿਛਲੇ ਕਾਫ਼ੀ ਸਮੇਂ ਤੋਂ ਇਨ੍ਹਾਂ ਨੇ ਬਹੁਤ ਸਾਰੇ ਲੋਕਾਂ ਵਿਰੁਧ, ਪੰਜਾਬ ਦੇ ਵਜ਼ੀਰਾਂ ਵਿਰੁਧ, ਪੰਜਾਬ ਦੇ ਕਾਂਗਰਸੀ ਨੇਤਾਵਾਂ ਵਿਰੁਧ, ਆਰੀਆ ਸਮਾਜੀਆਂ ਵਿਰੁਧ ਤੇ ਅਖਬਾਰਾਂ ਵਿਰੁਧ ਕਲਮ ਦੀ ਧਾਰ ਅਜ਼ਮਾਈ ਹੈ। ਹੁਣ ਇਨ੍ਹਾਂ ਨਵਾਂ ਹਿੰਦੁਸਤਾਨ ਉਤੇ ਕ੍ਰਿਪਾ ਦਰਿਸ਼ਟੀ ਕੀਤੀ ਹੈ।

ਇਹ ਸੱਜਣ ਇਸ ਸਿਧਾਂਤ ਨੂੰ ਮੰਨਣ ਵਾਲੇ ਹਨ ਕਿ ਜੋ ਉਹ ਸੋਚਦੇ ਹਨ ਕੇਵਲ ਓਹੋ ਹੀ ਠੀਕ ਹੈ, ਉਸ ਤੋਂ ਉਲਟ ਸੋਚਣ ਵਾਲਾ ਹਰ ਕੋਈ ਗ਼ਲਤ ਹੈ—(ਭਾਵੇਂ ਕਿ ਇਹੋ ਸੱਜਣ ਹੀ ਪੰਜਾਬੀ ਸੂਬਾ ਮੋਰਚਾ ਵੇਲੇ ਪੰਜਾਬੀ ਸੂਬੇ ਦੇ ਸਿਧਾਂਤ ਦੇ ਸਖ਼ਤ ਵਿਰੋਧੀ ਸਨ ਤੇ ਏਸੇ ਕਰਕੇ ਹੀ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਇਨ੍ਹਾਂ ਉਤੇ ਉਚੇਰੀ ਕ੍ਰਿਪਾ ਦ੍ਰਿਸ਼ਟੀ ਸੀ। ਓਦੋਂ ਪੰਜਾਬੀ ਸੂਬਾ ਮੋਰਚੇ ਦੀ ਲਹਿਰ ਨੂੰ ਦਬਾਉਣ ਲਈ ਸਰਦਾਰ ਕੈਰੋਂ ਨੇ ਜਿਸ ਦ੍ਰਿੜ੍ਹਤਾ ਤੇ ਸਖਤੀ ਤੋਂ ਕੰਮ ਲਿਆ ਸੀ ਉਸ ਦੀ ਤਾਰੀਫ਼ ਵਿਚ ਇਹ ਸੰਪਾਦਕ ਸਾਹਿਬ ਤੇ ਜਲੰਧਰ ਦੇ ਹੀ ਇਕ ਹੋਰ ਸੰਪਾਦਕ ਇਸ ਗੱਲੇ ਆਪੋ ਵਿਚ ਜਿਦ ਰਹੇ ਸਨ ਕਿ ਸਰਦਾਰ ਕੈਰੋਂ ਨੂੰ ਸ਼ੇਰੇ ਪੰਜਾਬ ਅਤੇ ਫ਼ੌਲਾਦੀ ਇਨਸਾਨ ਪਹਿਲਾਂ ਕਿਸ ਨੇ ਆਖਿਆ ਹੈ।)

ਹੁਣ ਸਰਦਾਰ ਕੈਰੋਂ ਨਹੀਂ ਰਹੇ ਤੇ ਸੰਪਾਦਕ ਦਾ ਪੰਜਾਬੀ ਸੂਬੇ ਵਿਰੁਧ ਦ੍ਰਿਸ਼ਟੀਕੋਣ ਵੀ ਬਦਲ ਕੇ ਪੰਜਾਬੀ ਸੂਬਾ ਹਮਾਇਤੀ ਦ੍ਰਿਸ਼ਟੀਕੋਣ ਬਣ ਗਿਆ ਹੈ।

ਖ਼ੈਰ, ਸਾਨੂੰ ਇਸ ਗੱਲ ਉਤੇ ਕੋਈ ਇਤਰਾਜ਼ ਨਹੀਂ। ਅਸੀਂ ਰਾਏ ਬਣਾਉਣ, ਉਸ ਨੂੰ ਬਦਲਣ ਤੇ ਉਸਦੇ ਪ੍ਰਗਟਾਵੇ ਦਾ ਹੱਕ ਹਰ ਕਿਸੇ ਲਈ ਜ਼ਰੂਰੀ ਸਮਝਦੇ ਹਾਂ ਤੇ ਇਸ ਗੱਲ ਦੇ ਖ਼ਿਲਾਫ਼ ਹਾਂ ਕਿ ਕਿਸੇ ਨੂੰ ਵੀ ਕੋਈ ਵਿਰੋਧੀ ਰਾਏ ਰੱਖਣ ਤੇ ਮੰਦਾ ਚੰਗਾ ਆਖਿਆ ਜਾਵੇ।

ਪੰਜਾਬੀ ਸੂਬੇ ਦੇ ਸਵਾਲ ਨੂੰ ਅਸੀਂ ਇਕਾਂਗੀ ਰੂਪ ਵਿਚ ਨਹੀਂ ਵੇਖਦੇ, ਅਸੀਂ ਇਸ ਨੂੰ ਸਮੁੱਚੇ ਦੇਸ਼ ਦੇ ਧਰਮ ਨਿਰਪੱਖ ਦ੍ਰਿਸ਼ਟੀਕੋਣ ਤੋਂ ਵੇਖਦੇ ਹਾਂ। 'ਕਿਉਂਕਿ ਨਵਾਂ ਹਿੰਦੁਸਤਾਨ' ਹਮੇਸ਼ਾ ਤੋਂ ਸਮੁੱਚੇ ਦੇਸ਼ ਦੇ ਕੌਮੀ ਹਿਤਾਂ ਦੇ ਨਾਲ ਰਿਹਾ ਹੈ ਇਸ ਲਈ ਆਪਣੀ ਪਰੰਪਰਾ ਅਨੁਸਾਰ ਹੀ ਅੱਜ ਵੀ ਉਹ ਸਮੁੱਚੇ ਦੇਸ਼ ਦੇ ਕੌਮੀ ਹਿਤਾਂ ਨੂੰ ਛੱਡ ਨਹੀਂ ਸਕਦਾ।

ਪੰਜਾਬੀ ਸੂਬੇ ਦੀ ਕਾਇਮੀ ਲਈ ਅਕਾਲੀਆਂ ਵਲੋਂ, ਕਮਿਊਨਿਸਟਾਂ ਜਾਂ ਸਿਖਾਂ ਦੇ ਇਨ੍ਹਾਂ ਸਵਯੰਭੂ ਲੀਡਰ ਅਖਬਾਰਾਂ ਵਲੋਂ ਸੂਬੇ ਦੇ ਹੱਕ ਵਿਚ ਜੋ ਕੁਝ ਆਖਿਆ ਜਾ ਰਿਹਾ ਹੈ—ਸਾਨੂੰ ਉਹ ਕਾਇਲ ਨਹੀਂ ਕਰ ਸਕਿਆ—ਉਸਨੂੰ ਪੜ੍ਹ ਸੁਣਕੇ ਸਾਡੇ ਮਨ ਵਿਚ ਬਹੁਤ ਸਾਰੇ ਸਵਾਲ ਉਠਦੇ ਹਨ ਤੇ ਉਹ ਸਵਾਲ ਅਸਾਂ ਨਵਾਂ ਹਿੰਦੁਸਤਾਨ ਰਾਹੀਂ ਇਨ੍ਹਾਂ ਸਭਨਾਂ ਦੇ ਸਾਹਮਣੇ ਰੱਖੇ ਹਨ।

ਉਨ੍ਹਾਂ ਵਿਚੋਂ ਸਿਰਫ਼ ਇਕ ਦਾ ਜਵਾਬ ਅਜੀਤ ਦੇ ਸੰਪਾਦਕ ਨੇ ਦੇਣ ਦੀ ਕੋਸ਼ਿਸ਼ ਕੀਤੀ ਹੈ—ਅਤੇ ਸਾਨੂੰ ਖ਼ੁਸ਼ੀ ਹੋਈ ਹੈ ਕਿ ਉਹ ਸਾਡੇ ਦ੍ਰਿਸ਼ਟੀਕੋਣ ਦਾ ਜੋਸ਼ ਨਾਲ ਵਿਰੋਧ ਕਰਦੇ ਕਰਦੇ ਜਦੋਂ ਸਵਾਲ ਦੇ ਹਕੀਕੀ ਤੇ ਇਤਿਹਾਸਕ ਪਹਿਲੂ ਤੇ ਪਹੁੰਚੇ ਹਨ ਤਦ ਸਾਡੇ ਦ੍ਰਿਸ਼ਟੀਕੋਣ ਨਾਲ ਸੌ ਫੀ ਸਦੀ ਸਹਿਮਤ ਹੋ ਗਏ ਹਨ, ਨਿਰੇ ਸਹਿਮਤ ਹੀ ਨਹੀਂ ਹੋਏ ਸਗੋਂ ਸਾਡੇ ਦ੍ਰਿਸ਼ਟੀਕੋਣ ਦੇ ਵਕੀਲ ਵੀ ਬਣੇ ਹਨ। ਹੇਠਾਂ ਮੈਂ ਆਪ ਦੇ ਸ਼ਬਦ ਇਨ ਬਿਨ ਦੇ ਰਿਹਾ ਹਾਂ—"ਸਾਡਾ ਇਹ ਨਾਮਧਾਰੀ ਸਮਕਾਲੀ ਇਸ ਗੱਲ ਤੇ ਵੀ ਗੁਸੇ ਹੈ ਕਿ ਕਮਿਊਨਿਸਟ ਇਸ ਮੰਗ ਦੀ ਹਮਾਇਤ ਕਰ ਰਹੇ ਹਨ। ਉਹ



Sri Satguru Jagjit Singh Ji Elibrary NamdhariElibrary@gmail.com

ਜਿਹੜੀਆਂ ਦਲੀਲਾਂ ਦੇਂਦਾ ਹੈ, ਉਹਨਾਂ ਦੀ ਵੰਨਗੀ ਵੇਖੋ—'ਬੇ ਸ਼ੱਕ ਇਹ ਆਖਿਆ ਜਾਂਦਾ ਹੈ ਕਿ ਅੰਗ-ਰੇਜ਼ਾਂ ਨੇ ੧੮੫੭ ਦੀ ਬਗ਼ਾਵਤ ਦੀ ਸਜ਼ਾ ਦੇਣ ਲਈ ਹਰਿਆਣੇ ਦੇ ਕੁਝ ਇਲਾਕੇ ਨੂੰ ਉੱਤਰ ਪ੍ਰਦੇਸ਼ ਨਾਲੋਂ ਅੱਡ ਕੀਤਾ ਸੀ, ਪਰ ਇਹ ਇਲਾਕਾ ਠੀਕ ਪੰਜਾਬ ਨਾਲ ਮਿਲਦਾ ਹੈ। ਜ਼ਬਾਨ ਦੀ ਦੂਰੀ ਕੋਈ ਨਹੀਂ, ਸਰ-ਹੱਦਾਂ ਦੀ ਦੂਰੀ ਕੋਈ ਨਹੀਂ, ਸੁਭਾਅ ਦੀ ਦੂਰੀ ਕੋਈ ਨਹੀਂ। ਅੱਜ ਉੱਤਰ ਪ੍ਰਦੇਸ਼ ਦੇ ਸਾਧਾਰਨ ਵਿਅਕਤੀ, ਹਰਿਆਣੇ ਦੇ ਸਾਧਾਰਨ ਵਿਅਕਤੀ ਤੇ ਪੰਜਾਬੀ ਬੋਲਦੇ ਇਲਾਕੇ ਦੇ ਸਾਧਾਰਨ ਵਿਅਕਤੀ ਨੂੰ ਕੋਲ ਕੋਲ ਖਲਿਆਰ ਕੇ ਵੇਖਿਆਂ ਸਪਸ਼ਟ ਦਿਸ ਪਏਗਾ ਕਿ ਨਸਲ, ਆਕਾਰ, ਪਰ-ਕਾਰ, ਸੁਭਾਅ, ਭਾਸ਼ਾ ਤੇ ਰਹੁ-ਰੀਤ ਵਿਚ ਹਰਿਆਨਵੀ ਸਾਧਾਰਨ ਆਦਮੀ ਪੰਜਾਬੀ ਬੋਲਦੇ ਇਲਾਕੇ ਦੇ ਸਾਧਾਰਨ ਆਦਮੀ ਨਾਲ ਮਿਲਦਾ ਦਿਸੇਗਾ, ਉੱਤਰ ਪ੍ਰਦੇਸ਼ ਦੇ ਆਦਮੀ ਨਾਲ ਬਿਲਕੁਲ ਨਹੀਂ, ਸਮਕਾਲੀ ਦੇ ਐਡੀਟਰ ਨੇ ਇਕ ਹੋਰ ਭਾਸ਼ਾਈ ਦਰਿਆਫ਼ਤ ਇਹ ਵੀ ਕੀਤੀ ਹੈ ਕਿ 'ਪੰਜਾਬ ਦੇ ਪੋਠੋਹਾਰ ਇਲਾਕੇ ਤੋਂ ਸ਼ੁਰੂ ਹੋ ਕੇ ਪੰਜਾਬੀ ਜਿਨ੍ਹਾਂ ਅਨੇਕ ਉਪ ਬੋਲੀਆਂ ਦੇ ਰੂਪ ਧਾਰਦੀ ਅੰਬਾਲੇ ਤਕ ਪਹੁੰਚਦੀ ਹੈ, ਜੇ ਹਰਿਆਨਵੀ (ਬੋਲੀ) ਨੂੰ ਵੀ ਉਸੇ ਹੀ ਸਿਲਸਿਲੇ ਦੀ ਕੜੀ ਦੇ ਰੂਪ ਵਿਚ ਵੇਖਣ ਦੀ ਭਾਸ਼ਾਈ ਸੂਝ ਵਰਤੀ ਜਾਏ, ਤਾਂ ਇਹ ਸਪਸ਼ਟ ਹੋ ਜਾਏਗਾ ਕਿ ਹਰਿਆਨਵੀ ਵੀ ਪੰਜਾਬੀ ਦੀ ਹੀ ਉਪ ਭਾਖਾ ਹੈ। ਉੱਤਰ ਪ੍ਰਦੇਸ਼ ਦੀ ਪੂਰਬੀ ਜਾਂ ਹਿੰਦੀ ਦੀ ਨਹੀਂ।'— ਅਸਾਂ ਜਾਂ ਪੰਜਾਬੀ ਸੂਬੇ ਦੇ ਕਿਸੇ ਹਾਮੀ ਨੇ ਹਰਿਆਣੇ ਦੇ ਇਲਾਕੇ ਨੂੰ ਕਦੇ ਉੱਤਰ ਪ੍ਰਦੇਸ਼ ਦਾ ਇਲਾਕਾ ਨਹੀਂ ਲਿਖਿਆ, ਪਰ ਇਹ ਇਕ ਇਤਿਹਾਸਕ ਸੱਚ ਹੈ ਕਿ ੧੮੫੭ ਦੇ ਗ਼ਦਰ ਤੋਂ ਪਹਿਲਾਂ ਕਿਸੇ ਵੀ ਕਾਲ 'ਚ ਹਰਿਆਣਾ ਪੰਜਾਬ ਨਾਲ ਸ਼ਾਮਲ ਨਹੀਂ ਸੀ ਇਹ ਮੁਗ਼ਲ ਕਾਲ ਵਿਚ ਵੀ ਇਕ ਵੱਖਰੀ ਨਜ਼ਾਮਤ ਦਿੱਲੀ ਦਾ ਹਿੱਸਾ ਸੀ ਅਤੇ ੧੮੫੭ ਤੀਕ ਵੀ ਉਸੇ ਦਾ ਹਿੱਸਾ ਹੀ ਰਹਿਆ। ਉਸ ਦੇ ਲੋਕਾਂ ਦਾ ਪਹਿਰਾਵਾ, ਰਹਿਣੀ-ਬਹਿਣੀ ਅਤੇ ਸੁਭਾਅ ਵਖਰਾ ਹੈ। ਪੰਜਾਬੀ ਮਰਦਾਂ ਔਰਤਾਂ ਦਾ ਪਹਿਰਾਵਾ ਆਪਣਾ ਹੈ ਤੇ ਹਰਿਆਣੇ ਦੇ ਮਰਦਾਂ ਔਰਤਾਂ ਦਾ ਆਪਣਾ।—ਹਾਂ ਭਾਸ਼ਾ ਦੀ ਗੱਲ ਹੋਰ ਹੈ। ਇਹ ਗੱਲ ਠੀਕ ਹੀ ਮੰਨਣੀ ਚਾਹੀਦੀ ਹੈ ਕਿ ਜੇ ਫ਼ਿਰਕਾ ਪ੍ਰਸਤੀ ਆਪਣਾ ਅਸਰ ਨਾ ਕਰਦੀ ਤਾਂ ਬਾਂਗਰੂ (ਹਰਿਆਣਵੀ) ਪੰਜਾਬੀ ਦੀ ਉਪ-ਭਾਖਾ ਹੀ ਸੀ। ਸਰਵੇ ਆਫ਼ ਇੰਡੀਆ ਵਿਚ ਗ੍ਰੀਅਰਸਨ ਨੇ ਇਹੋ ਲਿਖਿਆ ਹੈ ਤੇ ਉਹ ਇਕ ਉੱਘੇ ਭਾਸ਼ਾ ਵਿਗਿਆਨੀ ਸਨ। ਉਦੋਂ ਫ਼ਿਰਕਾ ਪ੍ਰਸਤੀ ਦਾ ਬੋਲ ਬਾਲਾ ਨਹੀਂ ਸੀ। ਪਿਛੋਂ ਝਗੜਾ ਉਰਦੂ ਨਾਲ ਹੋ ਗਿਆ। ਹਰਿਆਣਾ ਪ੍ਰਾਂਤ ਵਾਲੇ ਵੀ ਦੂਜੇ ਪੰਜਾਬੀਆਂ ਵਾਂਗ ਉਰਦੂ ਪੜ੍ਹਨ ਲਿਖਣ ਲਗ ਪਏ। ਉਹ ਆਪਣੀ ਭਾਸ਼ਾ ਨੂੰ ਆਰੀਆ ਸਮਾਜੀਆਂ ਦੇ ਅਸਰ ਹੇਠ ਹਿੰਦੀ ਆਖਣ ਲਗ ਪਏ। ਬਾਂਗਰੂ ਜੇ ਪੰਜਾਬੀ ਦੀ ਉਪ-ਭਾਖਾ ਨਾ ਵੀ ਮੰਨੀ ਜਾਏ ਤਾਂ ਹਿੰਦੀ ਤਾਂ ਇਹ ਕਿਸੇ ਦੀ ਸੂਰਤ ਵਿਚ ਨਹੀਂ ਹੈ। ਇਹ ਪੰਜਾਬੀ ਹਿੰਦੁਸਤਾਨੀ ਮਿਲ-ਗੋਭਾ ਹੈ। ਕਿਉਂਕਿ ਹਰਿਆਣਾ ਪ੍ਰਾਂਤ ਵਾਲੇ ਆਰੀਆ ਸਮਾਜੀਆ ਦੇ ਅਸਰ ਹੇਠ ਆ ਗਏ ਇਸ ਲਈ ਉਹਨਾਂ ਨੇ ਪੰਜਾਬੀ ਵਲੋਂ ਮੁਖ ਮੋੜ ਕੇ ਹਿੰਦੀ ਵੱਲ ਮੂੰਹ ਕਰ ਲਇਆ।

ਆਰੀਆ ਸਮਾਜ ਅਸਲ ਵਿਚ ਪਰਤਾਪ ਤੇ ਮਿਲਾਪ ਦੇ ਅਸਰ ਹੇਠ ਸੀ ਤੇ ਇਹ ਦੋਵੇਂ ਅਖ਼ਬਾਰ ਆਪਣੇ ਮਾਲਕਾਂ ਮਹਾਸ਼ਾ ਕ੍ਰਿਸ਼ਨ ਤੇ ਮਹਾਸ਼ਾ ਖ਼ੁਸ਼ਹਾਲ ਚੰਦ ਖ਼ੁਰਸੰਦ ਦੀ ਦੇਖ ਰੇਖ ਵਿਚ ਪੂਰੇ ਫ਼ਿਰਕਾ ਪ੍ਰਸਤ ਤੇ ਤੰਗ ਦਿਲ ਸਨ। ਉਹ ਜਾਤੀ ਦੇ ਨਾਓਂ ਹੇਠ ਆਪਣੀ ਦੁਕਾਨਦਾਰੀ ਨੂੰ ਮੁਖ ਰਖਦੇ ਸਨ ਤੇ ਹਰ ਗੱਲ ਏਸੇ ਨੂੰ ਮੁਖ ਰੱਖ ਕੇ ਕਰਦੇ ਸਨ। ਉਹਨਾਂ ਨੇ ਹਰਿਆਣੇ ਵਿਚ ਇਹੋ ਪਰਚਾਰ ਕੀਤਾ, "ਸਿਖ ਮੁਸਲਮਾਨਾਂ ਵਾਂਗ ਹੀ ਹਨ, ਹਰ ਇਕ ਸਿਖ ਫ਼ਿਰਕੂ ਹੈ, ਪੰਜਾਬੀ ਹਿੰਦੂਆਂ ਦੀ ਭਾਸ਼ਾ ਨਹੀਂ, ਆਜ਼ਾਦ ਪੰਜਾਬ ਤੇ ਪੰਜਾਬੀ ਸੂਬੇ ਦੀ ਮੰਗ ਅਸਲ ਵਿਚ ਉਸੇ ਤਰ੍ਹਾਂ ਦੀ ਇਕ ਅਡਰੇ ਦੇਸ਼ ਦੀ ਮੰਗ ਹੈ, ਆਦਿ।"

"ਇਹਨਾਂ ਗੱਲਾਂ ਦਾ ਅਸਰ ਹੁੰਦਾ ਰਹਿਆ ਤੇ ਹਰਿਆਣੇ ਦੇ ਲੋਕ ਆਰੀਆ ਸਮਾਜੀਆਂ ਦੇ ਜਾਲ ਵਿਚ ਫਸ ਕੇ ਆਪਣੇ ਆਪ ਨੂੰ ਹਿੰਦੀ ਵਾਲੇ ਹੀ ਸਮਝਦੇ ਰਹੇ। ਉਹ ਸਿਖਾਂ ਦੇ ਵਿਰੋਧੀ ਬਣਾ ਦਿਤੇ ਗਏ। ਹੁਣ ਪੰਜਾਬੀ ਵਿਰੁਧ ਇੰਨਾ ਪਰਚਾਰ ਹੋ ਗਇਆ ਹੈ ਕਿ ਉਹ ਆਪਣੀ ਭਾਸ਼ਾ ਨੂੰ ਪੰਜਾਬ ਦੀ ਹੀ ਉਪ ਭਾਖਾ ਮੰਨਦੇ ਹੀ ਨਹੀਂ ਸਗੋਂ ਕਹਿੰਦੇ ਹਨ ਕਿ ਉਹਨਾਂ ਦੀ ਮਾਤ ਭਾਸ਼ਾ ਹਿੰਦੀ ਹੈ। ਉਹ ਇਹ ਵੀ ਨਹੀਂ ਮੰਨਦੇ ਕਿ ਉਨ੍ਹਾਂ ਦੀ ਮਾਤ-ਭਾਸ਼ਾ ਬਾਂਗਰੂ ਹੈ। ਜਦੋਂ ਫ਼ਿਰਕਾ ਪ੍ਰਸਤੀ ਇਸ ਹਦ ਤਕ ਚਲੀ ਜਾਏ ਤਾਂ ਕੋਈ ਦਸੇ "ਨਵਾਂ ਹਿੰਦੁਸਤਾਨ" ਜਾਂ ਕੋਈ ਹੋਰ ਇਸੇ ਤਰ੍ਹਾਂ ਦਾ ਸਮਕਾਲੀ ਹਰਿਆਣੇ ਪ੍ਰਾਂਤ ਵਾਲਿਆਂ ਨੂੰ ਕਿਵੇਂ ਮਨਾ ਸਕਦਾ ਹੈ ਕਿ ਉਹਨਾਂ ਦੀ ਮਾਤ-ਭਾਸ਼ਾ ਪੰਜਾਬੀ ਹੈ ਜਿਥੋਂ ਤਕ ਪੰਜਾਬੀ ਬੋਲਦੇ ਹਿੰਦੂ ਦਾ ਸੰਬੰਧ ਹੈ ਉਹ ਜਦੋਂ ਆਪਣੀ



Sri Satguru Jagjit Singh Ji Elibrary NamdhariElibrary@gmail.com

ਮਾਤ ਭਾਸ਼ਾ ਹਿੰਦੀ ਕਹਿੰਦਾ ਹੈ ਤ ਝੂਠ ਬੋਲਦਾ ਹੈ। ਪਰ ਇਹ ਇਕ ਸਚਿਆਈ ਹੈ ਕਿ ਹੁਣ ਰੋਹਤਕ ਗੁੜਗਾਵਾਂ ਮਹਿੰਦਰ ਗੜ੍ਹ ਦੇ ਪੂਰੇ ਅਤੇ ਹਿਸਾਰ ਤੇ ਕਰਨਾਲ ਦੇ ਅੱਧੇ-ਜ਼ਿਲਿਆਂ ਦੀ ਭਾਸ਼ਾ ਪੰਜਾਬੀ ਦੀ ਉਪ-ਭਾਖਾ ਮੰਨੀ ਵੀ ਨਹੀਂ ਜਾ ਸਕਦੀ।

ਜੇ ਫਿਰਕਾ ਪ੍ਰਸਤੀ ਦੇ ਅਸਰ ਤੋਂ ਬਚ ਕੇ ਅਤੇ ਵਰਤਮਾਨ ਹਾਲਾਤ ਨੂੰ ਮੁਖ ਰਖਕੇ ਵੇਖਿਆ ਜਾਵੇ ਤਾਂ ਅਧੇ ਜਿਲਾ ਕਰਨਾਲ ਤੇ ਅਧੇ ਜ਼ਿਲਾ ਹਿਸਾਰ ਤੋਂ ਅਲਾਵਾ ਬਾਕੀ ਸਾਰੇ ਹਰਿਆਣੇ ਇਲਾਕੇ ਦੀ ਭਾਸ਼ਾ ਹਿੰਦੀ ਬਣ ਚੁਕੀ ਹੈ। ਪੰਜਾਬੀ ਕਦਾਚਿਤ ਨਹੀਂ—ਨਵਾਂ ਹਿੰਦੁਸਤਾਨ ਦੀ ਇਕ ਮੁਸ਼ਕਲ ਇਹ ਹੈ ਕਿ ਨਾਮਧਾਰੀ ਆਗੂ ਬਾਬਾ ਜਗਜੀਤ ਸਿੰਘ ਦਾ ਹਿਸਾਰ ਵਿਚ ਹੈ ਤੇ ਉਥੇ ਨਾਮਧਾਰੀ ਵੀਰਾਂ ਦੇ ਕਈ ਪਿੰਡ ਹਨ। ਸਾਡਾ ਖਿਆਲ ਹੈ ਕਿ ਜੇ ਪੰਜਾਬੀ ਸੂਬੇ ਦੀਆਂ ਹੱਦਾਂ ਨਿਰੋਲ ਭਾਸ਼ਾ ਦੇ ਅਧਾਰ ਤੇ ਬਣੀਆਂ ਤਾਂ ਅੱਧਾ ਹਿਸਾਰ ਤੇ ਅੱਧਾ ਕਰਨਾਲ ਜ਼ਰੂਰ ਹੀ ਪੰਜਾਬੀ ਸੂਬੇ ਵਿਚ ਆਉਣਗੇ। ਪਾਕਿਸਤਾਨ ਬਣਨ ਨਾਲ ਇਹਨਾਂ ਜ਼ਿਲਿਆਂ ਵਿਚ ਪੰਜਾਬੀ ਬੋਲਨ ਵਾਲੇ ਕਾਫੀ ਬੈਠੇ ਹਨ। ਸਾਡਾ ਵਿਸ਼ਵਾਸ਼ ਹੈ ਕਿ ਨਾਮਧਾਰੀਆਂ ਦਾ ਜੀਵਨ ਨਗਰ ਤੇ ਹੋਰ ਤਪਾ ਜ਼ਰੂਰੀ ਹੀ ਪੰਜਾਬੀ ਸੂਬੇ ਵਿਚ ਆ ਜਾਏਗਾ ਪਰ ਅਜਹਾ ਨਾ ਵੀ ਹੋਵੇ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਨਾਮਧਾਰੀਆਂ ਨੂੰ ਨੁਕਸਾਨ ਪੁਜਦਾ ਹੈ ਇਸ ਲਈ ਭਾਸ਼ਾ ਦੇ ਅਧਾਰ ਤ ਸੂਬਾ ਹੀ ਨਾ ਬਣਾਇਆ ਜਾਵੇ।—

ਨਾਮਧਾਰੀ ਵੀਰ, ਭਾਸ਼ਾ ਤਾਂ ਇਕ ਪਾਸੇ, ਹਰਿਆਣੇ ਦੇ ਲੋਕਾਂ ਨੂੰ ਇਹੋ ਮਨਾ ਦੇਣ ਕਿ ਉਹਨਾਂ ਦੀ ਸਭਿਅਤਾ ਪੰਜਾਬੀ ਹੈ। ਉਹ ਤਾਂ ਪੰਜਾਬੀ ਦਾ ਨਾਓਂ ਸੁਣਨ ਲਈ ਵੀ ਤਿਆਰ ਨਹੀਂ, ਅਸੀਂ ਤਾਂ ਸਭ ਕੁਝ ਕਹਿ ਸਕਦੇ ਹਾਂ ਵੇਖਣਾ ਤਾਂ ਇਹ ਹੈ ਕਿ ਹਰਿਆਣੇ ਵਾਲੇ ਕੀ ਮੰਨਦੇ ਹਨ।"

ਉਪਰੋਕਤ ਲੇਖ ਉਤੇ ਕ੍ਰਮਵਾਰ ਵਿਚਾਰ ਕਰਨ ਤੋਂ ਪਹਿਲਾਂ ਮੈਂ ਸੰਪਾਦਕ ਅਜੀਤ ਦਾ ਇਹ ਵਹਿਮ ਦੂਰ ਕਰ ਦੇਣਾ ਚਾਹੁੰਦਾ ਹਾਂ ਕਿ ਪੰਜਾਬੀ ਸੂਬੇ ਬਾਰੇ ਉਨ੍ਹਾਂ ਨਾਲ ਨਵਾਂ ਹਿੰਦੁਸਤਾਨ ਦੇ ਮਤ ਭੇਦਾਂ ਦਾ ਕਾਰਨ ਉਹ ਹੈ ਜਿਹੜਾ ਉਹ ਸਮਝ ਰਹੇ ਹਨ। ਨਵਾਂ ਹਿੰਦੁਸਤਾਨ ਦਾ ਸੰਪਾਦਕ ਜਾਣਦਾ ਹੈ ਕਿ ਅੱਜ ਦੀ ਭਾਰਤ ਸਰਕਾਰ ਉਹ ਸਰਕਾਰ ਨਹੀਂ ਜਿਹੜੀ ੧੯੪੭ ਵਿਚ ਸੀ। ਇਸ ਸਰਕਾਰ ਦੇ ਸਾਹਮਣੇ ਉਹ ਤਜਰਬਾ ਹੈ ਜਿਹੜਾ ਫਿਰਕਾ ਪ੍ਰਸਤੀ ਨੂੰ ਪੱਠੇ ਪਾਉਣ ਨਾਲ ਸਾਡੇ ਸਾਹਮਣੇ ਆਇਆ ਹੈ।

ਦੂਜੀ ਗਲ ਇਹ ਕਿ ਨਵਾਂ ਹਿੰਦੁਸਤਾਨ ਤੇ ਉਸ ਦੇ ਪਿਛੇ ਖੜੀ ਸੰਸਥਾ ਨੂੰ ਅਕਾਲੀਆਂ ਵਾਂਗ ਹਿੰਦੂ ਬਹੁ ਗਿਣਤੀ ਨਾਲ ਕੋਈ-ਵੈਰ ਵਿਰੋਧ ਨਹੀਂ। ਨਾਮਧਾਰੀ ਆਪਣੇ ਆਪ ਨੂੰ ਹਿੰਦੂਆਂ ਨਾਲੋਂ ਵਖਰੀ ਸਿੰਘ ਸਭਾ ਲਹਿਰ ਵੇਲੇ ਦੀ ਸਾਜੀ ਹੋਈ ਕੋਈ ਕੌਮ ਨਹੀਂ ਮੰਨਦੇ, ਉਹ ਬੁਨਿਆਦੀ ਤੌਰ ਤੇ ਸਾਰੇ ਸਿਖਾਂ ਨੂੰ ਹੀ ਆਦਿ ਹਿੰਦੂ ਧਰਮ ਦਾ ਤੇ ਜਾਤੀ ਦਾ ਅਨਿਖੜਵਾਂ ਅੰਗ ਮੰਨਦੇ ਹਨ—ਇਸ ਲਈ ਹਿੰਦੂ ਸਿਖ ਵੀ ਸਦੀਆਂ ਅਤੇ ਤਨਾਸਬਾਂ ਦੇ ਗੜ ਵਿਚ ਨਹੀਂ ਪੈਂਦੇ। ਨਾਮਧਾਰੀਆਂ ਲਈ ਪੰਜਾਬੀ ਜ਼ਬਾਨ ਤੇ ਹਿੰਦੀ ਜ਼ਬਾਨ—ਦੋਵੇਂ ਹੀ ਸਤਿਕਾਰ ਵਾਲੀ ਥਾਂ ਰਖਦੀਆਂ ਹਨ—ਨਾਮਧਾਰੀ ਇਹਨਾਂ ਦੋਹਾਂ ਜ਼ਬਾਨਾਂ, ਅਤੇ ਭਾਰਤ ਦੀਆਂ ਹੋਰ ਸਾਰੀਆਂ ਸੂਬਾਈ ਜ਼ੁਬਾਨਾਂ ਦੇ ਵਿਕਾਸ ਦੇ ਚਾਹਵਾਨ ਹਨ।

(੨੭ ਅਕਤੂਬਰ ੧੯੬੫)

ਅਜੀਤ ਦੇ ਸੰਪਾਦਕ ਨੇ ਸਾਡੀ ਇਕ ਬੁਨਿਆਦੀ ਗੱਲ ਮੰਨ ਲਈ ਹੈ ਕਿ "ਹਰਿਆਨਵੀ (ਬਾਂਗਰੂ) ਪੰਜਾਬੀ ਦੀ ਇਕ ਉਪ ਭਾਖਾ ਹੀ ਸੀ।........ ਇਹ ਪੰਜਾਬੀ ਤੇ ਹਿੰਦੁਸਤਾਨੀ ਦਾ ਮਿਲਗੋਭਾ ਹੈ।"

ਸੁਭਾਅ ਤੇ ਰਹਿਣੀ ਬਾਰੇ ਇਨ੍ਹਾਂ ਦਾ ਸਾਡੇ ਨਾਲ ਮਤ-ਭੇਦ ਹੈ। ਪਰ ਮੈਂ ਯਾਦ ਕਰਵਾਂਦਿਆਂ ਕਿ ਪੋਠੋਹਾਰ, ਝੰਗ, ਅੰਮ੍ਰਿਤਸਰ ਤੇ ਅੰਬਾਲੇ ਦੇ ਲੋਕਾਂ ਦੇ ਸੁਭਾਵਾਂ ਅਤੇ ਰਹਿਣੀ ਸਹਿਣੀ ਵਿਚ ਪਰਸਪਰ ਤੌਰ ਤੇ ਜਿੰਨਾ ਫਰਕ ਹੈ—ਹਰਿਆਣੇ ਤੇ ਕੇਂਦ੍ਰੀ ਪੰਜਾਬ ਵਿਚ ਉਸ ਤੋਂ ਵਧ ਨਹੀਂ। ਪੰਜਾਬ ਦਾ ਜੱਟ ਤੇ ਹਰਿਆਣੇ ਦਾ ਜਾਟ ਇਕੋ ਲੜਾਕੂ ਚਰਿਤਰ ਦੇ ਮਾਲਕ ਹਨ।

ਜਦੋਂ ਬੁਨਿਆਦੀ ਤੇ ਇਤਿਹਾਸਕ ਤੌਰ ਤੇ ਐਡੀਟਰ ਅਜੀਤ ਨੇ ਹਰਿਆਣਵੀ ਨੂੰ ਪੰਜਾਬੀ ਦੀ ਹੀ ਇਕ ਉਪ-ਭਾਖਾ ਮੰਨ ਲਿਆ ਤਾਂ ਫਿਰ ਸਵਾਲ ਉਠਦਾ ਹੈ ਕਿ ਆਖਰ ਹਰਿਆਣੇ ਨਾਲੋਂ ਅੱਡ ਹੋ ਕੇ ਪੰਜਾਬੀ ਸੂਬਾ ਬਣਾਉਣ ਦੀ ਲੋੜ ਕਿਉਂ ਪੈ ਗਈ? ਇਸ ਸਵਾਲ ਦਾ ਜਵਾਬ ਇਹਨਾਂ ਨੇ ਆਪੇ ਹੀ ਇਹ ਦਿਤਾ ਹੈ ਕਿ ਹਰਿਆਣੇ ਦੇ ਲੋਕ ਆਰੀਆ ਸਮਾਜੀ ਹਨ ਤੇ ਆਰੀਆ ਸਮਾਜ ਪਰਤਾਪ ਮਿਲਾਪ ਦੇ ਐਡੀਟਰਾਂ ਮਾਲਿਕਾਂ ਦੇ ਫਿਰਕੂ ਅਸਰ ਹੇਠ ਆਣ ਕੇ ਆਪਣੇ ਆਪ ਨੂੰ ਹਿੰਦੀ ਵਾਲੇ ਮੰਨ ਲਿਆ ਹੈ—ਪੰਜਾਬੀ ਵਾਲ ਨਹੀਂ ਮੰਨਿਆ। ਉਹ ਆਪਣੀ ਹਰਿਆਣਵੀ ਨੂੰ ਪੰਜਾਬੀ ਦੀ ਉਪ-ਭਾਖਾ ਨਹੀਂ ਮੰਨਦੇ।

ਸਾਡਾ ਸਵਾਲ ਇਹ ਹੈ ਕਿ ਜੇ ਆਰੀਆ ਸਮਾਜ ਤੇ ਪਰਤਾਪ ਮਿਲਾਪ ਦੇ ਐਡੀਟਰਾਂ ਮਾਲਕਾਂ ਦੀ ਫਿਰਕਾ-ਪ੍ਰਸਤੀ ਦੇ ਜਾਲ ਵਿਚ ਫਸ ਕੇ ਹਰਿਆਣੇ ਦੇ ਲੋਕ ਇਕ ਇਤਿਹਾਸਕ



Sri Satguru Jagjit Singh Ji Elibrary NamdhariElibrary@gmail.com

ਗ਼ਲਤੀ ਕਰ ਰਹੇ ਹਨ ਤਾਂ ਤੁਸੀਂ ਆਪਣਾ ਪੰਜਾਬੀ ਦਾ ਨਿਰਪੱਖ ਸੰਪਾਦਕੀ ਧਰਮ ਛੱਡ ਕੇ ਉਸ ਗ਼ਲਤੀ ਨੂੰ ਹੋਰ ਵਡੇਰੀ ਕਿਉਂ ਬਣਾ ਰਹੇ ਓ? ਤੁਹਾਡੇ ਵਿਚ ਵੀ ਜੇ ਮਿਲਾਪ ਪਰਤਾਪ ਤੇ ਆਰੀਆ ਸਮਾਜ ਦੀ ਫਿਰਕਾਪ੍ਰਸਤੀ ਦੀ ਪ੍ਰਤੀਕ੍ਰਿਆ ਵਜੋਂ ਜਵਾਬੀ ਫਿਰਕਾਪ੍ਰਸਤੀ ਉਭਰ ਆਵੇ ਤਾਂ ਪੰਜਾਬ ਦਾ ਬੁਨਿਆਦੀ ਅਡੋਲ ਚਰਿਤਰ ਕਿਥੇ ਖਲੋਵੇਗਾ? ਇਕ ਸੰਪਾਦਕ ਬੁਨਿਆਦੀ ਤੌਰ ਤੇ ਸਭ ਪਾਰਟੀਆਂ, ਮਜ਼ਹਬਾਂ ਤੇ ਸਭ ਤੱਤਾਂ ਦੀ ਤੰਗ ਨਜ਼ਰੀ ਤੋਂ ਉਪਰ ਹੁੰਦਾ ਹੈ। ਉਹ ਮਨੁੱਖ ਦੀਆਂ ਨਿਰੋਲ ਰੂਹਾਨੀ ਕਦਰਾਂ ਤੇ ਇਤਿਹਾਸ ਦਾ ਸਜਗ ਪਹਿਰੇਦਾਰ ਹੁੰਦਾ ਹੈ। ਉਸ ਦਾ ਧਰਮ ਹੈ ਕਿ ਉਹ ਲੋਕਾਂ ਨੂੰ ਬਾਰ ਬਾਰ ਅਸਲੀ ਤਸਵੀਰ ਤੋਂ ਜਾਣੂ ਕਰਵਾਉਂਦਾ ਰਹੇ। ਪਰ ਸੰਪਾਦਕ ਅਜੀਤ ਤੰਗ ਨਜ਼ਰ ਫਿਰਕਾਪ੍ਰਸਤੀ ਦੇ ਅਸਰ ਹੇਠ ਕਿਉਂ ਭਟਕ ਗਏ? ਉਹ ਸੂਬੇ ਦੇ ਹੱਕ ਵਿਚ ਜਾਂ ਵਿਰੋਧ ਦੀ ਫਿਰਕਾਪ੍ਰਸਤੀ ਦੀ ਇਕ ਧਿਰ ਕਿਉਂ ਬਣ ਖਲਤੇ ਹਨ? ਕੀ ਹਰਿਆਣੇ ਵਾਲਿਆਂ ਦੇ ਇਹ ਆਖਣ ਨਾਲ ਕਿ ਉਹਨਾਂ ਦੀ ਜ਼ਬਾਨ ਪੰਜਾਬੀ ਦੀ ਉਪ-ਭਾਖਾ ਬਾਂਗਰੂ ਨਹੀਂ, ਇਤਿਹਾਸ ਦੀ ਸਚਾਈ ਬਦਲ ਸਕਦੀ ਹੈ? ਜੇ ਪੰਜਾਬ ਦੇ ਹਿੰਦੂ ਤੰਗ ਨਜ਼ਰ ਫਿਰਕੂ ਰਾਹਬਰਾਂ ਦੇ ਜਾਲ ਵਿਚ ਫਸਕੇ ਇਹ ਆਖਣ ਕਿ ਉਨ੍ਹਾਂ ਦੀ ਜ਼ਬਾਨ ਪੰਜਾਬੀ ਨਹੀਂ ਸਗੋਂ ਹਿੰਦੀ ਹੈ ਤਾਂ ਕੀ ਇਸ ਗੱਲ ਨੂੰ ਉਹ ਲੋਕ ਵੀ ਇਤਿਹਾਸਕ ਮੰਨ ਲੈਣ ਜਿਹਨਾਂ ਨੂੰ ਪਤਾ ਹੈ ਕਿ ਇਤਿਹਾਸਕ ਤੌਰ ਤੇ ਇਹ ਗੱਲ ਗ਼ਲਤ ਹੈ। ਉਨ੍ਹਾਂ ਨੂੰ ਤਾਂ ਆਪਣੇ ਧਰਮ ਤੇ ਹੀ ਕਾਇਮ ਰਹਿਣਾ ਚਾਹੀਦਾ ਹੈ—ਨਾ ਕਿ ਆਪ ਹੀ ਜਵਾਬੀ ਫਿਰਕਾਪ੍ਰਸਤੀ ਦਾ ਸ਼ਿਕਾਰ ਹੋ ਕੇ ਦੂਸਰਿਆਂ ਦੀ ਗ਼ਲਤੀ ਨੂੰ ਹੋਰ ਇਤਿਹਾਸਕ ਮਰਯਾਦਾ ਦੇਣ ਵਿਚ ਜੁਟ ਜਾਣਾ ਚਾਹੀਦਾ ਹੈ!

ਪੰਜਾਬੀ ਪਤਰਕਾਰੀ ਅਜੇ ਮਸਾਂ ਸਿਰ ਚੁਕਣ ਲੱਗੀ ਹੈ। ਇਸ ਨੂੰ ਨਰੋਈ ਅਗਵਾਈ ਅਤੇ ਨਰੋਈਆਂ ਲੀਹਾਂ ਦੀ ਲੋੜ ਹੈ। ਪੰਜਾਬੀ ਪਤਰਕਾਰੀ ਨੂੰ ਉਸ ਮਾਂ ਵਰਗੀ ਅਗਵਾਈ ਦੀ ਲੋੜ ਹੈ ਜਿਹੜੀ ਪੁਤ ਦੇ ਕਪੁਤ ਹੋ ਜਾਣ ਤੇ ਵੀ ਆਪ ਮਾਂ ਤੋਂ ਕੁਮਾਂ ਨਹੀਂ ਬਣ ਸਕਦੀ।

ਖ਼ੈਰ, ਅਜੀਤ ਦੇ ਐਡੀਟਰ ਸਾਹਿਬ ਨੂੰ ਅਸੀਂ ਇਹ ਗੱਲ ਬਹੁਤੇ ਜ਼ੋਰ ਨਾਲ ਨਹੀਂ ਆਖ ਸਕਦੇ ਕਿਉਂਕਿ ਉਹਨਾਂ ਨੇ ਆਪਣੇ ਆਪ ਨੂੰ ਇਕ ਖਾਸ ਫਿਰਕੇ ਨਾਲ ਜੋੜਿਆ ਹੋਇਆ ਹੈ - ਪਰ ਉਪਰੋਕਤ ਸਵਾਲ ਜੇ ਅਸੀਂ ਕਮਿਊਨਿਸਟ ਪਾਰਟੀ ਕੋਲੋਂ ਪੁਛੀਏ—ਕਿ ਹਰਿਆਣੇ ਦੀ ਬਾਂਗਰੂ ਜ਼ਬਾਨ ਤਾਂ ਪੰਜਾਬੀ ਦੀ ਹੀ ਇਕ ਉਪ-ਭਾਸ਼ਾ ਹੈ ਤਦ ਤੁਸੀਂ ਕਿਸ ਆਧਾਰ ਉੱਤੇ ਹਰਿਆਣੇ ਨਾਲੋਂ ਅੱਡ ਇਕ ਪੰਜਾਬੀ ਸੂਬਾ ਬਣਾਉਣਾ ਚਾਹੁੰਦੇ ਓ ਤਾਂ ਇਸ ਦਾ ਕੀ ਜਵਾਬ ਹੈ? ਕੀ ਕਮਿਊਨਿਸਟ ਵੀ ਐਡੀਟਰ ਅਜੀਤ ਦੀ ਭਾਸ਼ਾ ਵਿਚ ਇਹੋ ਕਹਿਣਗੇ ਕਿ 'ਇਨ੍ਹਾਂ ਗੱਲਾਂ ਦਾ ਅਸਰ ਹੁੰਦਾ ਰਿਹਾ ਤੇ ਹਰਿਆਣੇ ਦੇ ਲੋਕ ਆਰੀਆ ਸਮਾਜੀਆਂ ਦੇ ਜਾਲ ਵਿਚ ਫਸ ਕੇ ਆਪਣੇ ਆਪ ਨੂੰ ਹਿੰਦੀ ਵਾਲੇ ਹੀ ਸਮਝਦੇ ਰਹੇ। ਉਹ ਸਿੱਖਾਂ ਦੇ ਵਿਰੋਧੀ ਬਣਾ ਦਿੱਤੇ ਗਏ। ਹੁਣ ਪੰਜਾਬੀ ਵਿਰੁਧ ਇੰਨਾ ਪਰਚਾਰ ਹੋ ਗਇਆ ਹੈ ਕਿ ਉਹ ਆਪਣੀ ਭਾਸ਼ਾ ਨੂੰ ਪੰਜਾਬੀ ਦੀ ਹੀ ਉਪ-ਭਾਸ਼ਾ ਮੰਨਦੇ ਹੀ ਨਹੀਂ ਸਗੋਂ ਕਹਿੰਦੇ ਹਨ ਕਿ ਉਹਨਾਂ ਦੀ ਮਾਤ-ਭਾਸ਼ਾ ਹਿੰਦੀ ਹੈ। ਉਹ ਇਹ ਵੀ ਨਹੀਂ ਮੰਨਦੇ ਕਿ ਉਹਨਾਂ ਦੀ ਮਾਤ-ਭਾਸ਼ਾ ਬਾਂਗਰੂ ਹੈ।—ਜਦੋਂ ਫ਼ਿਰਕਾਪ੍ਰਸਤੀ ਇਸ ਹੱਦ ਤਕ ਚਲੀ ਜਾਵੇ ਤਾਂ ਕੋਈ ਦੱਸੇ "ਨਵਾਂ ਹਿੰਦੁਸਤਾਨ" ਜਾਂ ਕੋਈ ਹੋਰ ਇਸੇ ਤਰ੍ਹਾਂ ਦਾ ਸਮਕਾਲੀ ਹਰਿਆਣੇ ਪ੍ਰਾਂਤ ਵਾਲਿਆਂ ਨੂੰ ਕਿਵੇਂ ਮਨਾ ਸਕਦਾ ਹੈ ਕਿ ਉਨ੍ਹਾਂ ਦੀ ਮਾਤ-ਭਾਸ਼ਾ ਪੰਜਾਬੀ ਹੈ।"

ਜੇ ਕਮਿਊਨਿਸਟ ਪਾਰਟੀ ਦਾ ਜਵਾਬ ਵੀ ਅਜੀਤ ਵਾਲਾ ਹੀ ਹੋਵੇ ਤਾਂ ਫਿਰ ਸਾਡਾ ਸਵਾਲ ਇਹ ਹੈ ਕਿ ਮਾਸਟਰ ਤਾਰਾ ਸਿੰਘ ਦੇ ਅਕਾਲੀ ਪੰਥ ਤੇ ਕਮਿਊਨਿਸਟ ਪਾਰਟੀ ਵਿਚ ਕੀ ਫਰਕ ਹੈ? ਇਹ ਗੱਲ ਅਸੀਂ ਮੰਨਦੇ ਹਾਂ ਕਿ ਪੰਜਾਬ ਦੇ ਹਿੰਦੂ ਆਰੀਆ ਸਮਾਜ ਦੇ ਅਸਰ ਹੇਠ ਆਪਣੀ ਮਾਤ-ਭਾਸ਼ਾ ਹਿੰਦੀ ਹੀ ਆਖਦੇ ਹਨ—ਪਰ ਸਾਡੇ ਕੋਲ ਇਹ ਗੱਲ ਮੰਨਣ ਦਾ ਕੋਈ ਕਾਰਨ ਨਹੀਂ ਕਿ ਕਮਿਊਨਿਸਟ ਵੀ ਏਸੇ ਆਧਾਰ ਉੱਤੇ ਪੰਜਾਬ ਨੂੰ ਵੰਡਣ ਦੀਆਂ ਗੱਲਾਂ ਕਰਨ ਲੱਗ ਪਏ।

ਉਂਜ ਪਿਛਲਾ ਨੇੜਲਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਰਿਆਣੇ ਵਿਚੋਂ ਪੰਜਾਬੀ ਦਾ ਵਿਰੋਧ ਪੰਜਾਬੀ ਸੂਬੇ ਦੇ ਨਾਅਰੇ ਦੀ ਪ੍ਰਤੀਕ੍ਰਿਆ ਵਜੋਂ ਸ਼ੁਰੂ ਹੋਇਆ ਹੈ। ਹਰਿਆਣੇ ਨੇ ਦੋ ਭਾਸ਼ੀ ਪੰਜਾਬ ਪਰਵਾਨ ਕੀਤਾ ਸੀ। ਪੰਜਾਬੀ ਸੂਬਾ ਅੰਦੋਲਨ ਵੇਲੇ ਜਦੋਂ ਪਹਿਲਾਂ ਸੰਤ ਫਤਹਿ ਸਿੰਘ ਜੀ ਤੇ ਫਿਰ ਮਾਸਟਰ ਤਾਰਾ ਸਿੰਘ ਜੀ ਨੇ ਮਰਨ ਵਰਤ ਰੱਖ ਕੇ ਛੱਡ ਦਿੱਤੇ ਓਦੋਂ ਹਰਿਆਣੇ ਵਿਚੋਂ ਵੱਖਰੇ ਹਰਿਆਣਾ ਪ੍ਰਾਂਤ ਲਈ ਕੋਈ ਅਵਾਜ਼ ਨਹੀਂ ਉਠੀ। ਏਥੋਂ ਤਕ ਕਿ ਦਾਸ ਕਮਿਸ਼ਨ ਸਾਹਮਣੇ ਵੀ ਉਹਨਾਂ ਨੇ ਵੱਖਰੇ ਹਰਿਆਣਾ ਪ੍ਰਾਂਤ ਬਾਰੇ ਕੋਈ ਮੰਗ ਨਹੀਂ ਰੱਖੀ।

ਉਹਨਾਂ ਦਾ ਵਿਰੋਧ ਹੁਣ ਵੀ ਬੜਾ ਸੀਮਤ ਜਿਹਾ ਹੈ—ਉਹਨਾਂ ਵਲੋਂ ਸਾਰਾ ਜ਼ੋਰ ਲਗਾ ਕੇ ਪੰਜਾਬੀ ਦੇ ਅਕਾਲੀ ਅਖਬਾਰ ਤੇ ਕਮਿਊਨਿਸਟ



Sri Satguru Jagjit Singh Ji Elibrary NamdhariElibrary@gmail.com

ਪਾਰਟੀ ਦਾ ਅਖਬਾਰ ਹੀ ਰੌਲਾ ਪਾ ਰਹੇ ਹਨ। ਹਰਿਆਣੇ ਵਿਚੋਂ ਪੰਜਾਬੀ ਦੇ ਵਿਰੋਧ ਦਾ ਜਜ਼ਬਾ ਜਗਾਉਣ ਲਈ ਪੰਜਾਬੀ ਸੂਬੇ ਦੇ ਹਮਾਇਤੀਆਂ ਨੇ ਹੀ ਅਡੀ ਚੋਟੀ ਦਾ ਜ਼ੋਰ ਲਗਾਉਣਾ ਸ਼ੁਰੂ ਕੀਤਾ ਹੋਇਆ ਹੈ। ਪੰਜਾਬੀ ਸੂਬੇ ਦੀ ਮੰਗ ਕਰਨ ਵਾਲਿਆਂ ਨੂੰ ਜਦੋਂ ਸੂਬਾ ਬਣਦਾ ਨਹੀਂ ਦਿੱਸਦਾ ਤਾਂ ਉਹ ਉਚੀ ਉਚੀ ਰੌਲਾ ਪਾ ਕੇ ਆਖਦੇ ਹਨ—ਸਾਨੂੰ ਕੀ ਆਖਦੇ ਹਨ—ਹਰਿਆਣੇ ਵਾਲਿਆਂ ਨੂੰ ਹੀ ਵਖਰਾ ਪ੍ਰਾਂਤ ਦੇ ਦਿਓ।

ਅਸਚਰਜ ਹੁੰਦਾ ਹੈ ਇਹ ਵੇਖਕੇ ਕਿ ਪੰਜਾਬੀ ਵਾਲੇ ਹੀ ਇਹ ਸਾਰੀ ਆਤਮਘਾਤੀ ਲਹਿਰ ਚਲਾ ਰਹੇ ਹਨ।

(੨੮ ਅਕਤੂਬਰ ੧੯੬੫)

ਇਹ ਠੀਕ ਹੈ ਕਿ—"ਜਿਥੋਂ ਤਕ ਪੰਜਾਬੀ ਬੋਲਦੇ ਹਿੰਦੂ ਦਾ ਸੰਬੰਧ ਹੈ ਉਹ ਜਦੋਂ ਆਪਣੀ ਮਾਤ ਭਾਸ਼ਾ ਹਿੰਦੀ ਕਹਿੰਦਾ ਹੈ ਤਾਂ ਝੂਠ ਬੋਲਦਾ ਹੈ।" ਪਰ ਇਹ ਵੀ ਸੱਚ ਬਿਲਕੁਲ ਨਹੀਂ ਕਿ "ਹੁਣ ਰੋਹਤਕ, ਗੁੜਗਾਵਾਂ ਮਹਿੰਦਰਗੜ੍ਹ ਦੇ ਪੂਰੇ ਅਤੇ ਹਿਸਾਰ ਤੇ ਕਰਨਾਲ ਦੇ ਅੱਧੇ ਅੱਧੇ ਜ਼ਿਲਿਆਂ ਦੀ ਭਾਸ਼ਾ ਪੰਜਾਬੀ ਦੀ ਉਪ ਭਾਖਾ ਮੰਨੀ ਵੀ ਨਹੀਂ ਜਾ ਸਕਦੀ

"ਜੇ ਫਿਰਕਾ ਪ੍ਰਸਤੀ ਦੇ ਅਸਰ ਤੋਂ ਬਚ ਕੇ ਅਤੇ ਵਰਤਮਾਨ ਹਾਲਾਤ ਨੂੰ ਮੁਖ ਰਖਕੇ ਵੇਖਿਆ ਜਾਵੇ" ਤਾਂ ਅਡੀਟਰ ਅਜੀਤ ਜੀ! ਰੋਹਤਕ, ਗੁੜਗਾਵਾਂ ਤੇ ਮਹਿੰਦਰ ਗੜ੍ਹ ਦੇ ਪੂਰੇ ਅਤੇ ਹਿਸਾਰ ਤੇ ਕਰਨਾਲ ਦੇ ਅੱਧੇ ਜ਼ਿਲਿਆਂ ਦੀ ਭਾਸ਼ਾ ਬਾਰੇ ਆਪ ਜੀ ਦੀ ਵੰਡ ਠੀਕ ਨਹੀਂ ਬੈਠੇ ਗੀ—ਸਗੋਂ ਤੁਹਾਡੀ ਇਹ ਵੰਡ ਸਾਡੀ ਇਸ ਗਲ ਦੀ ਪੁਸ਼ਟੀ ਕਰਦੀ ਹੈ ਕਿ ਤੁਸੀਂ ਪੰਜਾਬੀ ਸੂਬੇ ਦੀ ਜਿਹੜੀ ਰਚਨਾ ਪੰਜਾਬੀ ਜ਼ਬਾਨ ਦੀ ਆੜ ਵਿਚ ਕਰਵਾਉਣਾ ਚਾਹੁੰਦੇ ਓ—ਉਹ ਨਿਰੋਲ ਫਿਰਕੂ ਹੈ।

ਪਹਿਲੀ ਗੱਲ, ਜੇ ਤੁਹਾਡੇ ਪਹਿਲੇ ਕਥਨ ਅਨੁਸਾਰ ਸਾਰੇ ਹਰਿਆਣੇ ਦੀ ਭਾਸ਼ਾ ਪੰਜਾਬੀ ਦੀ ਹੀ ਉਪ ਭਾਖਾ ਬਾਂਗਰੂ ਸੀ ਤਾਂ ਹੁਣ ਉਸ ਵਿਚੋਂ ਰੋਹਤਕ, ਗੁੜਗਾਵਾਂ ਤੇ ਮਹਿੰਦਰ ਗੜ੍ਹ ਦੇ ਪੂਰੇ ਪੂਰੇ ਜ਼ਿਲੇ ਇਸ ਕਰਕੇ ਹਿੰਦੀ ਵਾਲੇ ਨਹੀਂ ਮੰਨ ਲਏ ਜਾ ਸਕਦੇ ਕਿ ਇਨ੍ਹਾਂ ਜ਼ਿਲਿਆਂ ਵਿਚ ਪਛਮੀ ਪੰਜਾਬ ਦੇ ਸਿਖ ਨਹੀਂ ਸਗੋਂ ਹਿੰਦੂ ਵਡੀ ਗਿਣਤੀ ਵਿਚ ਆ ਕੇ ਵੱਸ ਗਏ ਹਨ। ਪੱਛਮੀ ਪੰਜਾਬ ਤੋਂ ਉਜੜ ਕੇ ਆਏ ਹਿੰਦੂ ਠੀਕ ਉਸੇ ਤਰ੍ਹਾਂ ਹੀ ਪੰਜਾਬੀ ਹਨ ਜਿਵੇਂ ਕਿ ਸਿੱਖ। ਉਹ ਹਿੰਦੂ ਫਿਰਕਾ ਪ੍ਰਸਤੀ ਦੇ ਅਸਰ ਹੇਠ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਨ ਤੇ ਵੀ ਪੰਜਾਬੀ ਹੀ ਹਨ ਅਤੇ ਤੁਹਾਡੇ ਵਲੋਂ ਜਵਾਬੀ ਫਿਰਕਾ ਪ੍ਰਸਤੀ ਦੇ ਅਸਰ ਹੇਠ ਉਨ੍ਹਾਂ ਦੀ ਜ਼ਬਾਨ ਹਿੰਦੀ ਆਖੇ ਜਾਣ ਤੇ ਵੀ ਪੰਜਾਬੀ ਹੀ ਹਨ।

ਇਹ ਫ਼ਰਜ਼ ਤੁਹਾਡਾ—ਪੰਜਾਬੀ ਦੇ ਮੁਦੱਈਆਂ ਦਾ—ਬਣਦਾ ਹੈ ਕਿ ਉਨ੍ਹਾਂ ਦੀ ਭਾਸ਼ਾ ਬਾਰੇ ਗ਼ਲਤੀ ਨੂੰ ਹੋਰ ਨਾ ਵਧਾ ਕੇ ਪੰਜਾਬੀ ਜ਼ਬਾਨ ਦੀ ਸੇਵਾ ਕਰਨ—ਨਾ ਕਿ ਪੰਜਾਬੀ ਜ਼ਬਾਨ ਦੇ ਨਾਮ ਉਤੇ ਹੀ ਪੰਜਾਬੀ ਨਾਲ ਅਨਿਆਂ। ਪੰਜਾਬ ਇਸ ਵੇਲੇ ਰਿਜਨਲ ਫਾਰਮੂਲੇ ਦੇ ਅਧੀਨ ਦੋ ਭਾਸ਼ੀ ਸੂਬਾ ਹੈ—ਜੇ ਉਪਰੋਕਤ ਜ਼ਿਲਿਆਂ ਵਿਚ ਪੱਛਮੀ ਪੰਜਾਬ ਤੋਂ ਆਣ ਕੇ ਵੱਸੇ ਹਿੰਦੂ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਆਖਣ ਤਾਂ ਇਸ ਦਾ ਅਸਲ ਘਾਟਾ ਉਨ੍ਹਾਂ ਨੂੰ ਰਹਿਣਾ ਹੈ ਤੁਹਾਨੂੰ ਨਹੀਂ। ਜੇ ਮਾਤ ਭਾਸ਼ਾ ਨਾਮ ਦੀ ਕਿਸੇ ਸਮਰੱਥ ਸ਼ਕਤੀ ਨੂੰ ਤੁਸੀਂ ਮੰਨਦੇ ਹੋਵੋ ਤਾਂ ਤੁਹਾਨੂੰ ਇਹ ਵੀ ਮੰਨਣਾ ਪਵੇਗਾ ਕਿ ਜਿਹੜਾ ਆਪਣੀ ਮਾਤ ਭਾਸ਼ਾ ਰੂਪੀ ਦੁਧ ਤੋਂ ਵਿਰਵਾ ਰਹਿੰਦਾ ਹੈ—ਸ਼ਕਤੀ ਓਸੇ ਦੀ ਹੀ ਘੱਟ ਹੁੰਦੀ ਹੈ—ਆਪਣੀ ਮਾਂ ਦਾ ਦੁਧ ਚੁੰਗਣ ਵਾਲੇ ਦੀ ਨਹੀਂ। ਤੁਹਾਡਾ ਫਰਜ਼ ਤਾਂ ਇਹ ਹੈ ਕਿ ਉਨ੍ਹਾਂ ਦੀਆਂ ਮਾਤ ਭਾਸ਼ਾ ਵਲੋਂ ਬੇਪਛਾਣ ਬਣਾ ਦਿੱਤੀਆਂ ਗਈਆਂ ਅੱਖਾਂ ਨੂੰ ਸੱਚੀ ਸਹੀ ਵੇਖਣ ਵਿਚ ਮਦਦ ਦਿਓ—ਅਜ ਉਹ ਪਹਿਲਾਂ ਹਿੰਦੀ ਤੇ ਫਿਰ ਪੰਜਾਬੀ ਪੜ੍ਹਦੇ ਹਨ ਤਾਂ ਕੋਈ ਗਲ ਨਹੀਂ, ਮੁਲਕ ਨੂੰ ਮਾਤ-ਭਾਸ਼ਾ ਦੀ ਸ਼ਕਤੀ ਤੋਂ ਵਿਰਵੇ ਰਹਿ ਜਾਣ ਕਰਕੇ ਉਪਜੀ ਸ਼ਕਤੀਹੀਨਤਾ ਉਨ੍ਹਾਂ ਨੂੰ ਪ੍ਰਾਸਚਿਤ ਕਰਨ ਲਈ ਵੀ ਮਜ਼ਬੂਰ ਕਰੇਗੀ।

ਬਾਕੀ ਰਹੀ ਗੱਲ ਅੱਧੇ ਹਿਸਾਰ ਤੇ ਅੱਧੇ ਕਰਨਾਲ ਦੀ। ਸਦਕੇ ਜਾਈਏ ਤੁਹਾਡੀ ਭਾਸ਼ਾ ਪ੍ਰਸਤੀ ਦੇ! ਇਨ੍ਹਾਂ ਅੱਧਿਆਂ ਅੱਧਿਆਂ ਜ਼ਿਲਿਆਂ ਨੂੰ ਸਿਰਫ ਇਸ ਕਰਕੇ ਹਰਿਆਣੇ ਵਾਲਿਆਂ ਕੋਲੋਂ ਖੋਹ ਕੇ ਪੰਜਾਬੀ ਸੂਬੇ ਵਿਚ ਲੈ ਜਾਣਾ ਚਾਹੁੰਦੇ ਓ ਕਿ ਇਨ੍ਹਾਂ ਜ਼ਿਲਿਆਂ ਵਿਚ ਬਹੁਤੇ ਸਿੱਖ ਆਣ ਕੇ ਵੱਸ ਗਏ ਹਨ, ਪੱਛਮੀ ਪੰਜਾਬ ਦੇ ਹਿੰਦੂ ਨਹੀਂ, ਅਤੇ ਰੋਹਤਕ ਗੁੜਗਾਵਾਂ ਤੇ ਮਹਿੰਦਰ ਗੜ੍ਹ ਨੂੰ ਇਸ ਲਈ ਗੈਰ ਪੰਜਾਬੀ ਇਲਾਕਾ ਦੱਸੀ ਜਾਂਦੇ ਓ ਕਿ ਉਨ੍ਹਾਂ ਜ਼ਿਲਿਆਂ ਵਿਚ ਪੱਛਮੀ ਪੰਜਾਬ ਦੇ ਬਹੁਤੇ ਸਿਖ ਨਹੀਂ ਸਗੋਂ ਹਿੰਦੂ ਆਣ ਕੇ ਵੱਸੇ ਹਨ।

ਪੰਜਾਬੀ ਹੋ ਕੇ, ਇਕ ਪੰਜਾਬੀ ਅਖ਼ਬਾਰ ਦੇ ਮਾਲਿਕ ਤੇ ਸੰਪਾਦਕ ਹੋ ਕੇ ਪੰਜਾਬੀਆਂ ਨਾਲ ਹੀ ਇਹ ਅਨਿਆਂ ਤਾਂ ਨਾ ਕਰੋ, ਅੰਤ ਨੂੰ ਇਹ ਵੀ ਤੁਹਾਡੇ ਹੀ ਭਰਾ ਹਨ।

ਸੰਪਾਦਕ ਅਜੀਤ ਪੰਜਾਬੀ ਭਾਸ਼ਾ ਦੇ ਆਧਾਰ ਉਤੇ ਜਿਸ ਸੂਬੇ ਦੀ ਮੰਗ ਕਰ ਰਹੇ ਹਨ ਉਸ ਦਾ ਫਿਰਕੂ ਪੱਖ



Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦੀ ਆਪਣੀ ਕਲਮ ਤੋਂ ਹੀ ਇੰਜ ਉਘੜਦਾ ਹੈ, ਆਸ ਹੈ ਉਹ ਆਪਣੀ ਲਿਖਤ ਤੇ ਆਪਣੇ ਸ਼ਬਦਾਂ ਨੂੰ ਪਛਾਣ ਲੈਣਗੇ—"ਪੰਜਾਬੀ ਸੂਬੇ ਵਿਚ ਸਿੱਖ ਵਧ ਤੋਂ ਵਧ ੫੫ ਪ੍ਰਤੀਸ਼ਤ ਹੋਣਗੇ ਅਤੇ ਹਿੰਦੂਆਂ ਦਾ ਤਨਾਸਬ ੪੫ ਪ੍ਰਤੀਸ਼ਤ ਹੋਵੇਗਾ।..." ਤਬਦੀਲੀ ਕੇਵਲ ਏਨੀ ਕੁ ਹੋਵੇਗੀ ਕਿ ਸਿੱਖਾਂ ਦੀ ਤਸੱਲੀ ਹੋ ਜਾਵੇਗੀ।"

ਸਪਸ਼ਟ ਹੈ ਕਿ ਸਵਾਲ ਪੰਜਾਬੀ ਜ਼ਬਾਨ ਦੇ ਸੂਬੇ ਦਾ ਨਹੀਂ ਹੈ ਸਗੋਂ ਉਸ ਸੂਬੇ ਦਾ ਹੈ ਜਿਸ ਵਿਚ ਸਿੱਖਾਂ ਦੀ ਬਹੁ ਗਿਣਤੀ ਹੋਵੇ ਤੇ ਹਿੰਦੂ ਘਟ ਗਿਣਤੀ ਵਿਚ ਹੋਣ ਅਤੇ ਇਸ ਨਾਲ ਸਿੱਖਾਂ (ਅਕਾਲੀਆਂ ਦੀ) ਤਸੱਲੀ ਜ਼ਰੂਰ ਹੁੰਦੀ ਹੋਵੇ । ਸੰਪਾਦਕ ਅਜੀਤ ਨੇ ਪੰਜਾਬੀ ਸੂਬੇ ਦੇ ਸਵਾਲ ਸਬੰਧੀ 'ਨਵਾਂ ਹਿੰਦੁਸਤਾਨ' ਦੇ ਮਤ-ਭੇਦਾਂ ਦਾ ਜਿਹੜਾ ਕਾਰਨ ਲੱਭਾ ਹੈ ਉਹ ਉਨ੍ਹਾਂ ਨੂੰ ਮੁਬਾਰਕ ਹੋਵੇ, ਨਵਾਂ ਹਿੰਦੁਸਤਾਨ' ਪੜ੍ਹਨ ਵਾਲਾ ਤੇ ਨਾਮ-ਧਾਰੀਆਂ ਨੂੰ ਜਾਨਣ ਵਾਲਾ ਹਰ ਵਿਅਕਤੀ ਜਾਣਦਾ ਹੈ ਕਿ ਨਵਾਂ ਹਿੰਦੁਸਤਾਨ ਉਹਨਾਂ ਪਰੰਪਰਾਵਾਂ ਤੇ ਰਵਾਇਤਾਂ ਦਾ ਬੁਲਾਰਾ ਹੈ ਜਿਹੜੀਆਂ ਨਾਮਧਾਰੀਆਂ ਨੇ ਦੇਸ਼ ਦੇ ਕੌਮੀ ਇਤਿ-ਹਾਸ ਵਿਚ ਕਾਇਮ ਕੀਤੀਆਂ ਹਨ।

ਉਹ ਰਵਾਇਤਾਂ ਫਿਰਕੂ ਨਹੀਂ ਸਗੋਂ ਕੌਮੀ ਹਨ । ਜਿਵੇਂ ਅੱਜ ਅਕਾਲੀ ਆਗੂ ਹਰ ਸਿੱਖ ਕੋਲੋਂ ਇਹ ਆਸ ਕਰਦੇ ਹਨ ਕਿ ਉਹ ਉਹਨਾਂ ਦੀਆਂ ਫੁਟ ਪਾਊ ਨੀਤੀਆਂ ਦੀ ਹਮਾਇਤ ਕਰੇ ਠੀਕ ਇਹੋ ਆਸ ਉਹਨਾਂ ਨੇ ੧੯੨੯ ਵਿਚ ਵੀ ਸਿੱਖਾਂ ਕਲੋਂ ਕੀਤੀ ਸੀ।

ਜਦੋਂ ਲਾਹੌਰ ਵਿਚ ਪੰਡਿਤ ਨਹਿਰੂ ਦੀ ਪ੍ਰਧਾਨਗੀ ਹੇਠ ਆਲ ਇੰਡੀਆ ਕਾਂਗਰਸ ਦਾ ਸਾਲਾਨਾ ਅਜਲਾਸ ਹੋ ਰਿਹਾ ਸੀ, ਦੇਸ਼ ਦੀ ਕੌਮੀ ਸੰਸਥਾ ਕਾਂਗਰਸ ਪਹਿਲੀ ਵਾਰੀ ਪੂਰਨ ਆਜ਼ਾਦੀ ਦਾ ਪ੍ਰਸਤਾਓ ਪਾਸ ਕਰਨ ਜਾ ਰਹੀ ਸੀ ਓਦੋਂ ਅਕਾਲੀਆਂ ਨੇ ਆਪਣੇ ਉਸ ਵੇਲੇ ਦੇ ਪਰਧਾਨ ਬਾਬਾ ਖੜਕ ਸਿੰਘ ਦੀ ਅਗਵਾਈ ਵਿਚ ਉਸ ਕਾਂਗਰਸ ਸੰਮੇਲਣ ਦਾ ਬਾਈ-ਕਾਟ ਕਰਕੇ ਅੰਗਰੇਜ਼ਾਂ ਨੂੰ ਇਹ ਦਸਣਾ ਚਾਹਿਆ ਸੀ ਕਿ ਸਿੱਖ ਕਾਂਗ-ਰਸ ਦੇ ਨਾਲ ਨਹੀਂ, ਸਿੱਖ ਅੰਗਰੇਜ਼ਾਂ ਦੇ ਨਾਲ ਹਨ, ਉਹ ਆਜ਼ਾਦੀ ਦੇ ਸੰਘਰਸ਼ ਵਿਚ ਨਹੀਂ ਹਨ—ਗੁਲਾਮੀ ਦੇ ਪਹਿਰੇਦਾਰ ਹਨ। ਬਾਬਾ ਖੜਕ ਸਿੰਘ ਨੇ ਐਲਾਨ ਕੀਤਾ ਸੀ—ਜਿਹੜਾ ਸਿਖ ਇਸ ਸਮਾਗਮ ਵਿਚ ਸ਼ਾਮਲ ਹੋਵੇਗਾ ਪੰਥ ਵਿਚੋਂ ਕੱਢ ਦਿਤਾ ਜਾਵੇਗਾ।

ਨਾਮਧਾਰੀਆਂ ਨੇ ਉਸ ਸੰਮੇਲਣ ਵਿਚ ਹਿੱਸਾ ਲਿਆ ਸੀ, ਸੈਂਕੜੇ ਘੋੜੇ ਭੈਣੀ ਸਾਹਿਬ ਤੋਂ ਭੇਜ ਕੇ ਜਵਾਹਰ ਲਾਲ ਦਾ ਜਲੂਸ ਕੱਢਿਆ ਸੀ, ਕਾਂਗ-ਰਸ ਸੰਮੇਲਣ ਵਿਚ ਆਏ ਦੇਸ਼ ਭਗਤਾਂ ਦੇ ਲੰਗਰ ਦੀ ਪੂਰੀ ਜ਼ਿੰਮੇਵਾਰੀ ਲਈ ਸੀ ਤੇ ਦੁਨੀਆਂ ਨੂੰ ਦਸਿਆ ਸੀ ਕਿ ਸਿਖ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਹਨ।

'ਨਵਾਂ ਹਿੰਦੁਸਤਾਨ' ਦੇ ਸਾਹਮਣੇ ਉਹ ਦਿਨ ਵੀ ਹਨ ਜਦੋਂ ਅਕਾਲੀ ਗੁਰਦਵਾਰਿਆਂ ਦੀਆਂ ਗੋਲਕਾਂ ਦੀਆਂ ਚਾਬੀਆਂ ਉਤੇ ਕਬਜ਼ੇ ਲਈ ਲੜਦੇ ਹੋਏ ਸਿਖਾਂ ਨੂੰ ਅੰਗਰੇਜ਼ ਵਿਰੁਧ ਚਲ ਰਹੇ ਸੰਘਰਸ਼ ਤੋਂ ਲਾਂਭੇ ਕਰਕੇ ਅੰਗ੍ਰੇ-ਜ਼ਾਂ ਦੀ ਮਦਦ ਕਰ ਰਹੇ ਸਨ—ਓਦੋਂ ਨਾਮਧਾਰੀ ਵਲਾਇਤੀ ਮਾਲ ਵਿਰੁਧ ਚਲ ਰਹੀ ਬਾਈਕਾਟ ਦੀ ਲਹਿਰ ਵਿਚ ਵਲਾਇਤੀ ਮਾਲ ਦੀ ਹੋਲੀ ਜਲਾ ਕੇ ਜੇਹਲਾਂ ਵਿਚ ਜਾ ਰਹੇ ਸਨ। ਦੇਸ਼ ਦੇ ਸਾਹਮਣੇ ਅੱਜ ਦੂਸਰੀ ਤਰ੍ਹਾਂ ਦਾ ਸਵਾਲ ਹੈ । ਪੰਜਾਬੀ ਸੂਬੇ ਦੀ ਮੰਗ ਅੱਜ ਇਸ ਦਲੀਲ ਨਾਲ ਕੀਤੀ ਜਾ ਰਹੀ ਹੈ ਕਿ ਸਿੱਖਾਂ ਦੀ ਇਸ ਤੋਂ ਬਿਨਾਂ ਤਸੱਲੀ ਨਹੀਂ ਹੁੰਦੀ। ਕੁਝ ਲੋਕ ਇਸ ਕਰਕੇ ਇਹ ਮੰਗ ਕਰ ਰਹੇ ਹਨ ਕਿ ੧੯੨੦ ਵਿਚ ਕਾਂਗਰਸ ਨੇ ਭਾਸ਼ਾਈ ਸੂਬਿਆਂ ਦੀ ਰਚਨਾ ਦਾ ਅਸੂਲ ਮੰਨ ਲਿਆ ਸੀ।

੧੯੪੭ ਵਿਚ ਦੇਸ਼ ਦੇ ਨੇਤਾਵਾਂ ਨੇ ਮੁਸਲਮਾਨਾਂ ਦੀ ਤਸੱਲੀ ਲਈ ਇਕ ਅਸੂਲ ਨੂੰ ਕੌਮਾਂਤਰੀ ਮਰਯਾਦਾ ਦਿਵਾਈ ਸੀ। ਮਜ਼ਹਬ ਦੇ ਆਧਾਰ ਉਤੇ ਆਤਮ ਨਿਰਣੇ ਦਾ ਹੱਕ ਦੇਣਾ, ਦੋ ਕੌਮਾਂ ਦੇ ਸਿਧਾਂਤ ਨੂੰ ਪਰਵਾਨਗੀ ਦੇਣਾ—ਇਸੇ ਅਸੂਲ ਦੇ ਆਧਾਰ ਉਤੇ ਪਾਕਿਸਤਾਨ ਦੀ ਰਚਨਾ ਕੀਤੀ ਗਈ। ਅੱਜ ਵੀ ਭਾਰਤ ਵਲੋਂ ਓਦੋਂ ਪਰਵਾ-ਨਤ ਦੋ ਕੌਮਾਂ ਦੇ ਸਿਧਾਂਤ ਦੀ ਦੁਹਾਈ ਦੇ ਕੇ ਪਾਕਿਸਤਾਨ ਕਸ਼ਮੀਰ ਦੀ ਮੰਗ ਕਰ ਰਿਹਾ ਹੈ।

ਪਰ ਜਿਵੇਂ ਕਿ ਹਰ ਕਿਸੇ ਨੂੰ ਪਤਾ ਹੈ—ਉਹ ਅਸੂਲ ਗ਼ਲਤ ਸੀ, ਸਿਧਾਂਤ ਗ਼ਲਤ ਸੀ, ਉਸਦੀ ਪਰਵਾਨਗੀ ਇਕ ਭਿਆਨਕ ਤੇ ਗਲਤ ਕਦਮ ਸੀ ਤੇ ਪਿਛਲੇ ਸਤਾਰਾਂ ਸਾਲਾਂ ਤੋਂ ਭਾਰਤ ਉਸ ਗ਼ਲਤੀ ਦਾ ਪ੍ਰਾਸਚਿਤ ਕਰ ਰਿਹਾ ਹੈ। ਉਸੇ ਦੋ ਕੌਮਾਂ ਦੇ ਸਿਧਾਂਤ ਵਿਚੋਂ ਹੀ ਅਕਾਲੀਆਂ ਦੀ ਆਜ਼ਾਦ ਸਿਖ ਸਟੇਟ ਦੀ ਮੰਗ ਉਠੀ—ਜਿਸ ਲਈ ਮਾਸਟਰ ਤਾਰਾ ਸਿੰਘ ਗਰੁਪ ਅੱਜ ਵੀ ਲੜ ਰਿਹਾ ਹੈ । ਉਸੇ ਸਿਧਾਂਤ ਵਿਚੋਂ ਹੀ ਪੰਜਾਬੀ ਸੂਬੇ ਦਾ ਸਵਾਲ ਨਿਕਲਿਆ ਤੇ ਇਹ ਸੰਤ ਫ਼ਤੇਹ ਸਿੰਘ ਜਾਂ ਕਮਿਊਨਿਸਟ ਪਾਰਟੀ ਨੇ ਨਹੀਂ ਕਢਿਆ, ਮਾਸਟਰ ਤਾਰਾਸਿੰਘ ਨੇ ਹੀ ਕਢਿਆ, ਉਹੋ ਹੀ ਇਸ ਲਈ ਜੇਹਲ ਗਏ, ਉਹਨਾਂ ਨੇ ਹੀ ਸੰਤ ਫ਼ਤੇਹ ਸਿੰਘ ਜੀ ਕੋਲੋਂ ਇਸ ਲਈ ਮਰਨ ਵਰਤ ਰਖਵਾਇਆ ਤੇ ਉਹਨਾਂ ਨ ਹੀ ਫਿਰ ਆਪ ਵੀ ਮਰਨ ਵਰਤ ਰੱਖਿਆ। ਉਸੇ ਹੀ ਬੁਨਿਆਦ ਉੱਤੇ ਅੱਜ ਵੀ



Sri Satguru Jagjit Singh Ji Elibrary NamdhariElibrary@gmail.com

ਅਜੀਤ ਦੇ ਸੰਪਾਦਕ ਜੀ ਇਹੋ ਜਿਹੀ ਗੱਲ ਕਹਿ ਸਕੇ ਹਨ ਕਿ—'ਇਸ ਨਾਲ ਸਿੱਖਾਂ ਦੀ ਤਸੱਲੀ ਹੋ ਜਾਏਗੀ।' ਕੀ ਭਾਰਤ ਇਸ ਕਰਕੇ ਉਸ ਅਸੂਲ ਨੂੰ ਹੁਣ ਵੀ ਅਮਲ ਵਿਚ ਲਿਆਵੇ ਕਿ ਉਸ ਦੇ ਨੇਤਾਵਾਂ ਨੇ ੧੯੪੭ ਵਿਚ ਉਸਨੂੰ ਪਰਵਾਨ ਕਰਨ ਦੀ ਗਲਤੀ ਕੀਤੀ ਸੀ।

ਨਹੀਂ। ਹੁਣ ਕਦੇ ਵੀ ਉਸ ਅਸੂਲ ਨੂੰ, ਉਸ ਸਿਧਾਂਤ ਨੂੰ ਦੁਹਰਾਇਆ ਨਹੀਂ ਜਾਏਗਾ।

੧੯੨੦ ਵਿਚ ਜਿਸ ਗਲਤ ਅਸੂਲ ਨੂੰ ਪਰਵਾਨ ਕੀਤਾ ਸੀ ਜੇ ਉਸ ਨੂੰ ਸਹੀ ਸਹੀ ਅਰਥਾਂ ਵਿਚ ਅਮਲ ਵਿਚ ਲਿਆਂਦਾ ਜਾਵੇ ਤਾਂ ਅਜ ਪੰਜਾਬੀ ਸੂਬਾ ਨਹੀਂ ਸਗੋਂ ਅਨੇਕਾਂ ਹੋਰ ਸੂਬੇ ਬਣਨ ਵਾਲੇ ਪਏ ਹਨ।

ਜਿਸ ਵਿਸ਼ਾਲ ਹਿਮ ਚਲ ਦੀ ਮੰਗ ਕੀਤੀ ਜਾ ਰਹੀ ਹੈ—ਉਸ ਵਿਚ ਦੋ ਭਾਸ਼ਾਵਾਂ ਤਾਂ ਅੱਜ ਵੀ ਚਲਦੀਆਂ ਹਨ ਇਕ ਤੀਸਰੀ ਭਾਸ਼ਾ ਲਾਹੁਲ ਸਪਿਤੀ ਵਾਲਿਆਂ ਦੀ ਵੀ ਹੈ। ਪੰਜਾਬ ਨਾਲ ਲਗਦੇ ਹਿਮਾਲੇ ਦੇ ਇਸ ਹਿੱਸੇ ਨੂੰ ਭਾਸ਼ਾਈ ਅਸੂਲ ਦੇ ਆਧਾਰ ਉੱਤੇ ਘਟੋ ਘਟ ਤਿੰਨ ਹਿੱਸਿਆਂ ਵਿਚ ਤਾਂ ਵੰਡਣਾ ਹੀ ਪਵੇਗਾ।

ਕਸ਼ਮੀਰ ਦੀਆਂ ਘਟੋ ਘਟ ਤਿੰਨ ਜ਼ਬਾਨਾਂ ਹਨ। ਜੰਮੂ ਦੇ ਇਲਾਕੇ ਦੀ ਡੋਗਰੀ, ਕਸ਼ਮੀਰ ਘਾਟੀ ਦੀ ਕਸ਼ਮੀਰੀ ਅਤੇ ਲੱਦਾਖ ਦੀ ਸਿੰਕਿਆਂਗੀ ਨਾਲ ਮਿਲਦੀ ਜੁਲਦੀ ਲੱਦਾਖੀ। ਭਾਸ਼ਾਈ ਸੂਬਿਆਂ ਦੇ ਅਸੂਲ ਅਨੁਸਾਰ ਤਾਂ ਲਾਜ਼ਮੀ ਤੌਰ ਤੇ ਕਸ਼ਮੀਰ ਵਿਚ ਵੱਖੋ ਵੱਖ ਤਿੰਨ ਸਰਕਾਰਾਂ ਬਣਾਉਣੀਆਂ ਪੈਣਗੀਆਂ। ਪਾਕਿਸਤਾਨ ਬਣਨ ਵੇਲੇ ਪੰਜਾਬੀਆਂ ਵਾਂਗ ਹੀ ਬਹੁਤ ਸਾਰੇ ਸਿੰਧੀ ਵੀ ਭਾਰਤ ਵਿਚ ਆਏ ਸਨ। ਸਿੰਧੀ ਭਾਸ਼ਾ ਭਾਰਤੀ ਵਿਧਾਨ ਅਨੁਸਾਰ ਪਰਵਾਨਤ ਵੀ ਹੈ—ਪਰ ਕਿਸ ਇਲਾਕੇ ਦੀ ਉਹ ਭਾਸ਼ਾ ਹੈ? ਭਾਸ਼ਾਈ ਅਸੂਲ ਅਨੁਸਾਰ ਸਿੰਧੀਆਂ ਨੂੰ—ਮਜ਼ਹਬੀ ਆਧਾਰ ਉੱਤੇ ਨਹੀਂ ਭਾਸ਼ਾਈ ਆਧਾਰ ਉੱਤੇ ਇਕ ਸੂਬਾ ਜ਼ਰੂਰ ਬਣਾ ਕੇ ਦੇਣਾ ਚਾਹੀਦਾ ਹੈ। ਕਿਥੇ ਕੁ ਬਣਾਇਆ ਜਾਵੇਗਾ ਸਿੰਧੀ ਭਾਸ਼ਾ ਦੇ ਆਧਾਰ ਤੇ ਸੂਬਾ?

ਕੋਂਕਣੀ ਭਾਰਤ ਦੀਆਂ ਭਾਸ਼ਾਵਾਂ ਵਿਚੋਂ ਇਕ ਵਧੀਆ ਤੇ ਜਾਨਦਾਰ ਭਾਸ਼ਾ ਹੈ ਉਸ ਭਾਸ਼ਾ ਦੇ ਬੋਲਣ ਵਾਲਿਆਂ ਨੂੰ ਵੀ ਇਕ ਵੱਖਰੇ ਸੂਬੇ ਦੀ ਲੋੜ ਹੈ। ਅਤੇ ਭਾਸ਼ਾਈ ਇਨਸਾਫ ਏਥੇ ਹੀ ਨਹੀਂ ਮੁਕਦਾ। ਇਹ ਇਨ-ਸਾਫ ਉਪਰੋਂ ਭਾਸ਼ਾ ਤੋਂ ਤੁਰ ਕੇ ਉਪ-ਭਾਖਾਵਾਂ ਵੱਲ ਨੂੰ ਆਉਂਦਾ ਹੈ। ਭਾਰਤ ਵਿਚ ਅਨੇਕਾਂ ਉਪ-ਭਾਖਾਵਾਂ ਹਨ। ਭਾਸ਼ਾਵਾਂ ਇਖਲਾਕ ਤੇ ਇਨ-ਸਾਫ ਦਾ ਤਕਾਜ਼ਾ ਹੈ ਕਿ ਉਪਭਾਖਾਵਾਂ ਦੇ ਸੂਬੇ ਵੀ ਬਣਾਏ ਜਾਣ।

'ਨਵਾਂ ਹਿੰਦੁਸਤਾਨ' ਦਾ ਸੰਪਾਦਕ ਜਾਣਦਾ ਹੈ ਕਿ ਭਾਸ਼ਾ ਪ੍ਰਸਤੀ ਕਿਵੇਂ ਵਡੇ ਇਲਾਕਿਆਂ ਤੇ ਸੁੰਗੜਦੀ ਸੁੰਗੜਦੀ ਇਲਾਕਿਆਂ ਦੀਆਂ ਮੋੜੀਆਂ ਤੋਂ ਮੋੜੀਆਂ ਹੱਦਾਂ ਬਣਾਉਂਦੀ ਵਧਦੀ ਫੂਲਦੀ ਹੈ। ਇਸ ਨਾਲ ਏਕਤਾ ਨੂੰ ਨੁਕਸਾਨ ਪੁਜਦਾ ਹੈ ਅਨੇ-ਕਤਾ ਵਧਦੀ ਹੈ—ਫੁਟ ਵਧਦੀ ਹੈ।

ਹਰਿਆਣੇ ਦੇ ਜਿਸ ਭਾਸ਼ਾਈ ਪ੍ਰਾਂਤ ਦੀ ਵਕਾਲਤ ਅਕਾਲੀ ਤੇ ਕਮਿਉ-ਨਿਸਟ ਕਰ ਰਹੇ ਹਨ—ਉਹ ਜੇ ਉਨ੍ਹਾਂ ਦੀ ਇਛਿਆ ਅਨੁਸਾਰ ਅਧੇ ਕਰਨਾਲ ਨੂੰ ਪੰਜਾਬੀ ਸੂਬੇ ਲਈ ਛੱਡ ਕੇ ਬਣੇ—ਅਤੇ ਉਸ ਪ੍ਰਾਂਤ ਵਿਚੋਂ ਸੜਕ ਰਾਹੀਂ ਜੇ ਦਿੱਲੀ ਤਕ ਆਇਆ ਜਾਵੇ ਤਾਂ ਇਹ ਪ੍ਰਾਂਤ ਪੰਜਾਬ ਦੇ ਇਕ ਜ਼ਿਲੇ ਜਿੰਨੀ ਲੰਬਾਈ ਵਿਚ ਬਣੇਗਾ।

'ਨਵਾਂ ਹਿੰਦੁਸਤਾਨ' ਏਨੀਆਂ ਨਿਕੀਆਂ ਨਿਕੀਆਂ ਭਾਸ਼ਾਈ ਇਕਾਈਆਂ, ਤੰਗ ਨਜ਼ਰ ਕੌਮ ਪ੍ਰਸਤੀ, ਤੇ ਫਿਰਕਾ ਪ੍ਰਸਤੀ ਦੀ ਹਮਾਇਤ ਨਹੀਂ ਕਰ ਸਕਦਾ।

(੨੯ ਅਕਤੂਬਰ ੧੯੬੫)

ਚੰਡੀਗੜ੍ਹ ਵਿਚ ਹੁਣੇ ਹੁਣੇ ਇਕ ਕਨਵੈਨਸ਼ਨ ਹੋਈ ਹੈ—ਇਸ ਵਿਚ ਬਹੁਤੇ ਹਿੰਦੂ ਸ਼ਾਮਲ ਹੋਏ ਸਨ ਤੇ ਪੰਜਾਬ ਦੇ ਕੁਝ ਕੁਝ ਸਿੱਖ ਮੰਤਰੀ ਵੀ ਸ਼ਾਮਲ ਹੋਏ ਸਨ।

ਉਸ ਕਨਵੈਨਸ਼ਨ ਵਿਚ ਪੰਜਾਬੀ ਸੂਬੇ ਦਾ ਵਿਰੋਧ ਕੀਤਾ ਗਿਆ ਸੀ।

ਉਸ ਕਨਵੈਨਸ਼ਨ ਦਾ ਅਸਰ ਜ਼ਾਇਲ ਕਰਨ ਲਈ ਹੁਣ ਇਕ ਜਵਾਬੀ ਕਨਵੈਨਸ਼ਨ ਚੰਡੀਗੜ੍ਹ ਵਿਚ ਹੀ ੭ ਨਵੰਬਰ ਨੂੰ ਕੀਤੀ ਜਾ ਰਹੀ ਹੈ। ਪਹਿਲੀ ਕਨਵੈਨਸ਼ਨ ਜੇ ਹਿੰਦੂਆਂ ਵਲੋਂ ਸੀ ਤਾਂ ਇਹ ੭ ਨਵੰਬਰ ਵਾਲੀ ਕਨਵੈਨਸ਼ਨ ਅਕਾਲੀਆਂ ਵਲੋਂ ਹੋ ਰਹੀ ਹੈ। ਇਕ ਦੋ ਹਿੰਦੂ ਵਿਅਕਤੀ ਵੀ ਜ਼ਰੂਰ ਇਸ ਵਿਚ ਹਿੱਸਾ ਲੈ ਰਹੇ ਹਨ।

ਇਸ ਕਾਨਫਰੰਸ ਵਿਚ ਜਿਹੜੇ ਸੱਜਣ ਹਿੱਸਾ ਲੈ ਰਹੇ ਹਨ ਉਹਨਾਂ ਵਿਚੋਂ ਪਰਮੁਖ ਹਨ-ਜਸਟਿਸ ਗੁਰਨਾਮ ਸਿੰਘ ਜੀ, ਪੰਜਾਬ ਅਸੈਂ-ਬਲੀ ਵਿਚ ਅਕਾਲੀ ਗਰੁਪ ਦੇ ਲੀਡਰ। ਇਹ ਸੱਜਣ ਉਹੋ ਹੀ ਹਨ ਜਿਹਨਾਂ ਨੇ ਲੁਧਿਆਣਾ ਵਿਚ ਨਲੂਆ ਕਨਵੈਨਸ਼ਨ ਦੇ ਸਮੇਂ ਸਿਖਾਂ ਦੇ ਆਤਮ-ਨਿਰਣੇ ਦੇ ਆਧਾਰ ਤੇ ਅਜ਼ਾਦ ਸਿੱਖ ਸਟੇਟ ਕਾਇਮ ਕਰਨ ਦੀ ਮੰਗ ਕੀਤੀ। ਸੰਨ ੧੯੬੫ ਦੇ ਸਾਲ ਦੀ ਇਹ ਇਕ ਸਭ ਤੋਂ ਅਹਿਮ ਘਟਨਾ ਸੀ। ਇਹ ੧੯੬੫ ਵਿਚ ਅਕਾਲੀਆਂ ਵਲੋਂ ਸਿਆਸੀ ਖੇਤਰ ਵਿਚ ਸਰਗਰਮ ਹੋਣ ਦਾ ਅਰੰਭ ਸੀ। ਬਾਅਦ ਵਿਚ ਏਸੇ ਆਤਮ ਨਿਰਣੇ ਦੀ ਮੰਗ ਨੂੰ ਲੈ ਕੇ



Sri Satguru Jagjit Singh Ji Elibrary NamdhariElibrary@gmail.com

ਮਾਸਟਰ ਤਾਰਾ ਸਿੰਘ ਜੀ ਨੇ ਦਿੱਲੀ ਵਿਚ ਆਪਣੀ ਉਹ ਇਤਿਹਾਸਕ ਪਰੈਸ ਕਾਨਫਰੰਸ ਕੀਤੀ ਜਿਸ ਵਿਚ ਉਹਨਾਂ ਦੇ ਬੁਲਾਰੇ ਸਰਦਾਰ ਖੁਸ਼ਵੰਤ ਸਿੰਘ ਬਣੇ । ਇਹਨਾਂ ਸਰਦਾਰ ਖੁਸ਼ਵੰਤ ਸਿੰਘ ਹੁਰਾਂ ਆਤਮ ਨਿਰਣੇ ਦੀ ਮੰਗ ਨੂੰ ਖਾਲਸਈ ਢੰਗ ਨਾਲ ਪਰਚਾਰਦਿਆਂ ਹੋਇਆਂ ਪਰੈਸ ਨੂੰ ਇਹ ਬਿਆਨ ਦਿੱਤਾ ਕਿ ਜਦੋਂ ਹਰ ਗੁਰਦਵਾਰੇ ਵਿਚ ਅਰਦਾਸ ਤੋਂ ਬਾਅਦ "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ" ਪੜ੍ਹਿਆ ਜਾਂਦਾ ਹੈ ਤਾਂ ਜਾਂ ਤੇ ਖਾਲਸੇ ਨੂੰ ਰਾਜ ਦਿੱਤਾ ਜਾਏ ਅਤੇ ਜਾਂ ਇਸਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਜਾਏ ।

ਜਸਟਿਸ ਗੁਰਨਾਮ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਤੇ ਸਰਦਾਰ ਖੁਸ਼ਵੰਤ ਸਿੰਘ ਜੀ ਦੀਆਂ ਇਹਨਾਂ ਕੋਸ਼ਿਸ਼ਾਂ ਦਾ ਸਿੱਟਾ ਇਹ ਨਿਕਲਿਆ ਕਿ ਸੰਤ ਫਤੇਹ ਸਿੰਘ ਜੀ ਨੂੰ ਅਕਾਲੀਆਂ ਵਿਚ ਆਪਣੀ ਅਸਥਿਰ ਜਿਹੀ ਲੀਡਰੀ ਖ਼ਤਰੇ ਵਿੱਚ ਪੈਂਦੀ ਦਿੱਸੀ । ਉਹਨਾਂ ਨੇ ਨਹਿਲੇ ਤੇ ਦਹਿਲਾ ਮਾਰਿਆ ਤੇ ਮਾਸਟਰ ਜੀ ਵਲੋਂ ਛਡ ਦਿੱਤਾ ਹੋਇਆ ਪੰਜਾਬੀ ਸੂਬੇ ਦਾ ਨਾਅਰਾ ਚੁਕ ਕੇ ਮਰਨ ਮਰਨ ਤੇ ਸੜ ਮਰਨ ਦਾ ਐਲਾਨ ਕਰ ਦਿਤਾ ।

੧੯੬੫ ਵਿਚ ਸਿੱਖਾਂ ਦੇ ਆਤਮ ਨਿਰਣੇ ਦੇ ਅਧਾਰ ਉਤੇ ਆਜ਼ਾਦ ਸਿੱਖ ਸਟੇਟ ਦੀ ਮੰਗ ਕਰਨ ਵਾਲੇ ਜਸਟਿਸ ਗੁਰਨਾਮ ਸਿੰਘ ਜੀ ਤੋਂ ਬਾਅਦ ਇਸ ਕਨਵੈਨਸ਼ਨ ਵਿਚ ਹਿੱਸਾ ਲੈਣ ਵਾਲੇ ਦੂਜੇ ਖਾਸ ਵਿਅਕਤੀ ਹਨ—ਸਰਦਾਰ ਜਗਜੀਤ ਸਿੰਘ ਜੀ ਗੋਗੋਆਣੀ ਮੈਂਬਰ ਪੰਜਾਬ ਅਸੈਂਬਲੀ ਤੇ ਸੰਤ ਫਤੇਹ ਸਿੰਘ ਧੜੇ ਦੇ ਪਰਮੁਖ ਆਗੂ ।

ਸੰਤ ਫਤੇਹ ਸਿੰਘ ਪੰਜਾਬੀ ਸੂਬੇ ਲਈ ਸੰਘਰਸ਼ ਕਰ ਰਹੇ ਹਨ । ਸ: ਜਗਜੀਤ ਸਿੰਘ ਜੀ ਗੋਗੋਆਣੀ ਆਪਣੇ ਅਖਬਾਰ ਕੌਮੀ ਦਰਦ ਰਾਹੀਂ ਸੰਤ ਜੀ ਦੇ ਸੰਘਰਸ਼ ਨੂੰ ਪਬਲਿਸਿਟੀ ਦੇਂਦੇ ਹਨ । ਸੰਤ ਜੀ ਦੇ ਦਲ ਦਾ ਨਾਅਰਾ ਬੜਾ ਸਪਸ਼ਟ ਹੈ । ਉਹ ਅਜ਼ਾਦੀ ਦਾ ਨਾਅਰਾ ਹੈ—ਹਿੰਦੂਆਂ ਦੀ ਬਹੁ ਗਿਣਤੀ ਦੀ ਗੁਲਾਮੀ ਤੋਂ ਸਿੱਖਾਂ ਦੀ ਘਟ ਗਿਣਤੀ ਦੀ ਆਜ਼ਾਦੀ ਦਾ, ਇਕ ਇਹੋ ਜਿਹਾ ਸੂਬਾ ਜਿਸ ਵਿਚ ਸਿੱਖਾਂ ਦੀ ਬਹੁਗਿਣਤੀ ਹੋਵੇ ।

ਇਸ ਕਨਵੈਨਸ਼ਨ ਵਿਚ ਹੋਰ ਜਿਹੜੇ ਸੱਜਣ ਹਿੱਸਾ ਲੈ ਰਹੇ ਹਨ ਉਹ ਕਮਿਊਨਿਸਟ ਪਾਰਟੀ ਦੇ ਸਿੱਖ ਮੈਂਬਰ ਹਨ-ਸਰਦਾਰ ਅਵਤਾਰ ਸਿੰਘ ਮਲਹੋਤਰਾ, ਮਾਸਟਰ ਹਰੀ ਸਿੰਘ ਜੀ, ਸਰਦਾਰ ਤੇਜਾ ਸਿੰਘ ਜੀ ਸੁਤੰਤਰ ਤੇ ਸਰਦਾਰ ਜਗੀਰ ਸਿੰਘ ਜੋਗਾ ।

ਇਹ ਸੱਜਣ ਉਸ ਕਮਿਊਨਿਸਟ ਪਾਰਟੀ ਦੇ ਲੀਡਰ ਹਨ ਜਿਹੜੀ ਸਦਾ ਹੀ ਅਕਾਲੀਆਂ ਦੇ ਸਹਾਰੇ ਤੁਰਦੀ ਹੈ। ਜਦੋਂ ਵੀ ਅਕਾਲੀ ਪੰਜਾਬੀ ਸੂਬੇ ਦਾ ਨਾਅਰਾ ਦੇ ਕੇ ਗੁਰਦੁਆਰਿਆਂ ਵਿਚੋਂ ਲਹਿਰ ਸ਼ੁਰੂ ਕਰ ਦੇਣ ਓਦੋਂ ਹੀ ਇਹ ਕਮਿਊਨਿਸਟ ਲੀਡਰ ਵੀ ਸਰਗਰਮ ਹੋ ਜਾਂਦੇ ਹਨ ਅਤੇ ਜਦੋਂ ਅਕਾਲੀ ਚੁਪ ਕਰ ਕੇ ਬਹਿ ਜਾਣ ਉਦੋਂ ਕਮਿਊਨਿਸਟ ਪਾਰਟੀ ਦੇ ਇਹ ਲੀਡਰ ਕਿਸਾਨਾਂ ਦੀਆਂ ਮੰਗਾਂ, ਮਜ਼ਦੂਰਾਂ ਦੀਆਂ ਮੰਗਾਂ ਲੈ ਕੇ ਨਿਕਲ ਤੁਰਦੇ ਹਨ। ਪੰਜਾਬ ਅਸੈਂਬਲੀ ਜਾਂ ਪਾਰਲੀਮੈਂਟ ਦੀਆਂ ਚੋਣਾਂ ਵਿਚ ਆਦਿ ਕਾਲ ਤੋਂ ਕਮਿਊਨਿਸਟ ਲੀਡਰ ਅਕਾਲੀਆਂ ਨਾਲ ਸੀਟਾਂ ਦਾ ਸਮਝੌਤਾ ਕਰਦੇ ਹਨ । ਗੁਰਦੁਵਾਰਾ ਇਲੈਕਸ਼ਨਾਂ ਵਿਚ ਵੀ ਸਿਰਫ ਇਕ ਵਾਰੀ ਇਹਨਾਂ ਨੇ ਅਕਾਲੀਆਂ ਨਾਲ ਸਮਝੌਤਾ ਨਾ ਕਰਨ ਦੀ ਗਲਤੀ ਕੀਤੀ ਤੇ ਹਾਰ ਗਏ—ਨਹੀਂ ਤਾਂ ਹਮੇਸ਼ਾਂ ਮਾਸਟਰ ਤਾਰਾ ਸਿੰਘ ਨਾਲ ਰਲ ਕੇ ਕਾਂਗਰਸ ਦੇ ਖਿਲਾਫ ਚੋਣਾ ਲੜਦੇ ਆ ਰਹੇ ਹਨ ਸਾਬਕਾ ਪੈਪਸੂ ਵਿਚ ਇਹਨਾਂ ਕਮਿਊਨਿਸਟ ਆਗੂਆਂ ਨੇ ਆਪਣੇ ਤਿੰਨਾਂ ਮੈਂਬਰਾਂ ਦੀ ਮਦਦ ਨਾਲ ਪੈਪਸੂ ਵਿਚ ਅਕਾਲੀਆਂ ਦੀ ਸਰਕਾਰ ਬਣਵਾ ਰਖੀ ।

ਉਸ ਤੋਂ ਵੀ ਪਹਿਲਾਂ ਮਾਸਟਰ ਤਾਰਾ ਸਿੰਘ ਵਾਂਗ ਹੀ ਜਿਨ੍ਹਾ ਸਾਹਿਬ ਦੀ ਮੁਸਲਮਾਨਾਂ ਦੇ ਆਤਮ ਨਿਰਨੇ ਦੀ ਮੰਗ ਦੇ ਝੰਡੇ ਬਰਦਾਰ ਇਹੋ ਕਮਿਊਨਿਸਟ ਲੀਡਰ ਸ: ਤੇਜਾ ਸਿੰਘ ਹੀ ਰਹੇ ਤੇ ਪਾਕਿਸਤਾਨ ਬਣ ਜਾਣ ਸੁਤੰਤਰ ਨੇ ਤਾਂ 'ਪਾਕਿਸਤਾਨ ਕਮਿਊਨਿਸਟ ਪਾਰਟੀ' ਨਾਮ ਦੀ ਪਾਰਟੀ ਵੀ ਖੜੀ ਕਰ ਦਿੱਤੀ ਸੀ । ਪਰ ਆਤਮ ਨਿਰਣੇ ਦਾ ਅਧਿਕਾਰ ਲੈ ਕੇ ਪਾਕਿਸਤਾਨੀਆਂ ਨੇ ਇਹਨਾਂ ਨੂੰ ਓਧਰ ਰਹਿਣ ਹੀ ਨਾ ਦਿੱਤਾ । ਇਹ ਸਾਰੇ ਸੱਜਣ ਹੁਣ ਭਾਸ਼ਾ ਦੇ ਆਧਾਰ ਉਤੇ ਪੰਜਾਬੀ ਸੂਬੇ ਦੀ ਮੰਗ ਕਰਦੇ ਹੋਏ ਮਾਸਟਰ ਤਾਰਾ ਸਿੰਘ ਦੇ ਪ੍ਰਤੀਨਿਧ ਜਸਟਿਸ ਗੁਰਨਾਮ ਸਿੰਘ ਦੀ ਅਤੇ ਸੰਤ ਫਤੇਹ ਸਿੰਘ ਦੇ ਪ੍ਰਤੀਨਿਧ ਸਰਦਾਰ ਜਗਜੀਤ ਸਿੰਘ ਗੋਗੋਆਣੀ ਦੀ ਇਸ ਕਨਵੈਨਸ਼ਨ ਵਿਚ ਮਦਦ ਕਰਨਗੇ ।

ਇਸ ਕਨਵੈਨਸ਼ਨ ਵਿਚ ਇਹਨਾਂ ਲੀਡਰਾਂ ਤੋਂ ਬਿਨਾਂ ਰੀਪਬਲਿਕਨ ਪਾਰਟੀ ਦੇ ਇਕ ਲੀਡਰ ਪਿਆਰਾ ਰਾਮ ਧਾਨੋਵਾਲ ਵੀ ਹਿਸਾ ਲੈਣਗੇ । ਇਸ ਪਾਰਟੀ ਦਾ ਜੇ ਪੰਜਾਬ ਅਸੈਂਬਲੀ ਦੇ ਮੈਂਬਰਾਂ ਦੇ ਨਾਮ ਅਲਾਟ ਕਵਾਟਰਾਂ ਵਿਚੋਂ ਪਤਾ ਲੈਣਾ ਹੋਵੇ ਤਾਂ- ਕੋਈ ਪਤਾ ਨਹੀਂ ਲਗੇਗਾ । ਸੰਯੁਕਤ ਸੋਸ਼ਲਿਸਟ ਪਾਰਟੀ ਦੇ ਪੰਜਾਬ ਅਸੈਂਬਲੀ ਵਿਚ ਇਕੋ ਇਕ ਮੈਂਬਰ ਸ੍ਰੀ ਨੇਤ ਰਾਮ ਵੀ ਇਸ ਕਨਵੈਨਸ਼ਨ ਵਿਚ ਹਿੱਸਾ ਲੈਣਗੇ, ਉਪਰੋਕਤ ਦੋਹਾਂ ਪਾਰਟੀਆਂ ਨੂੰ ਵੀ ਕਮਿਊਨਿਸਟਾਂ ਵਾਂਗ ਅਸੈਂਬਲੀ ਦੀ ਪੌੜਾਂ ਮੈਂਬਰ।



Sri Satguru Jagjit Singh Ji Elibrary NamdhariElibrary@gmail.com

ਅਕਾਲੀ ਪਾਰਟੀ ਦੀ ਹਮਾਇਤ ਦੀ ਸਖ਼ਤ ਲੋੜ ਹੈ—ਇਲੈਕਸ਼ਨਾਂ ਤਾਂ ਨੇੜੇ ਹੀ ਹਨ !

ਇਕ ਅਜੀਤ ਕੁਮਾਰ ਵੀ ਇਸ ਕਨਵੈਨਸ਼ਨ ਵਿਚ ਹਿਸਾ ਲੈ ਰਹੇ ਹਨ ਜਿਹੜੇ ਕਿ ਅਕਾਲੀ ਪਾਰਟੀ ਦੇ ਸਾਰੇ ਹਿੰਦੁਸਤਾਨ ਵਿਚ ਇਕੋ ਇਕ ਹਿੰਦੂ ਨਾਮ ਵਾਲੇ ਅਕਾਲੀ ਮੈਂਬਰ ਹਨ।

ਇਸ ਕਨਵੈਨਸ਼ਨ ਵਿਚ ਪੰਜਾਬ ਦੀ ਫਿਰਕਾ ਪ੍ਰਸਤੀ ਕਾਂਗਰਸ ਪਾਰਟੀ ਅਤੇ ਹਿੰਦੂ ਜਨਸੰਘ ਪਾਰਟੀ ਤੋਂ ਬਿਨਾਂ ਉਪਰੋਕਤ ਸਭ ਪਾਰਟੀਆਂ ਹਿੱਸਾ ਲੈ ਰਹੀਆਂ ਹਨ ਤੇ ਇਹ ਸਾਰਾ ਜ਼ੋਰ ਲਗਾ ਕੇ ਕਾਂਗਰਸ ਦੀ ਫਿਰਕਾ ਪ੍ਰਸਤੀ ਦੇ ਖ਼ਿਲਾਫ ਅਕਾਲੀ ਪਾਰਟੀ ਦੀ ਕੌਮ ਪ੍ਰਸਤ ਨੂੰ ਜ਼ੋਰ ਸ਼ੋਰ ਨਾਲ ਪਰਚਾਰਨ ਗੀਆਂ। ਸਾਰੇ ਪੰਜਾਬ ਦੇ ਸਿੱਖ ਕਮਿਊਨਿਸਟ ਇਸ ਕਨਵੈਨਸ਼ਨ ਵਿਚ ਜ਼ਰੂਰ ਪੁਜਣ।

(੩੦ ਅਕਤੂਬਰ ੧੯੬੫)

ਜਲੰਧਰ ਦੇ ਪੰਜਾਬੀ ਸਮਕਾਲੀ ਅਕਾਲੀ ਪੱਤਰਕਾ ਦੇ ਮਾਨਯੋਗ ਸੰਪਾਦਕ ਸਰਦਾਰ ਸ਼ਾਦੀ ਸਿੰਘ ਜੀ ਨੇ "ਨਾਮਧਾਰੀ ਵੀਰਾਂ ਨੂੰ ਮਸ਼ਵਰਾ" ਸਿਰਲੇਖ ਹੇਠ ਇਕ ਲੇਖ ਲਿਖਿਆ ਹੈ ਜਿਸ ਵਿਚ "ਨਵਾਂ ਹਿੰਦੁਸਤਾਨ" ਦੇ ਪੰਜਾਬੀ ਸੂਬੇ ਬਾਰੇ ਵਿਚਾਰਾਂ ਨੂੰ ਮੁਖ ਰਖਕੇ "ਨਵਾਂ ਹਿੰਦੁਸਤਾਨ" ਤੇ ਨਾਮਧਾਰੀ ਪੰਥ ਨੂੰ ਇਸ ਬਾਰੇ-ਲਤਾਅਲੁਕ ਰਹਿਣ ਲਈ ਆਖਿਆ ਗਿਆ ਹੈ।

ਸਾਨੂੰ ਸਮਕਾਲੀ ਦੀ ਨਾਮਧਾਰੀ ਪੰਥ ਤੇ ਸਤਿਗੁਰੂ ਜੀ ਦੇ ਪ੍ਰਤੀ ਆਦਰ ਦੀ ਭਾਵਨਾ ਦਾ ਪੂਰਾ ਸਤਿਕਾਰ ਹੈ ਤੇ ਉਨ੍ਹਾਂ ਦੇ ਮਸ਼ਵਰੇ ਨੂੰ ਵੀ ਅਸੀਂ ਓਸੇ ਹੀ ਭਾਵਨਾ ਨਾਲ ਪੜ੍ਹਿਆ ਹੈ। ਇਸ ਤੋਂ ਪਹਿਲਾਂ ਸਮਕਾਲੀ ਅਜੀਤ ਵੀ ਇਸ ਬਾਰੇ ਰਾਏ ਦੇ ਚੁਕੇ ਹਨ ਤੇ ਸਾਨੂੰ ਉਨ੍ਹਾਂ ਦੀ ਭਾਵਨਾ ਦੀ ਵੀ ਕਦਰ ਹੈ।

"ਨਵਾਂ ਹਿੰਦੁਸਤਾਨ" ਪੰਜਾਬੀ ਸੂਬੇ ਦੇ ਸਵਾਲ ਬਾਰੇ ਵੀ ਓਸੇ ਤਰ੍ਹਾਂ ਹੀ ਆਪਣੀ ਵਿਸ਼ਲੇਸ਼ਨਾਤਮਕ ਰਾਏ ਪ੍ਰਗਟ ਕਰਦਾ ਹੈ ਜਿਵੇਂ ਦੂਸਰੇ ਕੌਮੀ ਤੇ ਕੌਮਾਂਤਰੀ ਮਾਮਲਿਆਂ ਬਾਰੇ।

> 'ਹਰਿਆਣਾ ਵੀ ਪੰਜਾਬੀ ਬੋਲਣ ਵਾਲਾ ਹੀ ਇਲਾਕਾ ਹੈ, ਇਸ ਲਈ ਪੰਜਾਬ ਦੀ ਹੋਰ ਵੰਡ ਨਹੀਂ ਹੋਣੀ ਚਾਹੀਦੀ। ਇਹ ਦਲੀਲ ਪੰਜਾਬੀ ਸੂਬੇ ਦੇ ਕਿਸੇ ਵਡੇ ਤੋਂ ਵਡੇ ਵਿਰੋਧੀ ਨੇ ਵੀ ਨਹੀਂ ਦਿਤੀ।'—ਅਕਾਲੀ ਪਤ੍ਰਕਾ
>
> ਇਹ ਦਲੀਲ ਪੰਜਾਬੀ ਸੂਬੇ ਦੇ ਵਡੇ ਤੋਂ ਵਡੇ ਵਿਰੋਧੀ ਦੀ ਨਹੀਂ ਸਗੋਂ ਵਡੇ ਤੋਂ ਵਡੇ ਹਮਾਇਤੀਆਂ ਦੀ ਹੈ।
>
> 'ਇਹ ਗੱਲ ਠੀਕ ਹੀ ਮੰਨਣੀ ਚਾਹੀਦੀ ਹੈ ਕਿ......ਬਾਂਗਰੂ (ਹਰਿਆਣਵੀ) ਪੰਜਾਬੀ ਦੀ ਉਪ-ਭਾਸ਼ਾ ਹੀ ਸੀ। ਸਰਵੇ ਆਫ ਇੰਡੀਆ ਵਿਚ ਗ੍ਰੀਅਰਸਨ ਨੇ ਇਹੋ ਲਿਖਿਆ ਹੈ ਤੇ ਉਹ ਇਕ ਉਘੇ ਭਾਸ਼ਾ ਵਿਗਿਆਨੀ ਸਨ।'ਰੋਜ਼ਾਨਾ ਅਜੀਤ ੨੨ ਅਕਤੂਬਰ
>
> ਜੇ ਓਦੋਂ ਇਹ ਪੰਜਾਬੀ ਦੀ ਉਪ ਭਾਸ਼ਾ ਸੀ ਤਾਂ ਅੱਜ ਹੋਰ ਲੱਖਾਂ ਠੇਠ ਪੰਜਾਬੀਆਂ ਦੇ ਇਸ ਇਲਾਕੇ ਵਿਚ ਆ ਜਾਣ ਨਾਲ ਕੋਈ ਹੋਰ ਭਾਸ਼ਾ ਨਹੀਂ ਸੀ ਬਣ ਜਾਣੀ।

ਪੰਜਾਬੀ ਸੂਬੇ ਦਾ ਸਵਾਲ ਜਿਵੇਂ, ਜਿਸ ਵੇਲੇ ਤੇ ਜਿਨ੍ਹਾਂ ਵਲੋਂ ਉਠਾਇਆ ਗਿਆ ਹੈ—ਉਸਦੀ ਚਰਚਾ ਅਸੀਂ ਜ਼ਰੂਰ ਕਰਦੇ ਹਾਂ ਪਰ ਸਾਡੀ ਇਸ ਚਰਚਾ ਤੋਂ ਇਹ ਭਰਮ ਨਹੀਂ ਪੈਣਾ ਚਾਹੀਦਾ ਕਿ ਅਸੀਂ ਪੰਜਾਬੀ ਸੂਬੇ ਦੇ ਹੱਕ ਦੀ ਜਾਂ ਵਿਰੋਧ ਦੀ ਕੋਈ ਧਿਰ ਹਾਂ।

ਪੰਜਾਬੀ ਸੂਬਾ ਬਣਦਾ ਹੈ ਜਾਂ ਨਹੀਂ—ਇਸਦਾ ਫੈਸਲਾ ਦੇਸ਼ ਦੇ ਨੇਤਾਵਾਂ ਅਤੇ ਸਰਕਾਰ ਨੇ ਕਰਨਾ ਹੈ ਉਸ ਬਾਰੇ ਸਾਨੂੰ ਕੋਈ ਚਿੰਤਾ ਨਹੀਂ ਕਿਉਂਕਿ ਅਸੀਂ ਇਹ ਮੰਨਦੇ ਹਾਂ ਕਿ ਭਾਰਤ ਦੀ ਮੌਜੂਦਾ ਸਰਕਾਰ ਹਰ ਚੀਜ਼ ਬਾਰੇ ਸਹੀ ਫੈਸਲਾ ਲੈਣ ਦੀ ਸਮਰੱਥਾ ਰੱਖਦੀ ਹੈ।

"ਨਵਾਂ ਹਿੰਦੁਸਤਾਨ" ਚੂੰਕਿ ਪੰਜਾਬੀ ਦਾ ਇਕ ਰੋਜ਼ਾਨਾ ਅਖਬਾਰ ਹੈ, ਇਸੇ ਨਾਤੇ ਇਸ ਦੀ ਇਹ ਜ਼ਿੰਮੇਵਾਰੀ ਜ਼ਰੂਰ ਬਣਦੀ ਹੈ ਕਿ ਆਪਣੇ ਸੂਬੇ, ਦੇਸ਼ ਤੇ ਬਦੇਸ਼ਾਂ ਵਿਚ ਉਠਣ ਵਾਲੇ ਸਮੇਂ ਦੇ ਪਰਮੁਖ ਮਸਲਿਆਂ ਬਾਰੇ ਵਿਸ਼ਲੇਸ਼ਣ ਪੂਰਨ ਜਾਣਕਾਰੀ ਦੇਵੇ। ਪੰਜਾਬੀ ਸੂਬੇ ਦਾ ਸਵਾਲ ਸਾਡੇ ਆਪਣੇ ਸੂਬੇ ਦਾ ਸਵਾਲ ਹੈ। ਇਸ ਦੇ ਕਈ ਪਹਿਲੂ ਹਨ। ਇਸ ਦੀਆਂ ਕਈ ਧਿਰਾਂ ਹਨ। ਇਸ ਦੇ ਦੂਰ ਦਰਾਜ਼ ਤਕ ਜਾਣ ਵਾਲੇ ਅਸਰ ਹਨ। ਅਕਾਲੀ ਪਾਰਟੀ ਇਸ ਬਾਰੇ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਕਮਿਊਨਿਸਟ ਪਾਰਟੀ ਇਸ ਬਾਰੇ ਤਿੰਨ ਹਿੱਸਿਆਂ ਵਿਚ ਵੰਡੀ ਹੋਈ ਹੈ। ਕਾਂਗਰਸ ਦਲ ਪੰਜਾਬ ਦੇ ਸਭ ਤੋਂ ਵਡੇ ਰਾਜਨੀਤਕ ਸੰਗਠਨ ਦੇ ਰੂਪ ਇਸਦੇ ਖਿਲਾਫ ਹੈ। ਪੰਜਾਬ ਦੇ ਸਾਰੇ ਸੀਨੀਅਰ ਮੰਤਰੀ ਬੜੀ ਦ੍ਰਿੜ੍ਹਤਾ ਨਾਲ ਇਸ ਦੀ ਮੁਖ਼ਾਲਫ਼ਿਤ ਕਰ ਰਹੇ ਹਨ। ਨੌਂ ਸਤੰਬਰ ਤੋਂ ਪਹਿਲਾ ਤੱਕ ਕੇਂਦਰੀ ਸਰਕਾਰ ਦੇ ਸਭ ਤੋਂ ਵਡੇ ਨੇਤਾਵਾਂ ਦੀ ਰਾਏ ਇਸ ਦੇ ਖ਼ਿਲਾਫ਼ ਸੀ—ਤੇ ਬਾਅਦ ਵਿਚ ਉਨ੍ਹਾਂ ਨੇ ਆਪਣੀ ਰਾਏ ਪ੍ਰਗਟ ਕਰਨੀ ਛੱਡ ਦਿਤੀ ਹੈ—ਕਿਉਂਕਿ ਉਨ੍ਹਾਂ ਨੇ ਇਸ ਬਾਰੇ



Sri Satguru Jagjit Singh Ji Elibrary NamdhariElibrary@gmail.com

ਕਮੇਟੀਆਂ ਬਣਾ ਦਿਤੀਆਂ ਹਨ, ਪੰਜਾਬ ਦੇ ਹਿੰਦੂ ਮਜਮੂਈ ਤੌਰ ਤੇ ਇਸਦੇ ਖ਼ਿਲਾਫ਼ ਹਨ।

ਇਸ ਦਾ ਅਸਰ ਪੰਜਾਬ ਦੇ ਸਾਰੇ ਪਹਾੜੀ ਇਲਾਕੇ ਉਤੇ ਪੈਂਦਾ ਹੈ, ਹਿਮਾਚਲ ਪ੍ਰਦੇਸ਼ ਉਤੇ ਪੈਂਦਾ ਹੈ, ਜੰਮੂ, ਕਸ਼ਮੀਰ ਦੇ ਲਦਾਖ ਇਲਾਕੇ ਉਤੇ ਪੈਂਦਾ ਹੈ। ਹਰਿਆਣੇ ਵਿਚ ਵੱਸੇ ਪੱਛਮੀ ਪੰਜਾਬ ਦੇ ਪੁਰਾਣੇ ਵਸਨੀਕਾਂ ਉਤੇ ਪੈਂਦਾ ਹੈ, ਰਾਜਸਥਾਨ ਉਤੇ, ਦਿੱਲੀ ਉਤੇ ਅਤੇ ਉਤਰ ਪ੍ਰਦੇਸ਼ ਦੇ ਮੇਰਠ ਆਦਿ ਇਲਾਕੇ ਉਤੇ ਪੈਂਦਾ ਹੈ। ਇਸ ਦਾ ਸਭ ਤੋਂ ਵਧ ਅਸਰ ਹਿੰਦੂ-ਸਿਖ ਏਕਤਾ ਉਤੇ ਪੈਂਦਾ ਹੈ। ਏਨੇ ਸਾਰੇ ਪਹਿਲੂਆਂ ਵਾਲਾ ਏਡਾ ਵਡਾ ਸਵਾਲ—ਤੇ 'ਨਵਾਂ ਹਿੰਦੁਸਤਾਨ' ਜਾਂ ਪੰਜਾਬੀ ਸੂਬੇ ਦੀ ਪੂਰੀ ਹਮਾਇਤ ਕਰੇ ਜਾਂ ਬਿਲਕੁਲ ਇਕ ਸ਼ਬਦ ਵੀ ਨਾਂ ਲਿਖੇ—ਇਹ ਗੱਲ ਕੁਝ ਓਪਰੀ ਜਿਹੀ ਲਗਦੀ ਹੈ।

'ਨਵਾਂ ਹਿੰਦੁਸਤਾਨ' ਨੇ ਇਸ ਬਾਰੇ ਸਿਰਫ਼ ਇਹ ਰੁਖ ਅਪਣਾਇਆ ਹੈ ਕਿ ਇਸ ਦਾ ਹਰ ਪੱਖ ਤੋਂ ਵਿਸ਼ਲੇਸ਼ਨ ਕੀਤਾ ਹੈ, ਇਸ ਦੇ ਚੰਗੇ ਮਾੜੇ ਨਤੀਜਿਆਂ ਬਾਰੇ ਦਸਿਆ ਹੈ। ਇਸ ਬਾਰੇ ਆਪਣੇ ਸ਼ੰਕੇ ਦੱਸੇ ਹਨ ਤੇ ਉਨ੍ਹਾਂ ਦਾ ਪੰਜਾਬੀ ਸੂਬੇ ਦੇ ਜ਼ਬਰਦਸਤ ਹਮਾਇਤੀਆਂ ਕੋਲੋਂ ਸਮਾਧਾਨ ਮੰਗਿਆ ਹੈ। ਅਸਾਂ ਸਵਾਲ ਕੀਤਾ ਸੀ ਕਿ ਜੇ ੧੯੨੦ ਵਿਚ ਪਰਵਾਨਤ ਭਾਸ਼ਾਈ ਪ੍ਰਾਂਤਾਂ ਦੇ ਅਸੂਲ ਨੂੰ ਅੱਜ ਪੰਜਾਬ ਵਿਚ ਮੰਨ ਲਿਆ ਜਾਵੇ ਤਾਂ ਜ਼ਰੂਰ ਇਹ ਦੂਸਰੇ ਇਲਾਕਿਆਂ ਵਿਚ ਪਰਵਾਨ ਹੋਣਾ ਚਾਹੀਦਾ ਹੈ। ਉਸ ਹਾਲਤ ਵਿਚ ਪੰਜਾਬ ਦੇ ਪਹਾੜੀ ਇਲਾਕੇ ਕਾਂਗੜਾ, ਸ਼ਿਮਲਾ ਤੇ ਲਾਹੁਲ ਸਪਿਤੀ ਦਾ ਕੀ ਬਣੇਗਾ। ਕਾਂਗੜਾ ਕੁੱਲੂ ਤੇ ਸ਼ਿਮਲੇ ਨੂੰ ਪੰਜਾਬੀ ਸੂਬੇ ਵਿਚ ਪਰਵਾਨ ਨਹੀਂ ਕਰਦੇ ਜੰਮੂ ਕਸ਼ਮੀਰ ਤੇ ਲੱਦਾਖ ਤਿੰਨ ਭਾਸ਼ਾਈ ਇਲਾਕਾ ਹੈ, ਉਸ ਬਾਰੇ ਤੁਹਾਡਾ ਰਾਜਸੀ ਨਿਰਣਾ ਕੀ ਹੈ? ਹਰਿਆਣੇ ਬਾਰੇ ਅਸਾਂ ਇਤਿਹਾਸ ਵਿਚੋਂ ਹਵਾਲਾ ਦੇ ਕੇ ਦਸਿਆ ਹੈ ਕਿ ਇਸ ਨੇ ਗ਼ਦਰ ਵਿਚ ਅੰਗਰੇਜ਼ ਦੇ ਖ਼ਿਲਾਫ਼ ਤਲਵਾਰ ਹੀ ਨਹੀਂ ਚੁਕੀ ਫਿਰ ਇਸ ਨੂੰ ਪੰਜਾਬ ਨਾਲ ਜੋੜਨ ਦੀ ਸਜ਼ਾ ਕਿਹੀ? ਦੋ ਭਾਸ਼ੀ ਪ੍ਰਾਂਤ ਪਛੜੇਵੇਂ ਦੇ ਲਖਾਇਕ ਹੋਣ ਦੀ ਦਲੀਲ ਦੇ ਉਤਰ ਵਿਚ ਅਸਾਂ ਬੰਬਈ ਤੇ ਗੁਜਰਾਤ ਦੇ ਪਛੜੇਵੇਂ ਦੀ ਹਰਿਆਣੇ ਨਾਲ ਤੁਲਨਾ ਕਰਕੇ ਦੱਸਣ ਲਈ ਬੇਨਤੀ ਕੀਤੀ ਸੀ, ਮਾਲਾਬਾਰ ਮਲਿਆਲੀ ਤੇ ਤਮਿਲ ਤੇਲਗੂ ਇਲਾਕਿਆਂ ਦੇ ਹਰਿਆਣੇ ਦੇ ਮੁਕਾਬਲੇ ਵਿਚ ਪਛੜੇਵੇਂ ਬਾਰੇ ਪੁਛਿਆ ਸੀ। ਗ਼ਦਰ ਵਿਚ ਹਿੱਸਾ ਲੈਣ ਕਰ ਕੇ ਹੀ ਲੁਧਿਆਣੇ ਦਾ ਪੰਜਾਬ ਵਿਚੋਂ ਸਭ ਤੋਂ ਵਧ ਪਛੜਿਆ ਇਲਾਕਾ ਬਣ ਜਾਣ ਦਾ ਕਾਰਨ ਪੁਛਿਆ ਸੀ। ਅਸਾਂ ਇਸ ਸਵਾਲ ਤੋਂ ਹਿੰਦੂ ਸਿੱਖ ਵਿਰੋਧ ਦੀ ਭਾਵਨਾ ਫੈਲਣ ਦਾ ਡਰ ਦਸਿਆ ਸੀ, ਪਹਾੜੀ ਤੇ ਮੈਦਾਨੀ ਇਲਾਕੇ ਦੇ ਲੋਕਾਂ ਵਿਚ ਇਕ ਦੂਜੇ ਪ੍ਰਤੀ ਸ਼ੱਕ ਤੇ ਨਫ਼ਰਤ ਦੀ ਭਾਵਨਾ ਫੈਲਣ ਦਾ ਡਰ ਜ਼ਾਹਰ ਕੀਤਾ ਸੀ। ਹਰਿਆਣੇ ਦੀ ਬਾਂਗਰੂ ਬੋਲੀ ਨੂੰ ਅਸਾਂ ਪੰਜਾਬੀ ਜ਼ਬਾਨ ਦੀ ਹੀ ਇਕ ਉਪ-ਭਾਸ਼ਾ ਆਖਿਆ ਸੀ। ਅਜੀਤ ਨੇ ਉਸਦੀ ਇਤਿਹਾਸ ਸੰਮਤ ਪੁਸ਼ਟੀ ਕੀਤੀ ਹੈ।

> ਅਸੀਂ ਪੰਜਾਬੀ ਸੂਬੇ ਦੇ ਮੁਖ਼ਾਲਿਫ਼ ਨਹੀਂ ਹਾਂ—ਸਗੋਂ ਇਸ ਦੀ ਉਸ ਵਿਆਖਿਆ ਦੇ ਮੁਖ਼ਾਲਿਫ਼ ਹਾਂ—ਜਿਸ ਅਨੁਸਾਰ ਪੰਜਾਬ ਦਾ ਪੰਜਾਬੀ ਬੋਲਦਾ ਪਹਾੜੀ ਇਲਾਕਾ ਹਿਮਾਚਲ ਪ੍ਰਦੇਸ਼ ਦਾ ਪੰਜਾਬੀ ਬੋਲਦਾ ਇਲਾਕਾ, ਹਰਿਆਣ ਦਾ ਉਹ ਇਲਾਕਾ ਜਿਸ ਵਿਚ ਪੰਜਾਬੀ ਉਪ-ਭਾਖਾ ਬਾਂਗਰੂ ਬੋਲੀ ਜਾਂਦੀ ਹੈ—ਪੰਜਾਬੀ ਸੂਬੇ ਤੋਂ ਬਾਹਰ ਰੱਖਿਆ ਜਾਂਦਾ ਹੈ ਤੇ ਜਿਸ ਵਿਚ ਹਿੰਦੂ ਸਿੱਖ ਦੇ ਵੀ ਸਹੀ ਤਨਾਸਬ ਦੀ ਚਰਚਾ ਕੀਤੀ ਜਾਂਦੀ ਹੈ।

ਸਾਡੇ ਏਨੇ ਸਾਰੇ ਸ਼ੰਕਿਆਂ ਤੇ ਸਵਾਲਾਂ ਵਿਚੋਂ ਅਜੀਤ ਨੇ ਇਕ ਦਾ ਜਵਾਬ ਦਿੱਤਾ ਹੈ ਤੇ ਉਹ ਵੀ ਸਾਡੇ ਇਸ ਮਤ ਦੀ ਪੁਸ਼ਟੀ ਕੀਤੀ ਹੈ ਕਿ ਹਰਿਆਣਵੀ ਪੰਜਾਬੀ ਬੋਲੀ ਦੀ ਇਕ ਉਪ-ਭਾਖਾ ਹੈ। ਬਾਕੀ ਕਿਸੇ ਵੀ ਸਵਾਲ ਦਾ ਵਿਗਿਆਨ ਸੰਮਤ ਜਵਾਬ ਦੇ ਕੇ ਸਾਡੇ ਸ਼ੰਕੇ ਨਵਿਰਤ ਕਰਨ ਦੀ ਥਾਂ ਸਾਨੂੰ ਸਿਰਫ਼ ਇਹ ਮਸ਼ਵਰਾ ਦਿੱਤਾ ਜਾ ਰਿਹਾ ਹੈ ਕਿ ਅਸੀਂ ਪੰਜਾਬੀ ਸੂਬੇ ਬਾਰੇ ਕੋਈ ਗੱਲ ਹੀ ਨਾ ਕਰੀਏ।

ਅਸਾਂ ਇਸ ਬਾਰੇ ਜਿੰਨੇ ਸ਼ੰਕੇ ਅਤੇ ਸਵਾਲ ਉਠਾਏ ਸਨ—ਉਨ੍ਹਾਂ ਬਾਰੇ ਸਿਆਸੀ ਹਲਕਿਆਂ ਵਿਚ ਚਰਚਾ ਸ਼ੁਰੂ ਹੋ ਗਈ ਹੈ। ਇਹ ਸਾਰੇ ਸਵਾਲ ਹੁਣ ਇਕ ਇਕ ਕਰਕੇ ਪੰਜਾਬੀ ਸੂਬੇ ਦੇ ਹਮਾਇਤੀਆਂ ਤੇ ਵਿਰੋਧੀਆਂ ਦੇ ਸਾਹਮਣੇ ਆਉਣਗੇ ਜਿਨ੍ਹਾਂ ਉੱਤੇ ਨਿਸਚਿਤ ਰੂਪ ਵਿਚ ਬਹਿਸ ਹੋਵੇਗੀ। ਤੇ ਫਿਰ ਕੋਈ ਸਰਬ ਸੰਮਤ ਹੱਲ ਲਭਿਆ ਜਾਏਗਾ।

ਅਸੀਂ ਸਮਝਦੇ ਹਾਂ ਕਿ ਸਮੇਂ ਅਨੁਸਾਰ ਅਸਾਂ ਇਹ ਸਾਰੇ ਸਵਾਲ ਉਠਾਕੇ ਗ਼ਲਤੀ ਨਹੀਂ ਕੀਤੀ। ਜੇ ਸੂਬਾ ਬਣਨਾ ਹੈ ਤਾਂ ਵੀ ਅਤੇ ਜੇ ਨਹੀਂ ਬਣਨਾ ਤਾਂ ਵੀ—ਇਹ ਸਵਾਲ ਲੋਕਾਂ ਦੇ ਧਿਆਨ ਵਿਚ ਆਉਣੇ ਚਾਹੀਦੇ ਹਨ ਤਾਕਿ ਕਿਸੇ ਅੰਧ-ਵਿਸ਼ਵਾਸ ਜਾਂ ਲਕੀਰ ਦੀ ਫਕੀਰੀ ਅਧੀਨ ਕੋਈ ਗ਼ਲਤ ਨਿਰਣਾ ਨਾ ਲੈ ਲਿਆ ਜਾਵੇ।

ਅਸੀਂ ਚਾਹਾਂਗੇ ਕਿ ਸਾਡੇ ਮਾਨ-



Sri Satguru Jagjit Singh Ji Elibrary NamdhariElibrary@gmail.com

ਯੋਗ ਸਮਕਾਲੀ ਇਹਨਾਂ ਸ਼ੰਕਿਆਂ ਤੇ ਸਵਾਲਾਂ ਦੀ ਚਰਚਾ ਕਰ ਕੇ ਫਿਰ ਆਪਣੇ ਕੇਸ ਨੂੰ ਸਹੀ ਸਿੱਧ ਕਰਨ। ਅਸੀਂ ਇਹ ਜਾਣਦੇ ਹਾਂ ਤੇ ਕਾਂਗਰਸ ਪਾਰਟੀ ਵੀ ਜਾਣਦੀ ਹੈ ਕਿ ੧੯੨੦ ਵਿਚ ਭਾਸ਼ਾਈ ਸੂਬਿਆਂ ਦਾ ਅਸੂਲ ਪਰਵਾਨ ਕੀਤਾ ਗਿਆ ਸੀ—ਪਰ ਸਾਡੇ ਸਾਹਮਣੇ ਓਸੇ ਕਾਂਗਰਸ ਦਾ ਪਿਛਲੇ ਕੁਝ ਸਾਲਾਂ ਦਾ ਰਵਈਆ ਵੀ ਪਰੱਤ ਹੈ। ਉਹੋ ਕਾਂਗਰਸ, ਉਹੋ ਨੇਤਾ ਉਸ ਅਸੂਲ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ ਤਾਂ ਇਸ ਦਾ ਕੋਈ ਕਾਰਨ ਹੈ। ਕਾਰਨ ਉਹ ਨਹੀਂ ਜਿਹੜਾ ਉਸਦੇ ਨਾਮ ਨਾਲ ਮੜ੍ਹਿਆ ਜਾਂਦਾ ਹੈ—ਸਗੋਂ ਕਾਰਨ ਹੈ ਦੇਸ਼ ਦੀਆਂ ਨਵੀਆਂ ਪਰਸਥਿਤੀਆਂ ਦਾ, ਧਰਮਾ ਦੀ ਪਰਸਪਰ ਏਕਤਾ ਦਾ ਆਰਥਕ ਸੰਗਠਨ ਦੀ ਏਕਤਾ ਦਾ, ਫ਼ੌਜੀ ਸੰਗਠਨਾ ਦੀ ਤਕੜਾਈ ਦਾ।

(੩ ਅਕਤੂਬਰ ੧੯੬੫)

## ਤਿਆਗ ਮੂਰਤੀਆਂ

ਅੱਜ ਕਲ ਸਾਡੇ ਪੰਜਾਬੀਆਂ ਨੇ ਤਿਆਗ ਕਰਨ ਦਾ ਮੁਕਾਬਲਾ ਏਨੇ ਜ਼ੋਰ-ਸ਼ੋਰ ਨਾਲ ਸ਼ੁਰੂ ਕੀਤਾ ਹੋਇਆ ਹੈ ਕਿ ਇਹਨਾਂ ਵਿਚੋਂ ਹਰ ਕੋਈ ਹੀ 'ਤਿਆਗ ਮੂਰਤੀ' ਦਾ ਦਰਜਾ ਹਾਸਿਲ ਕਰਨ ਲਈ ਉਤਾਵਲਾ ਹੈ।

ਇਹ ਮੁਕਾਬਲਾ ਸਭ ਤੋਂ ਬਹੁਤਾ ਹੈ ਆਪਣੀ ਮਾਤ ਭਾਸ਼ਾ ਪੰਜਾਬੀ ਬਾਰੇ।

ਇਸ ਬਾਰੇ ਆਰੀਯਾ ਸਮਾਜੀ ਹਿੰਦੂਆਂ ਅਤੇ ਅਕਾਲੀਆਂ ਵਿਚ ਦੌੜ ਹੈ। ਪਹਿਲੀ ਧਿਰ ਪੰਜਾਬੀ ਭਾਸ਼ਾ ਨੂੰ ਆਪਣੀ ਮਾਤ ਭਾਸ਼ਾ ਮੰਨਣ ਤੋਂ ਇਨਕਾਰੀ ਹੈ ਤਾਂ ਦੂਜੀ ਧਿਰ ਉਸ ਨੂੰ ਮਾਤ ਭਾਸ਼ਾ ਮੰਨ ਕੇ ਉਸ ਦੇ ਬੰਦ-ਬੰਦ ਕਟ ਕੇ ਉਸ ਦੀ ਸੁਯੋਗ ਸਨਤਾਨ ਹੋਣ ਦਾ ਸਨਮਾਨ ਹਾਸਿਲ ਕਰਨਾ ਚਾਹ ਰਹੀ ਹੈ। ਇਸ ਸਿਲਸਿਲੇ ਵਿਚ ਪੰਜਾਬ ਦੀ ਕਮਿਊਨਿਸਟ ਪਾਰਟੀ ਇਹਨਾਂ ਦੀ ਖੁਲ੍ਹੇ ਦਿਲ ਮਦਦ ਕਰ ਰਹੀ ਹੈ।

ਪੰਜਾਬ ਦੇ ਆਰੀਯਾ ਸਮਾਜੀ ਆਖਦੇ ਹਨ ਸਾਡੀ ਭਾਸ਼ਾ ਤਾਂ ਹਿੰਦੀ ਹੈ। ਉਹ ੧੯੬੧ ਦੀ ਮਰਦਮ ਸ਼ੁਮਾਰੀ ਦਾ ਹਵਾਲਾ ਦੇ ਕੇ ਆਖਦੇ ਹਨ ਕਿ ਮਾਤ ਭਾਸ਼ਾ ਹਿੰਦੀ ਮੰਨਣ ਵਾਲਿਆਂ ਦੀ ਗਿਣਤੀ ਪੰਜਾਬ ਦੇ ਉਹਨਾਂ ਜ਼ਿਲਿਆਂ ਵਿਚ ਵੀ ਜ਼ਿਆਦਾ ਹੈ ਜਿਨ੍ਹਾ ਜ਼ਿਲਿਆਂ ਵਿਚ ਅਕਾਲੀ ਇਹ ਦਾਹਵਾ ਕਰਦੇ ਹਨ ਕਿ ਪੰਜਾਬੀ ਬੋਲਣ ਵਾਲੇ ਬਹੁਤੇ ਹਨ। ਆਰੀਯਾ ਸਮਾਜੀ ਇਹ ਗੱਲ ਇਸ ਲਈ ਆਖ ਰਹੇ ਹਨ ਕਿ ਸ਼ਾਇਦ ਇੰਜ ਕਰਨ ਨਾਲ ਅਕਾਲੀਆਂ ਦਾ ਪੰਜਾਬੀ ਸੂਬਾ ਹੀ ਨਾ ਬਣੇ। ਉਹ ਇਸ ਭੁਲੇਖੇ ਵਿਚ ਹਨ ਕਿ ਮਰਦਮ ਸ਼ੁਮਾਰੀ ਵੇਲੇ ਆਪਣੀ ਭਾਸ਼ਾ ਹਿੰਦੀ ਲਿਖਵਾ ਦੇਣ ਨਾਲ ਸ਼ਾਇਦ ਸਚ ਮੁਚ ਹੀ ਉਹਨਾਂ ਦੀ ਮਾਂ ਪੰਜਾਬੀ ਤੋਂ ਬਦਲ ਕੇ ਹਿੰਦੀ ਬਣ ਜਾਏਗੀ ਤੇ ਹਿੰਦੀ ਬਹੁਗਿਣਤੀ ਦੀ ਮਾਂ ਹੋਣ ਕਰਕੇ ਪੰਜਾਬੀ ਕੋਲੋਂ ਰਾਜ ਪਾਟ ਖੋਹ ਲਏਗੀ।

ਦੂਜੇ ਬਨੇ ਅਕਾਲੀ ਸਿੱਖ ਹਨ। ਉਨ੍ਹਾਂ ਦਾ ਅਸਲ ਨਾਅਰਾ ਤਾਂ ਹੈ ਅਕਾਲੀ ਰਾਜ ਦਾ—ਪਰ ਸਰਕਾਰ ਹੁਣ ਚੂੰਕਿ ਅੰਗਰੇਜ਼ਾਂ ਦੀ ਨਹੀਂ, ਸਗੋਂ ਠੇਠ ਹਿੰਦੁਸਤਾਨੀ ਸ਼ਾਸਤਰੀ ਦੀ ਹੈ—ਅਤੇ ਹੈ ਵੀ ਕੁਝ ਸਖਤ। ਇਸ ਸਖਤੀ ਦਾ ਨਮੂਨਾ ਉਨ੍ਹਾਂ ਨੇ ਪੰਜਾਬ ਤੇ ਕਸ਼ਮੀਰ ਦੀਆਂ ਸਰਹਦਾਂ ਉਤੇ ਅਤੇ ਫਿਰ ਇਤਿਹਾਦੀ ਸਭਾ ਦੀ ਸੁਰਖਿਆ ਕੌਂਸਲ ਵਿਚ ਵੇਖ ਲਿਆ ਹੈ। ਇਸ ਲਈ ਅਕਾਲੀਆਂ ਨੇ ਥੋੜਾ ਪਿਛੇ ਹਟਣਾ ਮੁਨਾਸਿਬ ਸਮਝਕੇ ਸੂਬੇ ਦੇ ਭਾਸ਼ਾਈ ਆਧਾਰ ਦੀ ਮੰਗ ਸ਼ੁਰੂ ਕੀਤੀ ਹੈ। ਉਨ੍ਹਾਂ ਨੂੰ ਖਿਆਲ ਹੈ ਕਿ ਜੇ ਭਾਸ਼ਾ ਦੇ ਆਧਾਰ ਉਤੇ ਪੰਜਾਬੀ ਸੂਬੇ ਦੀ ਰਚਨਾ ਦਾ ਅਸੂਲ ਸ਼ਾਸਤਰੀ ਸਰਕਾਰ ਮੰਨ ਲਵੇ ਤਾਂ ੧੯੬੧ ਵਾਲੀ ਮਰਦਮ ਸ਼ੁਮਾਰੀ ਦੇ ਆਧਾਰ ਉਤੇ ਹੀ ਅਕਾਲੀ ਇਹ ਸਾਬਤ ਕਰ ਸਕਣਗੇ ਕਿ ਨਾ ਤੇ ਪੰਜਾਬ ਦੇ ਪਹਾੜੀ ਇਲਾਕਿਆਂ ਦੀ ਜ਼ਬਾਨ ਪੰਜਾਬੀ ਹੈ, ਨਾ ਹਿਮਾਚਲ ਪ੍ਰਦੇਸ਼ ਦੀ ਜ਼ਬਾਨ ਪੰਜਾਬੀ ਹੈ ਅਤੇ ਨਾ ਹੀ ਹਰਿਆਣੇ ਦੀ। ਵਿਚੋਂ ਜਿਹੜਾ ਇਲਾਕਾ ਬਚੇਗਾ ਉਸ ਵਿਚ ਚੂੰਕਿ ਸਿਖਾਂ ਦੀ ਆਬਾਦੀ ਜ਼ਿਆਦਾ ਹੋਵੇਗੀ—ਇਸ ਲਈ ਉਸ ਨੂੰ ਭਾਸ਼ਾਈ ਆਧਾਰ ਉਤੇ ਪੰਜਾਬੀ ਸੂਬਾ ਆਖ ਸਕਾਂਗੇ।

ਦੂਜੇ ਅਰਥਾਂ ਵਿਚ ਅਕਾਲੀ ਭਾਈ ਆਪਣੇ ਸਗੋਤਰ ਆਰੀਯਾ ਸਮਾਜੀ ਭਾਈਆਂ ਵਲੋਂ ਆਖੀ ਜਾਣ ਵਾਲੀ ਗਲ ਦੀ ਕਿ—ਪੰਜਾਬੀ ਅਕਾਲੀਆਂ ਦੀ ਭਾਸ਼ਾ ਹੈ—ਪ੍ਰੋੜਤਾ ਕਰ ਰਹੇ ਹਨ।

ਪੰਜਾਬ ਦੇ ਇਤਿਹਾਸ ਦਾ ਇਹ ਇਕ ਦੁਖਾਂਤ ਹੈ ਕਿ ਇਸ ਦੇ ਰਾਜਸੀ ਲੀਡਰਾਂ ਨੇ ਕਦੇ ਵੀ ਪੰਜਾਬੀ ਨਾਲ ਨਿਆਂ ਨਹੀਂ ਕੀਤਾ। ਪੰਜਾਬ ਵਿਚ ਖਾਲਸਾ ਰਾਜ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਰਾਜ ਦੀ ਰਾਜ-ਭਾਸ਼ਾ ਨਾ ਬਣਾਇਆ। ਸਗੋਂ ਉਰਦੂ ਫਾਰਸੀ ਉਨਾਂ ਦੀਆਂ ਪਿਆਰੀਆਂ ਰਾਜ ਭਾਸ਼ਾਵਾਂ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜਸੀ ਵਾਰਸਾਂ ਨੇ ਰਾਜ ਬਦਲਦਿਆਂ ਹੀ ਅੰਗਰੇਜ਼ੀ ਦਾ ਲੜ ਫੜ ਲਿਆ।

ਪੰਜਾਬ ਵਿਚ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਰਦੂ ਫ਼ਾਰਸੀ ਤੇ ਅੰਗਰੇਜ਼ੀ ਦੇ ਖ਼ਿਲਾਫ ਬਗਾਵਤ ਦਾ ਝੰਡਾ ਚੁਕ ਕੇ



Sri Satguru Jagjit Singh Ji Elibrary NamdhariElibrary@gmail.com

ਪੰਜਾਬ ਦੇ ਹਰ ਮਾਈ ਭਾਈ ਬੁੱਢੇ ਬਾਲੇ ਨੂੰ ਪੰਜਾਬੀ ਪੜ੍ਹਨ ਲਈ ਅਖਿਆ। ਉਰਦੂ ਫ਼ਾਰਸੀ ਤੇ ਅੰਗ੍ਰੇਜ਼ੀ ਪੜ੍ਹਨ ਦੀ ਪੂਰਨ ਮਨਾਹੀ ਕੀਤੀ—ਕਿਉਂਕਿ ਉਸ ਵੇਲੇ ਇਨ੍ਹਾਂ ਕੋਲ ਰਾਜਸੀ ਦਰਜਾ ਹੋਣ ਕਰਕੇ ਇਹ ਗੁਲਾਮੀ ਦੀਆਂ ਸੂਚਕ ਸਨ।

ਅਕਾਲੀ ਪਾਰਟੀ ਅੱਜ ਖਾਲਸਾ ਰਾਜ ਦੀ ਪ੍ਰਾਪਤੀ ਲਈ ਜੋ ਤੇਜ਼ ਸੰਘਰਸ਼ ਕਰ ਰਹੀ ਹੈ—ਇਹ ਦੂਜੇ ਅਰਥਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਹਾਸਿਲ ਕਰਨ ਲਈ ਸੰਘਰਸ਼ ਹੈ। ਜਿਸ ਖਾਲਸਾ ਰਾਜ ਵਿਚ ਪੰਜਾਬੀ ਭਾਸ਼ਾ ਨੂੰ ਮੂਲੋਂ ਹੀ ਕੋਈ ਮਰਯਾਦਾ ਨਹੀਂ ਸੀ ਦਿਤੀ ਗਈ—ਉਸੇ ਭਾਸ਼ਾ ਨੂੰ ਆਪਣੀ ਮਾਤ ਭਾਸ਼ਾ ਆਖਣ ਤੇ ਫਿਰ ਇੰਜ ਆਖ ਕੇ ਉਸਦੇ ਬੰਦ ਬੰਦ ਕਟਣ ਵਿਚ ਇਨ੍ਹਾਂ ਸਜਣਾਂ ਨੂੰ ਕੋਈ ਕਸ਼ਟ ਨਹੀਂ ਹੋਣ ਲਗਾ।

ਹਰ ਕੋਈ ਜਾਣਦਾ ਹੈ ਕਿ ਮੌਜੂਦਾ ਪੰਜਾਬ ਦੀ ਮੂਲ ਭਾਸ਼ਾ ਪੰਜਾਬੀ ਹੈ। ਹਿਮਾਚਲ ਪ੍ਰਦੇਸ਼ ਦੀ ਭਾਸ਼ਾ ਵੀ ਪੰਜਾਬੀ ਪਹਾੜੀ ਹੈ—ਹਿੰਦੀ ਪਹਾੜੀ ਨਹੀਂ।

ਇਕ ਭਾਸ਼ਾ ਦਾ ਵਿਕਾਸ ਕਦੇ ਟੁਕੜਿਆਂ ਵਿਚ ਵੰਡੀਆਂ ਪਾ ਕੇ ਨਹੀਂ ਹੁੰਦਾ। ਕੇਂਦਰੀ ਪੰਜਾਬ ਨੂੰ ਅਸੀਂ ਠੇਠ ਪੰਜਾਬੀ ਭਾਸ਼ਾ ਦਾ ਇਲਾਕਾ ਮੰਨਦੇ ਹਾਂ। ਪੰਜਾਬ ਦੇ ਹਰਿਆਣਵੀ ਇਲਾਕੇ ਨੂੰ ਪੰਜਾਬੀ ਦੀ ਉਪ-ਭਾਖਾ ਦਾ। ਇਕ ਭਾਸ਼ਾ ਦਾ ਖਿੱਤਾ ਮੁਕਦਾ ਮੁਕਦਾ ਸਥਾਨਕ ਉਪ-ਭਾਖਾਵਾਂ ਦੇ ਰੂਪ ਰਾਹੀਂ ਸੈਂਕੜੇ ਮੀਲਾਂ ਤਕ ਜਾ ਪੁਜਦਾ ਹੈ। ਹਰਿਆਣਾ ਠੇਠ ਪੰਜਾਬ ਨਾਲੋਂ ਬਹੁਤ ਦੂਰ ਨਹੀਂ। ਪੰਜਾਬੀ ਆਪਣੀਆਂ ਉਪ ਭਾਖਾਵਾਂ ਰਾਹੀਂ ਦਿੱਲੀ ਤਕ ਪੁਜਦੀ ਹੈ।

ਹਿੰਦੀ ਉਤਰ ਪ੍ਰਦੇਸ਼ ਦੀ ਭਾਸ਼ਾ ਹੈ। ਪੰਜਾਬ ਦੇ ਪੰਜਾਬੀ ਬੋਲਦੇ ਮੈਦਾਨੀ ਇਲਾਕੇ ਨੂੰ ਪਾਰ ਕਰਕੇ ਉਤਰ ਪ੍ਰਦੇਸ਼ ਦੀ ਹਿੰਦੀ ਭਾਸ਼ਾ ਕਿਹੜੀ ਆਕਾਸ਼ ਗੰਗਾ ਰਾਹੀਂ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ ਵਿਚ ਜਾ ਪਹੁੰਚੀ? ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ ਨਾਲ ਜਿਹੜੀਆਂ ਹੱਦਾਂ ਮਿਲਦੀਆਂ ਹਨ—ਉਨ੍ਹਾਂ ਵਿਚ ਇਕ ਪਾਸੇ ਠੇਠ ਪੰਜਾਬੀ ਬੋਲਦਾ ਪੰਬਾਜ ਹੈ ਤਾਂ ਦੂਜੇ ਬੰਨੇ ਤਿੱਬਤੀ ਬੋਲਦਾ ਤਿੱਬਤ। ਇਸ ਪਹਾੜ ਦੇ ਉਪਰਲੇ ਇਲਾਕਿਆਂ ਵਿਚ ਤਿੱਬਤੀ ਦਾ ਪਰਤੱਖ ਅਸਰ ਹੈ ਅਤੇ ਹੇਠਲੇ ਇਲਾਕਿਆਂ ਵਿਚ ਪੰਜਾਬੀ ਦਾ।

ਉਤਰ ਪ੍ਰਦੇਸ਼ ਦੀ ਹਿੰਦੀ ਦੇ ਇਨ੍ਹਾਂ ਇਲਾਕਿਆਂ ਵਿਚ ਪਹੁੰਚਣ ਦਾ ਕੋਈ ਕਾਰਨ ਨਹੀਂ। ਫਿਰ ਵੀ ਅਸਚਰਜ ਹੈ ਕਿ ਪੰਜਾਬੀ ਭਾਸ਼ਾ ਨੂੰ ਆਪਣੀ ਮਾਤ ਭਾਸ਼ਾ ਆਖਕੇ ਪੰਜਾਬੀ ਸੂਬਾ ਮੰਗਣ ਵਾਲੇ ਅਕਾਲੀ ਵੀਰ ਪੰਜਾਬ ਤੇ ਹਿਮਾਚਲ ਨੂੰ ਸੂਬੇ ਤੋਂ ਬਾਹਰ ਰੱਖਣ ਲਈ ਸਾਰਾ ਤਾਣ ਲਗਾ ਰਹੇ ਹਨ। ਇਹੋ ਹੀ ਗੱਲ ਇਹ ਹਰਿਆਣੇ ਬਾਰੇ ਆਖਦੇ ਹਨ।

ਜੇ ਇਨ੍ਹਾਂ ਨੂੰ ਪੰਜਾਬੀ ਜ਼ਬਾਨ ਦਾ ਦਰਦ ਹੋਵੇ ਅਤੇ ਇਹ ਸੱਜਣ ਪੰਜਾਬੀ ਜ਼ਬਾਨ ਦੇ ਆਧਾਰ ਉੱਤੇ ਸੂਬਾ ਚਾਹੁੰਦੇ ਹੋਣ ਤਾਂ ਪੰਜਾਬੀ ਜ਼ਬਾਨ ਦੇ ਵਡੇ ਇਲਾਕਿਆਂ ਨੂੰ ਸੂਬੇ ਤੋਂ ਬਾਹਰ ਰੱਖਣ ਲਈ ਏਨਾਂ ਜ਼ੋਰ ਨਾ ਲਗਾਉਣ।

ਇੰਜ ਆਪਣੀ ਮਾਤ ਭਾਸ਼ਾ ਨੂੰ ਮੂਲੋਂ ਹੀ ਤਿਆਗਣ ਤੇ ਉਸਦੇ ਬੰਦ ਬੰਦ ਕਟ ਕੇ ਆਪਣੇ ਰਾਜਸੀ ਮੰਤਵ ਹਾਸਿਲ ਕਰਨ ਲਈ ਇਹ ਤਿਆਗ ਮੂਰਤੀਆਂ ਤਿਆਗ ਦੀ ਮਿਸਾਲ ਕਾਇਮ ਕਰਨ ਵਿਚ ਇਕ ਦੂਜੇ ਨਾਲ ਹੋੜ ਕਰਕੇ ਪੰਜਾਬ ਦੀ ਸੇਵਾ ਕਰ ਰਹੀਆਂ ਹਨ।

ਪੰਜਾਬੀ ਸੂਬਾ ਜ਼ਰੂਰ ਚਾਹੀਦਾ ਹੈ-ਪਰ ਉਹ ਪੰਜਾਬੀ ਭਾਸ਼ਾਵਾਂ ਦੀਆਂ ਉਪ-ਭਾਖਾਵਾਂ ਸਮੇਤ ਚਾਹੀਦਾ ਹੈ।

(੪ ਨਵੰਬਰ ੧੯੬੫)

## ਅਕਾਲੀਆਂ ਦੀ ਦੂਜੀ ਵਾਰੀ ਨਾਂਹ

ਪਿਛਲੀ ਵਾਰੀ ਜਦੋਂ ਅਕਾਲੀਆਂ ਨੇ ਪੰਜਾਬੀ ਸੂਬੇ ਲਈ ਮੋਰਚਾ ਲਗਾਇਆ ਸੀ—ਤਾਂ ਭਾਰਤ ਸਰਕਾਰ ਨੇ ਉਨ੍ਹਾਂ ਦੀ ਗੱਲ ਸੁਣਨ-ਸਮਝਣ ਲਈ ਦਾਸ ਕਮਿਸ਼ਨ ਬਿਠਾਇਆ। ਉਸ ਕਮਿਸ਼ਨ ਸਾਹਮਣੇ ਡਾ: ਗੋਪਾਲ ਸਿੰਘ ਦਰਦੀ ਰਾਹੀਂ ਕਾਂਗਰਸੀ ਸਿਖਾਂ ਨੇ ਪੰਜਾਬੀ ਸੂਬੇ ਦੇ ਖ਼ਿਲਾਫ ਆਪਣਾ ਪੱਖ ਤਾਂ ਪੇਸ਼ ਕੀਤਾ, ਪਰ ਅਕਾਲੀਆਂ ਵਲੋਂ ਕੋਈ ਵੀ ਦਾਸ ਕਮਿਸ਼ਨ ਸਾਹਮਣੇ ਆਪਣੀ ਗੱਲ ਦੱਸਣ ਲਈ ਨਾ ਗਿਆ ਅਤੇ ਗੱਲ ਮੁਕ ਗਈ।

ਹੁਣ ਫਿਰ ਭਾਰਤ ਸਰਕਾਰ ਨੇ ਪੰਜਾਬੀ ਸੂਬੇ ਬਾਰੇ ਵਜ਼ਾਰਤੀ ਤੇ ਪਾਰਲੀਮੈਂਟਰੀ ਕਮੇਟੀਆਂ ਬਣਾ ਦੀਆਂ ਹਨ। ਪਾਰਲੀਮੈਂਟਰੀ ਕਮੇਟੀ ਦੇ ਤਾਂ ਪਰਧਾਨ ਵੀ ਸ: ਹੁਕਮ ਸਿੰਘ ਹਨ। ਇਹ ਕਮੇਟੀ ਪੰਜਾਬੀ ਸੂਬੇ ਨਾਲ ਸੰਬੰਧਤ ਸਭ ਧਿਰਾਂ ਨੂੰ ਆਪਣੀ ਆਪਣੀ ਗੱਲ ਆਖਣ ਲਈ ਬੁਲਾ ਰਹੀ ਹੈ—ਪਰ ਇਸ ਵਾਰੀ ਵੀ ਪੰਜਾਬੀ ਸੂਬਾ ਮੰਗਣ ਵਾਲੀਆਂ ਮੁਖੀ ਧਿਰਾਂ ਇਸ ਕਮੇਟੀ ਸਾਹਮਣੇ ਕੋਈ ਗੱਲ ਨਹੀਂ ਰੱਖ ਰਹੀਆਂ। ਨਾ ਸੰਤ ਫਤੇਹ ਸਿੰਘ ਜੀ ਦਾ ਅਕਾਲੀ ਦਲ ਅਤੇ ਨਾ ਹੀ ਅਕਾਲੀਆਂ ਦਾ ਸਦੀਵੀ ਸੰਗੀ ਕਮਿਊਨਿਸਟ ਦਲ। ਕਾਂਗਰਸ ਵਲੋਂ ਤੇ ਹੋਰ ਕਈ ਧਿਰਾਂ ਵਲੋਂ ਇਸ ਕਮੇਟੀ ਸਾਹਮਣੇ ਪੰਜ ਨਵੰਬਰ ਤਕ



Sri Satguru Jagjit Singh Ji Elibrary NamdhariElibrary@gmail.com

ਆਪਣਾ ਆਪਣਾ ਪੱਖ ਰੱਖ ਦਿੱਤਾ ਜਾਵੇਗਾ।

ਹੁਣ ਸਵਾਲ ਇਹ ਹੈ ਕਿ ਪੰਜਾਬੀ ਸੂਬਾ ਮੰਗਣ ਵਾਲੀਆਂ ਮੁਖੀ ਧਿਰਾਂ ਹੀ ਜੇ ਪੰਜਾਬੀ ਸੂਬੇ ਦੇ ਸਵਾਲ ਨਾਲ ਸਬੰਧਤ ਕਮੇਟੀ ਨੂੰ ਨਾ ਦੱਸਣ ਕਿ ਉਹ ਕੀ ਚਾਹੁੰਦੀਆਂ ਤੇ ਕੀ ਮੰਗਦੀਆਂ ਹਨ ਤਾਂ ਜ਼ਰੂਰ ਕੋਈ ਕਸਰ ਵਾਲੀ ਗੱਲ ਹੈ। ਅਤੇ ਕਸਰ ਵਾਲੀ ਗੱਲ ਵੀ ਕੋਈ ਲੁਕੀ ਹੋਈ ਨਹੀਂ। ਪਰਧਾਨ ਮੰਤਰੀ ਸ਼ਾਸਤਰੀ ਜੀ ਨੇ ਕਲਕੱਤੇ ਵਿਚ ਪੰਜਾਬੀ ਸੂਬੇ ਬਾਰੇ ਸਵਾਲਾਂ ਦਾ ਜਵਾਬ ਦੇਂਦਿਆਂ ਜਿਸ ਤਰ੍ਹਾਂ ਸੰਤ ਫ਼ਤੇਹ ਸਿੰਘ ਜੀ ਦੇ ਨਾਮ ਇਕ ਗੱਲ ਜੋੜ ਦਿਤੀ ਹੈ ਉਸ ਨੇ ਸੰਤ ਜੀ ਦੇ ਸਾਹਮਣੇ ਇਕ ਵਡੀ ਮੁਸ਼ਕਿਲ ਖੜੀ ਕਰ ਦਿਤੀ ਹੈ।

ਸ਼ਾਸਤਰੀ ਜੀ ਨੇ ਕਿਹਾ ਹੈ ਕਿ ਸੰਤ ਫ਼ਤੇਹ ਸਿੰਘ ਜੀ ਨੇ ਉਨਾਂ ਨੂੰ ਯਕੀਨ ਦਿਵਾਇਆ ਹੈ ਕਿ ਉਨ੍ਹਾਂ ਦੀ ਪੰਜਾਬੀ ਸੂਬੇ ਦੀ ਮੰਗ ਫਿਰਕੂ ਨਹੀਂ। ਉਹ ਭਾਸ਼ਾ ਦੇ ਆਧਾਰ ਉਤੇ ਹੈ।

ਇਸ ਤੋਂ ਬਾਅਦ ਸੰਤ ਜੀ ਲਈ ਸੂਬੇ ਸਬੰਧੀ ਕਮੇਟੀ ਸਾਹਮਣੇ ਸਿਖ ਬਹੁਗਿਣਤੀ ਵਾਲੇ ਸੂਬੇ ਦੀ ਗੱਲ ਰੱਖਣੀ ਸੰਭਵ ਨਹੀਂ ਰਹੀ, ਜਦੋਂ ਕਿ ਉਨ੍ਹਾਂ ਦੀ ਸਾਰੀ ਲੜਾਈ ਏਸੇ ਤਰ੍ਹਾਂ ਦੇ ਸੂਬੇ ਲਈ ਹੈ। ਸੋ ਇਸ ਨਾਲੋਂ ਉਨ੍ਹਾਂ ਨੇ ਇਹੋ ਹੀ ਵਧੇਰੇ ਮੁਨਾਸਿਬ ਸਮਝਿਆ ਹੈ ਕਿ ਕਮੇਟੀ ਦੇ ਸਾਹਮਣੇ ਕੁਝ ਨਾ ਆਖਿਆ ਮੰਨਿਆ ਜਾਵੇ।

ਸੂਬੇ ਬਾਰੇ ਸਰਕਾਰੀ ਕਮੇਟੀ ਜੇ ਸੂਬੇ ਨਾਲ ਸੰਬੰਧਤ ਸਾਰੀਆਂ ਧਿਰਾਂ, ਕਾਂਗਰਸ, ਹਿੰਦੂ, ਪੰਜਾਬੀ ਬੋਲਦੇ ਪਹਾੜੀ ਖੇਤਰਾਂ, ਪੰਜਾਬੀ ਦੀ ਉਪ ਭਾਖਾ ਬਾਂਗਰੂ ਵਾਲੇ ਹਰਿਆਣੇ ਦੇ ਨੁਮਾਇੰਦਿਆਂ ਦੀਆਂ ਗੱਲਾਂ ਸੁਣਕੇ ਤੇ ੧੯੫੫ ਵਿਚ ਦਿਤੇ ਭਾਸ਼ਾ ਕਮਿਸ਼ਨ ਦੇ ਫੈਸਲੇ ਅਨੁਸਾਰ ਪੰਜਾਬੀ ਸੂਬੇ ਦੀ ਭਾਸ਼ਾਈ ਆਧਾਰ ਉਤੇ ਰਚਨਾ ਲਈ ਤਿਆਰ ਹੋ ਜਾਵੇ ਤਾਂ ਉਸ ਨੂੰ ਮੰਨਣ ਤੋਂ ਇਨਕਾਰ ਕਰਨ ਦੀ ਗੁੰਜਾਇਸ਼ ਰੱਖ ਲਈ ਜਾਵੇ।

ਪੰਜਾਬੀ ਸੂਬੇ ਦੇ ਸਵਾਲ ਨੂੰ ਜੇ ਮਜ਼ਹਬੀ ਆਧਾਰ ਉਤੇ ਨਾ ਲਿਆ ਜਾਵੇ, ਹਿੰਦੂ ਤੇ ਸਿਖ ਫ਼ੀ ਸਦੀਆਂ ਦੀ ਗਿਣਤੀ ਜੇ ਨਾ ਕੀਤੀ ਜਾਵੇ ਤਾਂ ਲਾਜ਼ਮੀ ਤੌਰ ਤੇ ਪੰਜਾਬੀ ਸੂਬੇ ਦੀਆਂ ਹੱਦਾਂ ਉਹ ਮੰਨਣੀਆਂ ਪੈਣਗੀਆਂ ਜਿਨ੍ਹਾਂ ਵਿਚ ਸਿੱਖਾਂ ਦੀ ਬਹੁਗਿਣਤੀ ਨਹੀਂ ਸਗੋਂ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਬਹੁਗਿਣਤੀ ਹੋਵੇਗੀ।

ਇਹ ਤਾਂ ਰਹੀ ਸੰਤ ਜੀ ਦੇ ਅਕਾਲੀ ਦਲ ਦੀ ਗੱਲ।

ਜਲੰਧਰ ਦਾ ਅਖਬਾਰ ਅਜੀਤ ਇਸ ਗੱਲ ਦਾ ਐਲਾਨ ਕਰ ਚੁਕਾ ਹੈ ਕਿ ਹਰਿਆਣੇ ਦੀ ਮੂਲ ਭਾਸ਼ਾ ਬਾਂਗਰੂ ਪੰਜਾਬੀ ਦੀ ਹੀ ਇਕ ਉਪਭਾਖਾ ਹੈ ਅਤੇ ਜੇ ਉਹ ਛੋਟੇ ਪੰਜਾਬੀ ਸੂਬੇ ਦਾ ਹਮਾਇਤੀ ਹੈ ਤਾਂ ਇਸ ਕਰਕੇ ਕਿ ਹਰਿਆਣੇ ਦੇ ਹਿੰਦੂ ਆਰੀਆ ਸਮਾਜੀਆਂ ਦੇ ਅਸਰ ਹੇਠ ਪੰਜਬੀ ਜਾਂ ਬਾਂਗਰੂ ਨੂੰ ਆਪਣੀ ਭਾਸ਼ਾ ਨਹੀਂ ਮੰਨਦੇ। ਅਜੀਤ ਦੀ ਤਜਵੀਜ਼ ਵਾਲਾ ਸੂਬਾ, ਉਹ ਹੋਣਾ ਚਾਹੀਦਾ ਹੈ ਜਿਸ ਵਿਚ ਸਿਖਾਂ ਦੀ ਗਿਣਤੀ ਪਚਵੰਜਾ ਫੀ ਸਦੀ ਹੋਵੇ।

ਇਸ ਦਾ ਅਰਥ ਇਹ ਹੋਇਆ ਕਿ ਅਜੀਤ ਦੀ ਮੰਗ ਆਰੀਆ ਸਮਾਜੀਆਂ ਦੀ ਫ਼ਿਰਕਾ ਪ੍ਰਸਤੀ ਤੋਂ ਪ੍ਰਭਾਵਤ ਹੋ ਕੇ ਉਸ ਸੂਬੇ ਦੀ ਬਣ ਗਈ ਜਿਸ ਨੂੰ ਭਾਸ਼ਾਈ ਆਧਾਰ ਵਾਲਾ ਸੂਬਾ ਕੋਈ ਨਹੀਂ ਆਖ ਸਕਦਾ ਤੇ ਜਿਹੜਾ ਸ਼ਾਸਤਰੀ ਜੀ ਦੀ ਕਸਵੱਟੀ ਉਤੇ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਉਤਰਦਾ।

ਕਮਿਊਨਿਸਟ ਪਾਰਟੀ ਦਾ ਪੰਜਾਬੀ ਸੂਬੇ ਬਾਰੇ ਆਪਣਾ ਕੋਈ ਸਟੈਂਡ ਹੀ ਨਹੀਂ। ਇਸ ਪਾਰਟੀ ਦਾ ਅਖਬਾਰ ਅੱਜ ਕਲ ਸੰਤ ਫ਼ਤੇਹ ਸਿੰਘ ਜੀ ਦੇ ਬਚਨਾਂ ਦਾ ਪਰਚਾਰ ਹੀ ਕਰਦਾ ਹੈ ਤੇ ਉਨ੍ਹਾਂ ਦੇ ਮਰਨ ਵਰਤ ਦੀ ਹੀ ਧੋਂਸ ਵਿਖਾਉਂਦਾ ਹੈ।

ਇਸ ਦੇ ਮੁਕਾਬਲੇ ਵਿਚ ਕਮਿਊਨਿਸਟ ਪਾਰਟੀ ਦੇ ਗਰਮ ਧੜੇ ਦੇ ਅਖ਼ਬਾਰ 'ਦੇਸ਼ ਭਗਤ ਯਾਦਾਂ' ਦੇ ਨਵੰਬਰ ਅੰਕ ਵਿਚ ਡਾਕਟਰ ਬਿਕਰਮ ਸਿੰਘ ਨੇ ਪੰਜਾਬੀ ਸੂਬੇ ਬਾਰੇ ਜਿਹੜਾ ਲੇਖ ਲਿਖਿਆ ਹੈ ਉਸ ਦੇ ਕੁਛ ਅੰਸ਼ ਭਾਸ਼ਾਈ ਆਧਾਰ ਉਤੇ ਸੂਬੇ ਦੀ ਰਚਨਾ ਬਾਰੇ ਬਹੁਤ ਹੱਦ ਤਕ ਸਹੀ ਨਿਰਣਾ ਦੇਂਦੇ ਹਨ। ਡਾਕਟਰ ਸਾਹਿਬ ਲਿਖਦੇ ਹਨ—

'ਵਿਗਿਆਨਕ ਢੰਗ ਨਾਲ ਵੇਖਿਆ ਜਾਵੇ ਤਾਂ ਪੰਜਾਬੀ ਬੋਲੀ ਦੀ ਹੱਦ ਲਹਿੰਦੇ ਵੱਲ ਸਿੰਧ ਦਰਿਆ, ਚੜ੍ਹਦੇ ਵੱਲ ਜਮਨਾ ਦਰਿਆ, ਉਤਰ ਵੱਲ ਪੀਰ ਪੰਜਾਲ ਤੇ ਸ਼ਿਵਾਲਕ ਦੀਆਂ ਪਹਾੜੀਆਂ ਤੇ ਦੱਖਣ ਵੱਲ ਗੰਗਾ ਨਗਰ ਦਾ ਮਾਰੂਥਲ ਹੈ। ਜਿਸ ਦਾ ਅੱਧਾ ਹਿੱਸਾ ਤੇ ਹੁਣ ਪਾਕਿਸਤਾਨ ਵਿਚ ਚਲਾ ਗਿਆ ਹੈ। ਬਾਕੀ ਦੇ ਪੰਜਾਬ ਵਿਚ ਡੋਗਰੀ ਬੋਲਣ ਵਾਲਾ ਜੰਮੂ ਦਾ ਇਲਾਕਾ ਪੰਜਾਬੀ ਪਹਾੜੀ ਬੋਲੀ ਦਾ ਹਿਮਾਚਲ ਪ੍ਰਦੇਸ਼, ਠੇਠ ਪੰਜਾਬੀ ਦਾ ਪੰਜਾਬ, ਬਾਗੜੀ (ਬਾਂਗਰੂ) ਬੋਲੀ ਦਾ ਹਰਿਆਣਾ ਤੇ ਪੰਜਾਬੀ ਬੋਲੀ ਵਾਲਾ ਗੰਗਾ ਨਗਰ ਸ਼ਾਮਿਲ ਹੋਣਗੇ। ਇਨ੍ਹਾਂ ਬਾਰੇ ਕੁਝ ਵਖਰੀ ਵੱਖਰੀ ਗਹੁ ਕਰਨੀ ਭੀ ਜ਼ਰੂਰੀ ਹੋਵੇਗੀ।.........

## ਹਿਮਾਚਲ ਪਰਦੇਸ਼

"ਹਿਮਾਚਲ ਪ੍ਰਦੇਸ਼ ਵਿਚ ਮੰਡਿ· ਆਮਲੀ ਬਿਲਾਸ ਪੁਰੀ ਚਸਆਲੀ,



Sri Satguru Jagjit Singh Ji Elibrary NamdhariElibrary@gmail.com

ਗੱਦੀ ਆਦਿ ਪਹਾੜੀ ਬੋਲੀਆਂ ਬੋਲੀਆਂ ਜਾਂਦੀਆਂ ਹਨ ਜਿਹੜੀਆਂ ਪੰਜਾਬੀ ਨਾਲ ਮਿਲਦੀਆਂ ਹਨ । ਸਿਰਫ ਕਿੰਨੌਰ, ਪਾਂਗੀ ਤੇ ਤਿੱਬਤ ਨਾਲ ਲਗਦੇ ਹਿੱਸਿਆਂ ਦੀ ਬੋਲੀ ਵੱਖਰੀ ਹੈ। ਭਾਸ਼ਾਵਾਰ ਵੰਡ ਕਮਿਸ਼ਨ ਨੇ ਕਿਹਾ ਸੀ ਕਿ ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਨਾਲ ਮਿਲਾ ਦੇਣਾ ਠੀਕ ਹੋਵੇਗਾ ਪਰ ਉਹਨਾਂ ਦੀ ਇਹ ਰਾਇ ਨਾ ਮੰਨੀ ਗਈ । ਇਸ ਇਲਾਕੇ ਨੂੰ ਕੇਂਦਰ ਵਲੋਂ ਸਹਾਇਤਾ ਮਿਲਦੀ ਹੈ।

ਹਰਿਆਣਾ

"ਬਾਗੜੀ (ਬਾਂਗਰੂ) ਬੋਲਦੇ ਲੋਕ ਬਹੁਤਾ ਕਰਕੇ ਪਾਣੀ ਪਤ, ਹਿਸਾਰ, ਕਰਨਾਲ ਤੇ ਗੁੜਗਾਵਾਂ ਦੇ ਜ਼ਿਲਿਆਂ ਵਿਚ ਵਸਦੇ ਹਨ। ਇਥੇ ਠੇਠ ਪੰਜਾਬੀ ਬੋਲਣ ਵਾਲੇ ਵੀ ਦੇਸ਼ ਦੀ ਵੰਡ ਪਿਛੋਂ ਆ ਵਸੇ ਨੇ । ਪੰਜਾਬੀ ਬੋਲੀ ਦੇ ਵਿਰੋਧੀ ਇਹ ਜ਼ੋਰ ਦੇ ਰਹੇ ਹਨ ਕਿ ਇਸ ਹਿੱਸੇ ਨੂੰ ਜਾਂ ਤਾਂ ਦਿੱਲੀ ਨਾਲ ਮਿਲਾ ਦਿਤਾ ਜਾਵੇ ਜਾਂ ਉੱਤਰ ਪ੍ਰਦੇਸ਼ ਦੇ ਹੋਰ ਜ਼ਿਲਿਆਂ ਨੂੰ ਇਸ ਨਾਲ ਮਿਲਾ ਕੇ ਇਕ ਅੱਲਗ ਸੂਬਾ ਬਣਾ ਦਿਤਾ ਜਾਏ। ਜ਼ਿਲਾ ਮਹਿੰਦਰ ਗੜ੍ਹ ਤੇ ਹਿਸਾਰ ਦੇ ਕੁਝ ਹਿੱਸੇ ਬੋਲੀ ਤੇ ਸੰਸਕ੍ਰਿਤੀ ਦੇ ਅਧਾਰ ਨਾਲ ਰਾਜਸਥਾਨ ਨਾਲ ਮਿਲਦੇ ਜੁਲਦੇ ਹਨ।

ਗੰਗਾ ਨਗਰ

'ਇਹ ਰਾਜਸਥਾਨ ਦਾ ਜ਼ਿਲਾ ਹੈ। ਨਹਿਰਾਂ ਨਿਕਲਣ ਪਿਛੋਂ ਠੇਠ ਪੰਜਾਬੀ ਬੋਲਣ ਵਾਲੇ ਲੋਕ ਜਿਹਨਾਂ ਵਿਚ ਬਹੁਗਿਣਤੀ ਜਟ ਸਿੱਖਾਂ ਦੀ ਹੈ ਆ ਵੱਸੇ ਹਨ।

"ਉਪਰ ਲਿਖੀਆਂ ਗੱਲਾਂ ਦੇ ਅਧਾਰ ਤੇ ਪੰਜਾਬ ਦੀ ਮੁੜ ਕੇ ਵਿਓਂਤ ਬੰਦੀ ਜ਼ਰੂਰੀ ਹੈ ਜਿਹੜੀ ਹੇਠ ਲਿਖੇ ਤਰੀਕੇ ਅਨੁਸਾਰ ਹੋ ਸਕਦੀ ਹੈ :

"(੧) ਪੰਜਾਬੀ ਬੋਲਣ ਵਾਲੇ ਹਿੱਸੇ ਨੂੰ ਪੂਰੇ ਦਾ ਪੂਰਾ ਇਕ ਥਾਂ ਰੱਖ ਕੇ ਪੰਜਾਬੀ ਸੂਬਾ ਬਣਾਇਆ ਜਾਵੇ ਜਿਸ ਦੀ ਕੰਮ ਕਾਰ ਦੀ ਬੋਲੀ ਪੰਜਾਬੀ ਹੋਵੇ। ਰਾਸ਼ਟਰੀ ਭਾਸ਼ਾ ਹਿੰਦੀ ਸਿੱਖਣੀ ਭੀ ਸਾਰੇ ਸਰਕਾਰੀ ਕਰਮਚਾਰੀਆਂ ਲਈ ਜ਼ਰੂਰੀ ਹੋਵੇ । ਸਕੂਲਾਂ ਕਾਲਜਾਂ ਵਿਚ ਪੰਜਾਬੀ ਤੇ ਹਿੰਦੀ ਦੋਹਾਂ ਦੀ ਪੜ੍ਹਾਈ ਜ਼ਰੂਰੀ ਹੋਵੇ । ਇਸ ਸੂਬੇ ਵਿਚ ਅੱਜ ਦਾ ਪੰਜਾਬ, ਜੰਮੂ ਹਿਮਾਚਲ ਪ੍ਰਦੇਸ਼, ਦਿੱਲੀ ਤੇ ਰਾਜਸਥਾਨ ਦਾ ਜ਼ਿਲਾ ਗੰਗਾ ਨਗਰ ਸ਼ਾਮਲ ਹੋਣਗੇ। ਮਹਿੰਦਰ ਗੜ੍ਹ, ਗੁੜਗਾਵਾਂ ਤੇ ਹਿਸਾਰ ਦੇ ਜ਼ਿਲਿਆਂ ਦੇ ਜਿਹਨਾਂ ਹਿੱਸਿਆਂ ਵਿਚ ਪੰਜਾਬੀ ਨਹੀਂ ਬੋਲੀ ਜਾਂਦੀ ਉਹ ਇਸ ਤੋਂ ਅਲੱਗ ਕਰਕੇ ਦੂਜੇ ਸੂਬਿਆਂ ਨਾਲ ਮਿਲਾ ਦੇਣੇ ਚਾਹੀਦੇ ਹਨ । ਹਿੰਦੀ ਤਿਬਤਨ-ਬੋਲੀ ਬੋਲਣ ਵਾਲੇ ਇਲਾਕਿਆਂ ਨੂੰ ਜੇ ਇਸ ਨਾਲ ਹੀ ਵੇਖਿਆ ਜਾਵੇ ਤਾਂ ਉਹਨਾਂ ਦੀ ਮਾਤਰੀ ਭਾਸ਼ਾ ਦੀ ਉਨਤੀ ਲਈ ਅਲੱਗ ਵਿਓਂਤਬੰਦੀ ਕੀਤੀ ਜਾਵੇ ਜਿਸ ਨਾਲ ਉਹਨਾਂ ਨੂੰ ਬੋਲੀ ਦੇ ਵਿਕਾਸ ਲਈ ਖਾਸ ਅਧਿਕਾਰ ਮਿਲ ਜਾਣ। ਇਸ ਇਲਾਕੇ ਨੂੰ ਕੇਂਦਰ ਦੇ ਸਿੱਧੇ ਅਧਿਕਾਰ ਹੇਠ ਵੀ ਲਿਆ ਜਾ ਸਕਦਾ ਹੈ।

"(੨) ਜੇ ਖਾਸ ਕਾਰਨਾਂ ਕਰਕੇ ਜੰਮੂ ਤੇ ਦਿੱਲੀ ਨੂੰ ਉਪਰ ਦੱਸੇ ਸੂਬੇ ਨਾਲ ਨਹੀਂ ਮਿਲਾਇਆ ਜਾ ਸਕਦਾ ਤਾਂ ਬਾਕੀ ਦਾ ਰਹਿੰਦਾ ਹਿੱਸਾ ਭੀ ਸੰਯੁਕਤ ਪੰਜਾਬੀ ਸੂਬਾ ਬਣ ਜਾਵੇਗਾ ।"

ਪੰਜ ਨਵੰਬਰ ਨੂੰ ਪੰਜਾਬੀ ਸੂਬੇ ਬਾਰੇ ਕਮੇਟੀ ਨੂੰ ਯਾਦਦਾਸ਼ਤਾਂ ਦੇਣ ਦਾ ਸਿਲਸਿਲਾ ਖਤਮ ਹੋ ਜਾਵੇਗਾ। ਸੱਤ ਨਵੰਬਰ ਨੂੰ ਚੰਡੀਗੜ੍ਹ ਵਿਚ ਪੰਜਾਬੀ ਸੂਬੇ ਦੀ ਹਮਾਇਤ ਵਿਚ ਕਨਵੈਨਸ਼ਨ ਹੋਵੇਗੀ।

ਅਸੀਂ ਇਸ ਕਨਵੈਨਸ਼ਨ ਦੀ ਉਸ ਕਾਰਵਾਈ ਨੂੰ ਬੜੀ ਦਿਲਚਸਪੀ ਨਾਲ ਉਡੀਕਾਂਗੇ ਜਿਸ ਵਿਚ ਉਸ ਕਨਵੈਨਸ਼ਨ 'ਚ ਹਿੱਸਾ ਲੈ ਰਹੇ ਅਕਾਲੀ ਤੇ ਕਮਿਊਨਿਸਟ ਪੰਜਾਬੀ ਸੂਬੇ ਦੀਆਂ ਜੁਗਰਾਫ਼ੀਆਈ ਹੱਦਾਂ ਬਾਰੇ ਆਪਣਾ ਆਪਣਾ ਫੈਸਲਾ ਦੱਸ ਕੇ ਇਹ ਸਿੱਧ ਕਰਨਗੇ ਕਿ ਸੂਬਾ ਮਜ਼ਹਬੀ ਆਧਾਰ ਉਤੇ ਨਹੀਂ ਭਾਸ਼ਾਈ ਆਧਾਰ ਉਤੇ ਮੰਗਿਆ ਜਾ ਰਿਹਾ ਹੈ ।

(੫ ਨਵੰਬਰ ੧੯੬੫)

## ਮੈਮੋਰੈਂਡਮਾਂ ਦੀ ਰੋਸ਼ਨੀ ਵਿਚ ਪੰਜਾਬੀ ਸੂਬਾ

ਪੰਜਾਬੀ ਸੂਬੇ ਨਾਲ ਸੰਬੰਧਤ ਪਾਰਲੀਮੈਂਟਰੀ ਕਮੇਟੀ ਤੇ ਵਚਾਰਤੀ ਸਬ ਕਮੇਟੀ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਮੈਮੋਰੈਂਡਮ ਪੁਜੇ ਹਨ । ਇਨ੍ਹਾਂ ਵਿਚੋਂ ਕੁਝ ਮੈਮੋਰੈਂਡਮ ਜਿਹੜੇ ਅਖ਼ਬਾਰਾਂ ਵਿਚ ਆਏ ਹਨ ਧਿਆਨ ਖਿਚਣ ਵਾਲੇ ਹਨ । ਜੇ ਉਹਨਾਂ ਦੀ ਰੋਸ਼ਨੀ ਵਿਚ ਪੰਜਾਬੀ ਸੂਬੇ ਦੇ ਸਵਾਲ ਨੂੰ ਵੇਖਿਆ ਜਾਵੇ ਤਾਂ ਉਹ ਇਹੋ ਹੀ ਹੈ ਕਿ ਪੰਜਾਬੀ ਸੂਬੇ ਦੀ ਹਮਾਇਤ ਵਿਚ ਰਾਏ ਬਹੁਤ ਹੀ ਥੋੜ੍ਹੀ ਆਈ ਹੈ ਅਤੇ ਜਿਹੜੀ ਆਈ ਵੀ ਹੈ ਉਹ ਧੁੰਦਲੀ ਹੈ। ਉਸ ਦੇ ਮੁਕਾਬਲੇ ਵਿਚ ਵਿਰੋਧੀ ਰਾਏ ਬਹੁਤ ਜ਼ਿਆਦਾ ਹੈ ਤੇ ਲਗ ਭਗ ਇਕ ਦੂਜੇ ਦੀ ਪੂਰਕ ਹੈ।

ਪੰਜਾਬੀ ਸੂਬੇ ਦੀ ਮੁਖ ਧਿਰ ਸੰਤ ਫ਼ਤੇਹ ਸਿੰਘ ਜੀ ਦੀ ਅਕਾਲੀ ਪਾਰਟੀ ਹੈ। ਉਸ ਪਾਰਟੀ ਨੇ ਮੈਮੋਰੈਂਡਮ ਦੇਣ ਦੀ ਲੋੜ ਹੀ ਨਹੀਂ ਸਮਝੀ। ਉਸਦੀ ਹਮਾਇਤ ਵਿਚ ਹੈ ਕਮਿਊਨਿਸਟ ਪਾਰਟੀ। ਉਸ ਨੇ ਐਨ ਅੰਤਿਮ ਸਮੇਂ ਮੈਮੋਰੈਂਡਮ ਦੇਣ ਦਾ ਫੈਸਲਾ ਕੀਤਾ ਤੇ ਜੋ ਆਖਿਆ ਹੈ ਉਸ ਤੋਂ ਉਹਨਾਂ ਦੀ ਦੁਚਿਤੀ ਸਾਫ਼ ਦਿਸਦੀ ਹੈ।



Sri Satguru Jagjit Singh Ji Elibrary NamdhariElibrary@gmail.com

ਕਮਿਊਨਿਸਟ ਪਾਰਟੀ ਨੇ ਭਾਸ਼ਾ ਦੇ ਅਧਾਰ ਉੱਤੇ ਸੂਬੇ ਦੀ ਰਚਨਾ ਦੀ ਮੰਗ ਕੀਤੀ ਹੈ। ਰਿਜਨਲ ਫਾਰਮੂਲੇ ਬਾਰੇ ਆਪਣੀ ਨਾਪਸੰਦਗੀ ਦਸਦਿਆਂ ਕਿਹਾ ਹੈ ਕਿ ਇਸ ਉਤੇ ਅਮਲ ਹੀ ਨਹੀਂ ਹੋਇਆ ਅਤੇ ਇਸ ਨਾਲ ਭਸ਼ਾਈ ਫੁਟ ਵਧਦੀ ਹੈ। ਇਸ ਲਈ ਇਸ ਨੂੰ ਰਦ ਕਰ ਦਿਤਾ ਜਾਵੇ। ਦੋ-ਭਾਸ਼ੀ ਪੰਜਾਬ ਦੇ ਮੌਜੂਦਾ ਪੰਜਾਬੀ ਖਿਤੇ ਨੂੰ ਪੰਜਾਬੀ ਸੂਬਾ ਬਣਾਉਨ ਦੀ ਇਸ ਪਾਰਟੀ ਨੇ ਮੁਖਾਲਫਤ ਕੀਤੀ ਹੈ। ਪੰਜਾਬ ਤੇ ਹਿਮਾਚਲ ਨੂੰ ਮਿਲਾ ਕੇ ਪਹਾੜੀ ਰਾਜ ਕਾਇਮ ਕਰਨ ਦੀ ਵੀ ਮੁਖਾਲਫਤ ਕੀਤੀ ਹੈ ਤੇ ਹਿਮਾਚਲ ਨੂੰ ਵਖਰਾ ਰਾਜ ਰੱਖ ਕੇ ਪੰਜਾਬ ਦੇ ਪਹਾੜਾਂ ਦੇ ਕੁਝ ਇਲਾਕੇ ਹਿਮਾਚਲ ਵਿਚ ਮਿਲਾਉਣ ਦੀ ਹਮਾਇਤ ਕੀਤੀ ਹੈ।

ਕਮਿਊਨਿਸਟ ਪਾਰਟੀ ਦੇ ਮੈਮੋਰੈਂਡਮ ਵਿਚੋਂ ਦੁਚਿਤੀ ਇਸ ਲਈ ਝਾਕਦੀ ਹੈ ਕਿ ਇਹ ਹਮਾਇਤ ਤਾਂ ਸੰਤ ਫਤਹਿ ਸਿੰਘ ਦੀ ਕਰਦੀ ਹੈ, ਆੜ ਪੰਜਾਬੀ ਭਾਸ਼ਾ ਦੀ ਲੈਂਦੀ ਹੈ ਤੇ ਡਰਦੀ ਹੈ ਇਸ ਗੱਲੋਂ ਕਿ ਕਿਧਰੇ ਇਸ ਨੂੰ ਫਿਰਕੂ ਪਾਰਟੀ ਨਾ ਮੰਨ ਲਿਆ ਜਾਵੇ।

ਮਜਮੂਈ ਤੌਰ ਤੇ ਜੋ ਕੁਝ ਇਸ ਪਾਰਟੀ ਨੇ ਆਖਿਆ ਹੈ ਉਹ ਪੰਜਾਬੀ ਸੂਬੇ ਦੇ ਹਕ ਵਿਚ ਨਹੀਂ ਜਾਂਦਾ। ਜੇ ਪੰਜਾਬ ਦੇ ਪਹਾੜਾਂ ਸਮੇਤ ਪਹਾੜੀ ਰਾਜ ਨਹੀਂ ਬਣਦਾ, ਜੇ ਹਰਿਆਣੇ ਦੇ ਇਲਾਕੇ ਦਿੱਲੀ ਵਿਚ ਮਿਲਾਕੇ ਜਾਂ ਦਿੱਲੀ ਨੂੰ ਹਰਿਆਣੇ ਵਿਚ ਮਿਲਾ ਕੇ ਹਰਿਆਣਾ ਪ੍ਰਾਂਤ ਨਹੀਂ ਬਣਦਾ—ਸਗੋਂ ਹਰਿਆਣਾ ਨੂੰ ਦਿੱਲੀ ਤੇ ਉਤਰ ਪ੍ਰਦੇਸ਼ ਦੇ ਕੁਝ ਇਲਾਕਿਆਂ ਤੋਂ ਬਿਨਾਂ ਹੀ ਇਕ ਪ੍ਰਾਂਤ ਬਣਾਉਨ ਦੀ ਤਜਵੀਜ਼ ਆਵੇ ਤਾਂ ਉਹ ਪੰਜਾਬੀ ਸੂਬੇ ਦੇ ਹੱਕ ਵਿਚ ਨਹੀਂ ਜਾਂਦੀ ਕਿਉਂਕਿ ਉਧਰੋਂ ਅਕਾਲੀ ਹਰਿਆਣੇ ਵਿਚੋਂ ਪੰਜਾਬੀ ਸੂਬੇ ਲਈ ਵੀ ਕੁਝ ਮੰਗਦੇ ਹਨ।

ਪ੍ਰੋ: ਸੰਤ ਸਿੰਘ ਸੇਖੋਂ ਨੇ ਪੰਜਾਬੀ ਦਾਨਸ਼ਵਰਾਂ ਵਲੋਂ ਜੋ ਮੈਮੋਰੈਂਡਮ ਦਿਤਾ ਹੈ ਉਹ ਕਮਿਊਨਿਸਟ ਪਾਰਟੀ ਦੇ ਮੈਮੋਰੈਂਡਮ ਦੀ ਹੀ ਕਾਪੀ ਹੈ। ਰੀਪਬ-ਲਿਕਨ ਪਾਰਟੀ ਇਸ ਮਸਲੇ ਉਤੇ ਆਪਸ ਵਿਚ ਵੰਡੀ ਹੋਈ ਹੈ ਤੇ ਪੰਜਾਬ ਵਿਚ ਉਸਦੀ ਕੋਈ ਆਵਾਜ਼ ਵੀ ਨਹੀਂ।

ਬਾਕੀ ਸਾਰੇ ਦੇ ਸਾਰੇ ਮੈਮੋਰੈਂਡਮ ਪੰਜਾਬੀ ਸੂਬੇ ਦੇ ਵਿਰੋਧ ਵਿਚ ਹਨ। ਪੰਜਾਬ ਕਾਂਗਰਸ ਵਲੋਂ ਜਿਹੜਾ ਮੈਮੋ-ਰੈਂਡਮ ਦਿਤਾ ਗਿਆ ਹੈ ਉਹ ਹਿਮਾ-ਚਲ ਪ੍ਰਦੇਸ਼ ਨੂੰ ਵੀ ਨਾਲ ਮਿਲਾ ਕੇ ਮੌਜੂਦਾ ਪੰਜਾਬ ਨੂੰ ਵਡਾ ਪੰਜਾਬ ਬਣਾ-ਉਣ ਦੀ ਸਿਫਾਰਸ਼ ਕਰਦਾ ਹੈ। ਜਨ ਸੰਘ ਤੇ ਪੰਜਾਬ ਦੇ ਆਰੀਆ ਸਮਾਜਾਂ ਵਲੋਂ ਵੀ ਲਗ ਭਗ ਕਾਂਗਰਸ ਵਾਲੀਆਂ ਸਿਫ਼ਾਰਸ਼ਾਂ ਹੀ ਕੀਤੀਆਂ ਗਈਆਂ ਹਨ।

ਹਰਿਆਣਾ ਦੇ ਪੰਜਾਹ ਕਾਂਗਰਸੀ ਅਸੈਂਬਲੀ ਮੈਂਬਰਾਂ ਵਿਚੋਂ ੩੬ ਮੈਂਬਰਾਂ ਨੇ ਅਲਗ ਅਲਗ ਦਸਤਖ਼ਤਾਂ ਨਾਲ ਅਪਣੇ ਅਸਤੀਫੇ ਸ੍ਰੀ ਕਾਮਰਾਜ ਨੂੰ ਘਲ ਦਿਤੇ ਹਨ। ਉਹਨਾਂ ਦਾ ਕਹਿਣਾ ਹੈ ਕਿ ਜੇ ਸਾਰੇ ਪੰਜਾਬ ਨੂੰ ਇਕ ਭਾਸ਼ੀ ਸੂਬਾ ਬਣਾਇਆ ਗਿਆ ਜਾਂ ਪੰਜਾਬੀ ਸੂਬੇ ਦੀ ਮੰਗ ਨੂੰ ਪੂਰਾ ਕਰਨ ਲਈ ਹਰਿਆਣੇ ਨੂੰ ਵਖਰਾ ਕੀਤਾ ਗਿਆ ਤਾਂ ਉਹ ਅਸੈਂਬਲੀ ਤੋਂ ਮੁਸਤਫ਼ੀ ਹੋ ਜਾਣਗੇ ਤੇ ਸੰਘਰਸ਼ ਕਰਨਗੇ।

ਕਾਂਗੜਾ ਤੇ ਜ਼ਿਲਾ ਹੁਸ਼ਿਆਰ ਪੁਰ ਦੇ ਤਿੰਨ ਸੌ ਪਰਮੁਖ ਵਿਅਕਤੀਆਂ ਨੇ ਇਕ ਮੈਮੋਰੈਂਡਮ ਦਿਤਾ ਹੈ ਜਿਸ ਵਿਚ ਪੰਜਾਬੀ ਸੂਬੇ ਦੀ ਮੰਗ ਨੂੰ ਰਦ ਕਰਨ ਲਈ ਆਖਿਆ ਗਿਆ ਹੈ। ਉਹਨਾਂ ਨੇ ਕਿਹਾ ਹੈ ਕਿ ਜੇ ਅਕਾਲੀਆਂ ਨੂੰ ਸਿਖਾਂ ਬਾਰੇ ਕੋਈ ਸ਼ਿਕਾਇਤ ਹੈ ਤਾਂ ਉਸ ਨੂੰ ਸਰਕਾਰ ਦੂਰ ਕਰ ਦੇਵੇ-ਪਰ ਪੰਜਾਬੀ ਸੂਬਾ ਬਣਨ ਨਾਲ ਪਹਾੜੀ ਲੋਕਾਂ ਦੇ ਹਿਤਾਂ ਨੂੰ ਨੁਕਸਾਨ ਪੁਜੇਗਾ ਉਨ੍ਹਾਂ ਨੇ ਤੇ ਪੰਜਾਬ ਵਿਚ ਜੰਮੂ ਕਸ਼-ਮੀਰ ਨੂੰ ਵੀ ਮਿਲਾਣ ਲਈ ਆਖਿਆ ਹੈ।

ਅਕਾਲੀਆਂ ਦਾ ਆਮ ਨਜ਼ਰੀਆ ਇਹ ਹੈ ਕਿ ਹਰਿਆਣੇ ਦੇ ਇਲਾਕੇ ਨੂੰ ਦਿੱਲੀ ਤੇ ਉਤਰ ਪ੍ਰਦੇਸ਼ ਦੇ ਕੁਝ ਇਲਾਕੇ ਵਿਚ ਮਿਲਾ ਕੇ ਹਰਿਆਣਾ ਪ੍ਰਾਂਤ ਬਣਾ ਦਿਤਾ ਜਾਵੇ। ਹਿਮਾਚਲ ਪ੍ਰਦੇਸ਼ ਤੇ ਪੰਜਾਬ ਦੇ ਪਹਾੜੀ ਇਲਾਕੇ ਇਕ ਕਰ ਕੇ ਪਹਾੜੀ ਰਾਜ ਬਣਾ ਦਿਤਾ ਜਾਵੇ ਤੇ ਹਰਿਆਣੇ ਵਿਚੋਂ ਸਿਖ ਬਹੁ ਗਿਣਤੀ ਵਾਲੇ ਇਲਾਕੇ ਪੰਜਾਬੀ ਸੂਬੇ ਲਈ ਕਢ ਲਏ ਜਾਣ ਤੇ ਇੰਜ ਸਿਖ ਬਹੁਗਿਣਤੀ ਵਾਲਾ ਪੰਜਾਬੀ ਸੂਬਾ ਬਣ ਜਾਵੇ। ਪਰ ਕਿਸੇ ਵੀ ਪਾਸੇ ਤੋਂ ਉਹਨਾਂ ਦੀ ਇਸ ਮੰਗ ਨੂੰ ਸਪਸ਼ਟ ਹਮਾਇਤ ਨਹੀਂ ਮਿਲੀ।

ਸਤ ਨਵੰਬਰ ਨੂੰ ਚੰਡੀਗੜ੍ਹ ਵਿਚ ਹੋਣ ਵਾਲੀ ਪੰਜਾਬੀ ਸੂਬਾ ਕਨਵੈਨ—ਸ਼ਨ ਵਿਚ ਜੇ ਪੰਜਾਬੀ ਸੂਬੇ ਦੀਆਂ ਜੁਗਰਾਫੀਆਈ ਹਦਾਂ ਬਾਰੇ ਕਿਸੇ ਥੰਨਿਓਂ ਕੋਈ ਸਵਾਲ ਉਠਿਆ ਤਾਂ ਸੂਬਾ ਹਮਾਇਤੀ ਨਿਸਚਿਤ ਰੂਪ ਵਿਚ ਕਈ ਧੜਿਆਂ 'ਚ ਵੰਡੇ ਜਾਣਗੇ।

ਅਸਲ ਵਿਚ ਪੰਜਾਬੀ ਸੂਬਾ ਇਕ ਇਹੋ ਜਿਹਾ ਸਵਾਲ ਹੈ ਜਿਸਦੀ ਅਜ ਤਕ ਨਾ ਤੇ ਸਵਾਲ ਪਾਉਣ ਵਾਲਿਆਂ ਨੂੰ ਸਮਝ ਆਈ ਹੈ ਨਾ ਸੁਣਨਵਾਲਿਆਂ ਨੂੰ। ਇਸ ਦਾ ਕਾਰਨ ਇਹ ਹੈ ਕਿ ਇਹ ਸਵਾਲ ਅਸਲ ਵਿਚ ਹੋਰ ਹੈ ਤੇ ਪੇਸ਼ ਭਾਸ਼ਾ ਦੇ ਨਾਮ ਉਤੇ ਕੀਤਾ ਜਾਂਦਾ ਹੈ। ਜਦੋਂ ਇਹ ਸਵਾਲ ਨਿਰੋਲ ਪੰਜਾਬੀ ਭਾਸ਼ਾ ਦੇ ਆਧਾਰ ਉਤੇ ਉਠੇਗਾ ਓਦੋਂ ਇਸ ਨੂੰ ਗੁਰਦਵਾਰਿਆਂ ਵਿਚੋਂ ਉਠਾਉਣ ਦੀ ਲੋੜ ਨਹੀਂ ਪਏਗੀ



Sri Satguru Jagjit Singh Ji Elibrary NamdhariElibrary@gmail.com

ਸਗੋਂ ਭਾਸ਼ਾ ਵਿਗਿਆਨੀਆਂ ਦੀ ਮਦਦ ਨਾਲ ਇਹ ਬੜੀ ਆਸਾਨੀ ਨਾਲ ਹਲ ਹੋ ਜਾਏਗਾ।

ਅਜ ਦੀ ਹਾਲਤ ਇਹ ਹੈ ਕਿ ਨਾਮ ਪੰਜਾਬੀ ਭਾਸ਼ਾ ਦਾ ਲਿਆ ਜਾਂਦਾ ਹੈ ਪਰ ਪੰਜਾਬ ਦੇ ਭਾਸ਼ਾਈ ਇਤਿਹਾਸ ਦੇ ਨੇੜਿਓਂ ਦੀ ਲੰਘਣ ਤੋਂ ਵੀ ਪਰਹੇਜ਼ ਕੀਤਾ ਜਾ ਰਿਹਾ ਹੈ।

ਭਾਰਤ ਸਰਕਾਰ ਨੇ ਇਸ ਸਵਾਲ ਬਾਰੇ ਜਿਹੜਾ ਰੁਖ ਅਪਣਾਇਆ ਹੈ ਉਸ ਤੋਂ ਹੁਣ ਆਸ ਹੋ ਸਕਦੀ ਹੈ ਕਿ ਇਸ ਨੂੰ ਅੰਤ ਉਤੇ ਇਸ ਦੇ ਅਸਲੀ ਰੂਪ ਵਿ ਨਿਖੇੜ ਕੇ ਸਾਹਮਣੇ ਲਿਆਂਦਾ ਜਾ ਸਕੇਗਾ। ਸਰਕਾਰ ਨੇ ਜਿਹੜੀ ਪਾਰਲੀਮੈਂਟਰੀ ਕਮੇਟੀ ਤੇ ਵਜ਼ਾਰਤੀ ਸਬ ਕਮੇਟੀ ਬਣਾਈ ਹੈ ਉਹ ਇਸ ਸਵਾਲ ਦੇ ਹਰ ਪਹਿਲੂ ਬਾਰੇ ਹਰ ਤਰਾਂ ਦਾ ਮਸਾਲਾ ਇਕੱਠਾ ਕਰਕੇ ਕੇਂਦਰੀ ਵਜ਼ਾਰਤ ਦੇ ਸਾਹਮਣੇ ਰਖੇਗੀ। ਉਸ ਵਿਚੋਂ ਇਹ ਗਲ ਠੋਸ ਤੱਥਾਂ ਦੇ ਅਧਾਰ ਉਤੇ ਸਾਹਮਣੇ ਆ ਜਾਏਗੀ ਕਿ ਇਸ ਸਵਾਲ ਦੇ ਪਿਛੇ ਭਾਸ਼ਾ ਕਿੰਨੀ ਕੁ ਹੈ ਤੇ ਮਜ਼ਹਬ ਕਿੰਨਾਂ ਕੁ। ਉਸ ਤੋਂ ਬਾਅਦ ਸਰਕਾਰ ਨੂੰ ਇਸ ਬਾਰੇ ਭਾਸ਼ਾ ਵਿਗਿਆਨੀਆਂ ਦੀ ਮਦਦ ਨਾਲ ਕੋਈ ਵੀ ਨਿਰਨਾ ਕਰਨਾ ਸੌਖਾ ਹੋ ਜਾਵੇਗਾ।

ਜਿਹੜੇ ਲੋਕ ਜਾਂ ਪਾਰਟੀਆਂ ਪੰਜਾਬੀ ਸੂਬੇ ਦੇ ਹਕ ਵਿਚ ਜ਼ੋਰ ਸ਼ੋਰ ਨਾਲ ਪਰਚਾਰ ਕਰ ਰਹੇ ਹਨ ਉਹਨਾਂ ਨੂੰ ਇਸ ਬਾਰੇ ਆਪਣਾ ਸੋਚਣ ਦਾ ਢੰਗ ਬਦਲ ਲੈਣਾ ਚਾਹੀਦਾ ਹੈ ਕਿਉਂਕਿ ਹੁਣ ਤਕ ਇਸ ਸਵਾਲ ਨੂੰ ਜਜ਼ਬਾਤੀ ਅਕਾਲੀਆਂ ਦੀ ਫਿਰਕੂ ਮੰਗ ਦੇ ਅਸਰ ਹੇਠ ਉਠਾਇਆ ਤੇ ਪਰਚਾਰਿਆ ਗਿਆ ਹੈ ਭਾਸ਼ਾਈ ਆਧਾਰ ਇਸ ਦਾ ਨਾ ਇਸਦਾ ਕਿਸੇ ਨੇ ਲੱਭਾ ਹੈ ਤੇ ਨਾ ਹੀ ਮੈਮੋਰੈਂਡਮਾਂ ਚ ਦਸਿਆ ਹੈ।

ਭਾਰਤ ਦੀ ਮੌਜੂਦਾ ਸਰਕਾਰ ਬਾਰੇ ਵੀ ਸਪਸ਼ਟ ਧਾਰਨਾ ਬਣਾ ਲੈਣ ਦੀ ਲੋੜ ਹੈ ਤੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਮੌਜੂਦਾ ਸਰਕਾਰ ਕਿਸੇ ਵੀ ਫਿਰਕੂ ਮੰਗ ਨੂੰ ਪਰਵਾਨ ਕਰਨ ਲਈ ਕਿਸੇ ਵੀ ਹਾਲਤ ਵਿਚ ਤਿਆਰ ਨਹੀਂ ਹੋਵੇਗੀ।

ਪੰਜਾਬੀ ਸੂਬਾ ਹਮਾਇਤੀਆਂ ਨੂੰ ਆਪਣਾ ਕੇਸ ਨਿਰੋਲ ਭਾਸ਼ਾ ਦੇ ਆਧਾਰ ਉਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਮੁਖ ਰਖਕੇ ਨਵੇਂ ਸਿਰੇ ਤਿਆਰ ਕਰਨਾ ਚਾਹੀਦਾ ਹੈ। ਜੋ ਕੁਝ ਅਜ ਪੇਸ਼ ਕੀਤਾ ਗਿਆ ਹੈ ਉਹ ਪੰਜਾਬੀ ਸੂਬੇ ਦੇ ਕੇਸ ਦੇ ਹਕ ਵਿਚ ਨਹੀਂ ਜਾਂਦਾ।

(੭ ਨਵੰਬਰ ੧੯੬੫)

## ਪੰਜਾਬੀ ਸੂਬੇ ਬਾਰੇ ਨਵਾਂ ਫਾਰਮੂਲਾ

ਪੰਜਾਬੀ ਸੂਬੇ ਬਾਰੇ ਸਰਕਾਰ ਤੇ ਹੋਰ ਸਬੰਧਤ ਧਿਰਾਂ ਨਾਲ ਇਕ ਨਵੇਂ ਫਾਰਮੂਲੇ ਉੱਤੇ ਵਿਚਾਰ ਵਟਾਂਦਰਾ ਚਲ ਰਿਹਾ ਦੱਸੀਦਾ ਹੈ। ਇਹ ਫਾਰਮੂਲਾ ਹਕੀਕਤਾਂ ਦੇ ਬਹੁਤ ਸਾਰਾ ਨੇੜੇ ਤੇ ਸੂਬੇ ਦੇ ਮਸਲੇ ਨੂੰ ਸੁਲਝਾਣ ਵਲ ਲਿਜਾਂਦਾ ਹੈ।

ਇਸ ਫਾਰਮੂਲੇ ਅਨੁਸਾਰ ਜੇ ਪੰਜਾਬੀ ਸੂਬਾ ਬਣੇ ਤਾਂ ਪੰਜਾਬ ਦੇ ਪਹਾੜੀ ਖਿੱਤੇ ਵਿਚੋਂ ਕਾਂਗੜੇ ਦਾ ਜ਼ਿਲਾ ਪੰਜਾਬੀ ਸੂਬੇ ਵਿਚ ਆਏ ਗਾ। ਪੰਜਾਬ ਦੇ ਰੋਹਤਕ ਤੇ ਗੁੜਗਾਵਾਂ ਜ਼ਿਲਿਆਂ ਤੋਂ ਬਿਨਾ ਮਹਿੰਦਰ ਗੜ੍ਹ ਦਾ ਸਾਰਾ ਜ਼ਿਲਾ, ਹਿਸਾਰ ਤੇ ਕਰਨਾਲ ਜ਼ਿਲਿਆਂ ਦੇ ਬਾਗੜੀ ਬੋਲਣ ਵਾਲੇ ਇਲਾਕਿਆਂ ਨੂੰ ਛੱਡ ਕੇ ਇਨ੍ਹਾਂ ਦੋਹਾਂ ਜ਼ਿਲਿਆਂ ਦੇ ਉਹ ਖੇਤਰ ਜਿਨ੍ਹਾਂ ਵਿਚ ਪੱਛਮੀ ਪੰਜਾਬ ਤੋਂ ਆਣ ਕੇ ਪੰਜਾਬੀ ਬੋਲਣ ਵਾਲੇ ਲੋਕ ਵਡੀ ਗਿਣਤੀ ਵਿਚ ਵਸੇ ਹਨ, ਤੇ ਅੰਬਾਲਾ ਸਾਰਾ ਪ੍ਰਸਤਾਵਿਤ ਪੰਜਾਬੀ ਸੂਬੇ ਵਿਚ ਸ਼ਾਮਲ ਕੀਤੇ ਜਾਣਗੇ। ਹਿਸਾਰ ਤੇ ਕਰਨਾਲ ਦੇ ਬਾਗੜੀ ਬੋਲਣ ਵਾਲੇ ਇਲਾਕਿਆਂ ਨੂੰ ਰਾਜਸਥਾਨ ਵਿਚ ਅਤੇ ਰੋਹਤਕ ਤੇ ਗੁੜਗਾਂਉਂ ਨੂੰ ਦਿੱਲੀ ਵਿਚ ਮਿਲਾ ਦਿਤਾ ਜਾਏਗਾ।

ਜ਼ਿਲਾ ਕਾਂਗੜਾ ਬਾਰੇ ਕਿਹਾ ਗਿਆ ਹੈ ਕਿ ਰਿਜਨਲ ਫਾਰਮੂਲਾ ਬਣਾਉਣ ਸਮੇਂ ਗ਼ਲਤੀ ਨਾਲ ਕਾਂਗੜੇ ਨੂੰ ਹਿੰਦੀ ਰੀਜਨ ਵਿਚ ਸ਼ਾਮਲ ਕਰ ਦਿੱਤਾ ਗਿਆ ਸੀ ਜਦੋਂ ਕਿ ਕਾਂਗੜੇ ਦੀ ਭਾਸ਼ਾ ਅਸਲ 'ਚ ਪੰਜਾਬੀ ਹੀ ਹੈ।

ਇਸ ਨਵੇਂ ਫਾਰਮੂਲੇ ਨੂੰ ਸੰਤ ਫਤੇਹ ਸਿੰਘ ਜੀ ਕੋਲ ਭੇਜਿਆ ਗਿਆ ਤੇ ਉਨ੍ਹਾਂ ਦੀ ਰਾਏ ਪੁਛੀ ਗਈ ਹੈ। ਪਰ ਸੰਤ ਜੀ ਨੇ ਇਸ ਬਾਰੇ ਕੋਈ ਵੀ ਟਿਪਣੀ ਕਰਨ ਤੋਂ ਇਨਕਾਰ ਕਰ ਦਿਤਾ ਹੈ। ਉਹਨਾਂ ਦੀ ਉਹੋ ਇਕੋ ਰਟ ਹੈ ਕਿ ਪੰਜਾਬੀ ਸੂਬਾ ਮਨੋ।

ਇਸ ਫਾਰਮੂਲੇ ਉਤੇ ਜੇ ਅਮਲ ਹੋਵੇ ਤਾਂ ਇਸਦੇ ਨਤੀਜੇ ਵਜੋਂ ਪੰਜਾਬੀ ਸੂਬੇ ਦੇ ਦੋ ਤਰ੍ਹਾਂ ਦੇ ਹਮਾਇਤੀਆਂ ਉਤੇ ਬਜਰਪਾਤ ਹੁੰਦਾ ਹੈ। ਪਹਿਲੇ ਹਰਿਆਣੇ ਦੇ ਚੌਧਰੀ ਦੇਵੀ ਲਾਲ ਤੇ ਪਰੋਫੈਸਰ ਸ਼ੇਰ ਸਿੰਘ ਜੀ—ਜਿਹੜੇ ਪੰਜਾਬ ਦੇ ਸਾਰੇ ਅਖਾਉਤੀ ਹਿੰਦੀ ਰੀਜਨ, ਦਿੱਲੀ ਸਟੇਟ ਤੇ ਉੱਤਰ ਪ੍ਰਦੇਸ਼ ਦੇ ਜ਼ਿਲਾ ਮੇਰਠ ਨੂੰ ਮਿਲਾ ਕੇ ਵਿਸ਼ਾਲ ਹਰਿਆਨਾ ਪ੍ਰਾਂਤ ਬਣਾਉਣਾ ਚਹੁੰਦੇ ਹਨ।

ਇਸ ਫਾਰਮੂਲੇ ਅਨੁਸਾਰ ਹਰਿਆਣੇ ਦੇ ਦੋ ਜ਼ਿਲੇ ਦਿੱਲੀ ਵਿਚ ਚਲੇ ਜਾਂਦੇ ਹਨ ਤੇ ਬਾਕੀ ਦੇ ਰਾਜਸਥਾਨ ਅਤੇ ਪੰਜਾਬੀ ਸੂਬੇ ਵਿਚ ਵੰਡੇ ਜਾਂਦੇ ਹਨ। ਇੰਜ ਹਰਿਆਨਾ ਪ੍ਰਾਂਤ ਖਤਮ ਹੋ ਜਾਂਦਾ ਹੈ। ਦੂਜੇ ਬੰਨੇ ਕਾਂਗੜਾ



Sri Satguru Jagjit Singh Ji Elibrary NamdhariElibrary@gmail.com

ਜ਼ਿਲੇ ਦੇ ਜਿਨ੍ਹਾਂ ਕੁਝ ਕੁ ਵਜ਼ੀਰੀਆਂ ਚਾਹੁਣ ਵਾਲੇ ਲੀਡਰਾਂ ਨੇ ਵਿਸ਼ਾਲ ਪਹਾੜੀ ਰਾਜ ਦੀ ਮੰਗ ਰਖੀ ਸੀ– ਉਨ੍ਹਾਂ ਦੇ ਪੱਲੇ ਕੁਝ ਨਹੀਂ ਰਹਿੰਦਾ।

ਜ਼ਿਲਾ ਕਾਂਗੜਾ ਪੰਜਾਬੀ ਸੂਬੇ ਵਿਚ ਚਲੇ ਜਾਣ ਨਾਲ ਪਹਾੜੀ ਰਾਜ ਲਈ ਬਾਕੀ ਕੁਝ ਨਹੀਂ ਬਚਦਾ। ਇਸ ਫਾਰਮੂਲੇ ਦੀ ਮਾਰ ਵਿਚ ਆਉਣ ਵਾਲੀ ਇਕ ਤੀਜੀ ਧਿਰ ਵੀ ਹੈ ਤੇ ਅਸਲ ਵਿਚ ਓਹੋ ਹੀ ਮੁਖੀ ਧਿਰ ਹੈ। ਉਹ ਹੈ ਸ਼ਰੋਮਣੀ ਅਕਾਲੀ ਦਲ ਜਾਂ ਸੰਤ ਫਤੇਹ ਸਿੰਘ ਜੀ। ਸੰਤ ਫਤੇਹ ਜੀ ਜਾਂ ਉਨ੍ਹਾਂ ਦੇ ਦਲ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਦੀ ਲੜਾਈ ਸਿਖਾਂ ਨਾਲ ਵਿਤਕਰੇ ਦੀ ਸ਼ਕਾਇਤ ਤੋਂ ਸ਼ੁਰੂ ਕੀਤੀ ਸੀ ਤੇ ਸਿਖਾਂ ਨੂੰ ਇਹੋ ਜਿਹੇ ਉਚੇਰੇ ਸਿਆਸੀ ਹਕੂਕ ਦਿਵਾਉਣ ਲਈ ਸਤ ਮਰਨ ਦਾ ਐਲਾਨ ਕੀਤਾ ਸੀ ਜਿਹੜੇ ਸਿਆਸੀ ਹਕੂਕ ਸਿਖਾਂ ਦੀ ਪਰਤੱਖ ਬਹੁ ਗਿਣਤੀ ਵਾਲੇ ਸੂਬੇ ਤੋਂ ਬਿਨਾਂ ਸੰਭਵ ਨਹੀਂ ਹਨ। ਮਿਸਾਲ ਦੇ ਤੌਰ ਤੇ ਸਿਖਾਂ ਦੇ ਬਹੁਤ ਅਮੀਰ ਤਬਕੇ ਲਈ ਬਹੁਤ ਉਚੀਆਂ ਨੌਕਰੀਆਂ ਦਾ ਸਵਾਲ ਹੈ, ਜਾਂ ਵਪਾਰਕ ਖੇਤਰ ਵਿਚ ਵਡੇ ਵਪਾਰ ਵਿਚ ਹਿੰਦੂਆਂ ਦੀ ਥਾਂ ਸਿੱਖਾਂ ਨੂੰ ਪਰਮੁਖਤਾ ਮਿਲਣ ਦਾ ਸਵਾਲ ਹੈ–ਉਹ ਸਿਖ ਬਹੁ ਗਿਣਤੀ ਵਾਲੇ ਸੂਬੇ ਤੋਂ ਬਿਨਾਂ ਸੰਭਵ ਨਹੀਂ। ਜੇ ਪੰਜਾਬੀ ਜ਼ਬਾਨ ਦੇ ਅਧਾਰ ਉਤੇ ਬਣਨ ਵਾਲੇ ਪੰਜਾਬੀ ਸੂਬੇ ਵਿਚ ਨੌਕਰੀਆਂ ਤੇ ਵਪਾਰਕ ਖੇਤਰ ਵਿਚ ਹਿੰਦੂ ਸਿਖ ਦੀ ਪਰਮੁਖਤਾ ਦਾ ਸਵਾਲ ਨਾ ਉਠਦਾ ਹੋਵੇ ਤਦ ਤਾਂ ਕੋਈ ਝਗੜਾ ਹੀ ਨਹੀਂ, ਆਪਣੀ ਆਪਣੀ ਯੋਗਤਾ ਅਨੁਸਾਰ ਕੋਈ ਵੀ ਇਨ੍ਹਾਂ ਦੋਹਾਂ ਖੇਤਰਾਂ ਵਿਚ ਉਚੇ ਤੋਂ ਉਚਾ ਜਾ ਸਕਦਾ ਹੈ। ਪਰ ਜੇ ਇਹ ਸ਼ਕਾਇਤ ਹੋਵੇ ਕਿ ਹਿੰਦੂ ਸਰਮਾਏਦਾਰ ਜਾਂ ਵਪਾਰੀ ਉਪਰ ਹੈ ਤੇ ਸਿਖ ਹੇਠਾਂ-ਜਿਵੇਂ ਕਿ ਹੈ ਨਹੀਂ- ਅਤੇ ਇਸ ਹਾਲਤ ਨੂੰ ਸਮੂਲੋਂ ਹੀ ਬਦਲਣਾ ਹੈ ਤਦ ਤਾਂ ਸੰਤ ਜੀ ਨੂੰ ਜੇ ਸਿਖ ਸੂਬਾ ਨਹੀਂ ਤਾਂ ਘਟੋ ਘਟ ਸਿਖ ਬਹੁ ਗਿਣਤੀ ਵਾਲਾ ਸੂਬਾ ਜ਼ਰੂਰ ਚਾਹੀਦਾ ਹੈ। ਇਸ ਨਵੇਂ ਫਾਰਮੂਲੇ ਅਨੁਸਾਰ ਉਹ ਗੱਲ ਬਣਦੀ ਨਹੀਂ। ਇਸ ਫਾਰਮੂਲੇ ਅਨੁਸਾਰ ਕਾਂਗੜੇ ਤੇ ਹਰਿਆਣੇ ਦੇ ਪਛੜੇ ਹੋਏ ਜ਼ਿਲਿਆਂ ਨੇ ਵੀ ਉਚੀਆਂ ਨੌਕਰੀਆਂ ਤੇ ਉਚੇ ਵਪਾਰ ਵਿਚ ਹੱਥ ਵਟਾਉਣਾ ਹੈ— ਅਮੀਰ ਸਿਖਾਂ ਦਾ ਹੀ ਨਹੀਂ ਸਗੋਂ ਸਰਬੱਤ ਦਾ ਭਲਾ ਚਾਹੁਣ ਵਾਲੇ ਸੰਤ ਜੀ ਲਈ ਭਲਾ ਇਹ ਹਾਲਤ ਸੁਖਾਂਵੀਂ ਕਿਵੇਂ ਹੋ ਸਕਦੀ ਹੈ !!

ਜੇ ਭਾਸ਼ਾ ਅਤੇ ਪਰਸਥਿਤੀਆਂ ਦੀ ਰੌਸ਼ਨੀ ਵਿਚ ਵੇਖਿਆ ਜਾਵੇ ਤਾਂ ਅਸੀਂ ਸਮਝਦੇ ਹਾਂ ਕਿ ਇਸ ਫਾਰਮੂਲੇ ਨੂੰ ਥੋੜ੍ਹਾ ਹੋਰ ਵਿਆਪਕ ਬਣਾਉਣਾ ਪਵੇਗਾ। ਜਿਸ ਰੋਹਤਕ ਜ਼ਿਲੇ ਨੂੰ ਦਿੱਲੀ ਵਿਚ ਮਿਲਾਉਣ ਬਾਰੇ ਸੋਚਿਆ ਜਾ ਰਿਹਾ ਹੈ ਉਹ ਰੋਹਤਕ ਜ਼ਿਲਾ ਵੀ ਅਸਲ ਵਿਚ ਪੱਛਮੀ ਪੰਜਾਬ ਦੇ ਪੰਜਾਬੀਆਂ ਨਾਲ ਭਰਿਆ ਪਿਆ ਹੈ। ਪੱਛਮੀ ਪੰਜਾਬ ਦਾ ਸਾਰਾ ਝੰਗ ਜ਼ਿਲਾ ਤੇ ਮੁਲਤਾਨ ਦਾ ਜ਼ਿਲਾ ਏਸੇ ਰੋਹਤਕ ਜ਼ਿਲੇ ਵਿਚ ਹੀ ਆਣ ਕੇ ਬੈਠਾ ਹੈ ਅਤੇ ਗੁੜਗਾਵਾਂ ਜ਼ਿਲਾ ਤਾ ਦਿੱਲੀ ਵਿਚ ਵਸੇ ਪੰਜਾਬੀਆਂ ਦੇ ਜ਼ਬਰਦਸਤ ਪ੍ਰਭਾਵ ਹੇਠ ਹੈ ਹੀ। ਸੋ ਇਨ੍ਹਾਂ ਦੋਹਾਂ ਜ਼ਿਲਿਆਂ ਦਾ ਪੰਜਾਬੀ ਸੂਬੇ ਵਿਚ ਮਿਲਣ ਦਾ ਹੱਕ ਬਣਦਾ ਹੈ। ਓਧਰ ਇਸ ਫਾਰਮੂਲੇ ਅਨੁਸਾਰ ਕਾਂਗੜੇ ਦਾ ਜ਼ਿਲਾ ਤਾਂ ਪੰਜਾਬੀ ਸੂਬੇ ਵਿਚ ਮਿਲਦਾ ਹੀ ਹੈ– ਬਾਕੀ ਰਹਿ ਜਾਂਦਾ ਹੈ ਗਵਾਂਢੀ ਹਿਮਾਚਲ। ਹਿਮਾਚਲ ਪ੍ਰਦੇਸ਼ ਦਾ ਸ਼ਿਮਲਾ ਤੇ ਹੋਰ ਬਹੁਤ ਵਡਾ ਇਲਾਕਾ ਪੰਜਾਬੀ ਭਾਸ਼ੀ ਇਲਾਕਾ ਹੈ। ਹਿਮਾਚਲ ਪ੍ਰਦੇਸ਼ ਇਕ ਆਸ਼ਰਤ ਰਾਜ ਵੀ ਹੈ। ਕੇਂਦਰੀ ਸਰਕਾਰ ਦੀ ਆਰਥਕ ਸਹਾਇਤਾ ਦੇ ਸਿਰ ਤੇ ਹੀ ਉਹ ਖੜਾ ਹੈ, ਉਹ ਆਤਮ ਨਿਰਭਰ ਕਦੇ ਵੀ ਨਹੀਂ ਹੋ ਸਕਦਾ। ਇਸ ਲਈ ਉਸ ਇਲਾਕੇ ਨੂੰ ਵੀ ਪੰਜਾਬੀ ਸੂਬੇ ਵਿਚ ਸ਼ਾਮਲ ਕਰ ਦੇਣ ਨਾਲ ਪੰਜਾਬੀ ਸੂਬਾ ਹਿੰਦੁਸਤਾਨ ਦਾ ਇਕ ਸ਼ਾਨਦਾਰ ਸੂਬਾ ਬਣਦਾ ਹੈ। ਉਸ ਸੂਬੇ ਦੀ ਅਮੀਰੀ ਵਧਾਉਣ ਵਾਲੇ ਪਹਾੜੀ ਤੇ ਮੈਦਾਨੀ ਸਾਰੇ ਸਾਧਨ ਉਸ ਕੋਲ ਹੋਣਗੇ।

(੩੦ ਨਵੰਬਰ ੧੯੬੫)

## ਪੰਜਾਬੀ ਸੂਬੇ ਬਾਰੇ ਅਜੀਤ ਰਾਹ ਤੇ ਆ ਗਿਆ ਬਾਕੀ ਵੀ ਆਉਣ

ਪੰਜਾਬੀ ਸੂਬੇ ਦਾ ਸਵਾਲ ਕਈ ਸ਼ਕਲਾਂ ਬਦਲਦਾ ਬਦਲਦਾ ਅਜ ਉਸ ਰੂਪ ਵਿਚ ਨਿਖਰ ਕੇ ਸਾਹਮਣੇ ਆ ਗਿਆ ਹੈ ਜਿਸ ਲਈ 'ਨਵਾਂ ਹਿੰਦੁਸਤਾਨ' ਨੇ ਸੂਬਾ ਹਮਾਇਤੀਆਂ ਨੂੰ ਹਰ ਮੋੜ ਉਤੇ ਰਸਤਾ ਵਿਖਾਇਆ ਹੈ। ਨਵਾਂ ਹਿੰਦੁਸਤਾਨ ਤੇ ਉਸਦੇ ਐਡੀਟਰ ਨੂੰ ਬਾਰ ਬਾਰ ਅਕਾਲੀ ਪੱਖ ਵਲੋਂ ਪੰਜਾਬੀ ਸੂਬੇ ਦਾ ਮੁਖਾਲਿਫ਼ ਕਹਿ ਕੇ ਕੋਸਿਆ ਗਿਆ, ਪਰ ਨਵਾਂ ਹਿੰਦੁਸਤਾਨ ਅਪਣੇ ਸਟੈਂਡ ਉਤੇ ਦਰਿੜ੍ਹਤਾ ਨਾਲ ਖੜਾ ਰਿਹਾ।

ਪੰਜਾਬੀ ਸੂਬੇ ਦੀ ਮੰਗ ਸਾਰੇ ਅਕਾਲੀ, ਅਕਾਲੀ ਅਖਬਾਰ ਤੇ ਕਮਿਊਨਿਸਟ ਅਖਬਾਰ ਵੀ ਕਰਦੇ ਸਨ। ਪਰ ਜਦੋਂ ਇਹ ਸਵਾਲ ਆਉਂਦਾ ਸੀ ਕਿ ਇਸਦੀ ਸ਼ਕਲ ਕੀ ਹੋਵੇਗੀ ਓਦੋਂ ਸਾਰੇ ਦੇ ਸਾਰੇ ਮਾਸਟਰ ਤਾਰਾ ਸਿੰਘ ਜੀ ਦੇ ਭਗਤ ਬਣ ਜਾਂਦੇ ਸਨ।



Sri Satguru Jagjit Singh Ji Elibrary NamdhariElibrary@gmail.com

ਇਹ ਸਵਾਲ ਏਨਾ ਨਾ ਉਲਝਦਾ ਜੇ ਇਸ ਸਵਾਲ ਨਾਲ 'ਸਿੱਖ' ਦਾ ਨਾਮ ਨਾ ਜੋੜ ਕੇ ਕੇਵਲ ਪੰਜਾਬੀ ਜ਼ਬਾਨ ਦਾ ਅਧਾਰ ਦਸਿਆ ਜਾਂਦਾ। ਪਰ ਹਰ ਅਕਾਲੀ ਅਖ਼ਬਾਰ ਨੇ ਇਸ ਸਵਾਲ ਨੂੰ ਸਿਖ ਦੀ ਜ਼ਿੰਦਗੀ ਮੌਤ ਦਾ ਸਵਾਲ ਦਸਿਆ। ਨਤੀਜਾ ਜੋ ਹੋਣਾ ਸੀ ਓਹੋ ਹੀ ਹੋਇਆ। ਹਿੰਦੂਆਂ ਨੂੰ ਭਰਮ ਭੁਲੇਖ ਪਏ, ਬੇਕਾਰ ਦਾ ਵਿਰੋਧ ਖੜਾ ਹੋਇਆ।

ਅਸਾਂ ਲਿਖਿਆ—ਹਰਿਆਣੇ ਦੀ ਭਾਸ਼ਾ ਹਰਿਆਣਵੀ ਪੰਜਾਬੀ ਦੀ ਹੀ ਉਪ ਭਾਖਾ ਹੈ ਤੇ ਪਛਮੀ ਪੰਜਾਬ ਤੋਂ ਆਣਕੇ ਵੱਸੇ ਪੰਜਾਬੀਆਂ ਦੀ ਬਦੌਲਤ ਉਹ ਠੇਠ ਪੰਜਾਬੀ ਵਰਗੀ ਹੋ ਗਈ ਹੈ। ਅਸਾਂ ਲਿਖਿਆ—ਵਖਰੇ ਪਹਾੜੀ ਰਾਜ ਦੀ ਮੰਗ ਗ਼ਲਤ ਹੈ ਕਿਉਂਕਿ ਕਾਂਗੜਾ ਤੇ ਹਿਮਾਚਲ ਦੀ ਵਡੀ ਭਾਸ਼ਾ ਪੰਜਾਬੀ ਹੈ ਇਸ ਲਈ ਜਿਹੜਾ ਵੀ ਕੋਈ ਇਹਨਾਂ ਇਲਾਕਿਆਂ ਨੂੰ ਪੰਜਾਬੀ ਸੂਬੇ ਤੋਂ ਬਾਹਰ ਰੱਖਣ ਬਾਰੇ ਸੋਚਦਾ ਹੈ ਉਹ ਗਲਤ ਸੋਚਦਾ ਹੈ ਤੇ ਉਹ ਜ਼ਬਾਨ ਦੇ ਅਧਾਰ ਉਤੇ ਨਹੀਂ ਸਗੋਂ ਮਜ਼ਹਬ ਦੇ ਅਧਾਰ ਉਤੇ ਸੂਬਾ ਮੰਗਦਾ।

ਅਜੀਤ ਅਖਬਾਰ ਨੇ ਸਾਡਾ ਵਿਰੋਧ ਕਰਦਿਆਂ ਹੋਇਆਂ ਵੀ ਇਹ ਗੱਲ ਮੰਨ ਲਈ ਕਿ ਹਰਿਆਣਵੀ (ਬਾਂਗਰੂ) ਪੰਜਾਬੀ ਦੀ ਉਪ ਭਾਖਾ ਹੈ ਪਰ ਉਹ ਹਰਿਆਣੇ ਨੂੰ ਇਸ ਕਰਕੇ ਪੰਜਾਬੀ ਸੂਬੇ ਤੋਂ ਅੱਡ ਰਖਣਾ ਚਾਹੁੰਦਾ ਹੈ ਕਿ ਆਰੀਆ ਸਮਾਜੀ ਹਿੰਦੂ ਪੰਜਾਬੀ ਨੂੰ ਆਪਣੀ ਜ਼ਬਾਨ ਨਹੀਂ ਮੰਨਦੇ।

ਅਕਾਲੀ ਪਤਰਕਾ ਨੇ ਇਹ ਮੰਨਣ ਤੋਂ ਹੀ ਇਨਕਾਰ ਕੀਤਾ ਕਿ ਹਰਿਆਣਵੀ ਪੰਜਾਬੀ ਦੀ ਉਪ ਭਾਖਾ ਹੋ ਸਕਦੀ ਹੈ।

ਅਜੀਤ, ਅਕਾਲੀ ਪਤਰਕਾ, ਨਵਾਂ ਜ਼ਮਾਨਾ, ਕੌਮੀ ਦਰਦ ਤੇ ਜਥੇਦਾਰ ਇਹ ਸਾਰੇ ਅਖਬਾਰ ਹੀ ਵਖਰੇ ਹਰਿਆਣਾ, ਪ੍ਰਾਂਤ ਦੇ ਮੁਦਈ ਬਣ ਗਏ ਤੇ ਵਖਰੇ ਪਹਾੜੀ ਰਾਜ ਦੇ ਬੁਲਾਰੇ ਬਣ ਗਏ। ਇਸ ਦਾ ਸਪਸ਼ਟ ਅਰਥ ਸੀ ਪੰਜਾਬੀ ਦੀ ਆੜ ਵਿਚ ਸਿਖ ਬਹੁ ਗਿਣਤੀ ਵਾਲੇ ਪੰਜਾਬੀ ਸੂਬੇ ਦੀ ਰਚਨਾ ਦੀ ਮੰਗ।

ਅਸਾਂ ਬਾਰ ਬਾਰ ਇਸ ਸਾਰੀ ਹਾਲਤ ਦਾ ਵਿਸ਼ਲੇਸ਼ਨ ਕੀਤਾ ਤੇ ਸਾਰਿਆਂ ਨੂੰ ਪਰੇਰਨਾ ਦਿਤੀ ਕਿ ਨਿਰੋਲ ਪੰਜਾਬੀ ਜ਼ਬਾਨ ਦਾ ਅਧਾਰ ਲੈ ਲਵੋ ਗੱਲ ਸਹਿਜ ਤੇ ਸਰਲ ਹੋ ਜਾਵੇਗੀ। ਆਰੀਆ ਸਮਾਜੀ ਨੇਤਾ ਜੇ ਹਰਿਆਣਵੀ ਤੇ ਕਾਂਗੜੇ ਦੀ ਭਾਸ਼ਾ ਨੂੰ ਪੰਜਾਬੀ ਨਹੀਂ ਮੰਨਦੇ ਤਾਂ ਨਾ ਮੰਨਣ-ਤੁਸੀਂ ਤਾਂ ਸੱਚ ਨੂੰ ਮੰਨੋ ! ਤੁਸੀਂ ਕਿਉਂ ਉਹਨਾਂ ਦੀ ਗ਼ਲਤ ਗੱਲ ਨੂੰ ਆਪਣਾ ਸਮਰਥਨ ਦੇਂਦੇ ਓ ?

ਨਵਾਂ ਹਿੰਦੁਸਤਾਨ ਵਲੋਂ ਬਾਰ ਬਾਰ ਮੰਗ ਕਰਨ ਤੇ ਸਭ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਨੇ ਥੋੜਾ ਜਿਹਾ ਪਿਛੇ ਹਟਣ ਦੀ ਜੁਰਅਤ ਕੀਤੀ। ਉਹ ਕਿਸੇ ਸਮੇਂ ਆਪੇ ਹੀ ਦਿਤੇ ਪਹਾੜੀ ਰਾਜ ਦੇ ਨਾਅਰੇ ਤੋਂ ਪਿਛੇ ਹਟੀ-ਕਾਂਗੜੇ ਦੇ ਜ਼ਿਲੇ ਨੂੰ ਪੰਜਾਬੀ ਸੂਬੇ ਵਿਚ ਮਿਲਾਣ ਦੀ ਗੱਲ ਉਸ ਨੂੰ ਆਖਣੀ ਹੀ ਪਈ ਪਰ ਹਰਿਆਣੇ ਬਾਰੇ ਉਸ ਦਾ ਸਟੈਂਡ ਪਹਿਲਾਂ ਵਾਲਾ ਹੀ ਰਿਹਾ। ਇਸ ਦੇ ਬਾਵਜੂਦ ਕਮਿਊਨਿਸਟ ਪਾਰਟੀ ਨੇ ਜਿੰਨੇ ਜ਼ੋਰ ਨਾਲ ਹਰਿਆਣੇ ਦੀ ਤੇ ਪੰਜਾਬੀ ਸੂਬੇ ਦੀ ਰਚਨਾ ਦੀ ਮੰਗ ਕੀਤੀ ਉਨੇ ਜ਼ੋਰ ਨਾਲ ਕਾਂਗੜੇ ਨੂੰ ਪੰਜਾਬੀ ਸੂਬੇ ਵਿਚ ਮਿਲਾਣ ਬਾਰੇ ਇਕ ਵਾਰੀ ਵੀ ਨਹੀਂ ਆਖਿਆ। ਸਗੋਂ ਕਾਂਗੜੇ ਦਾ ਨਾਮ ਵੀ ਕਦੀ ਘੱਟ ਹੀ ਲਿਆ।

ਹੁਣ ਜਦੋਂ ਕਿ ਇਕ ਨਵੇਂ ਤਿੰਨ ਸੂਤਰੀ ਫਾਰਮੂਲੇ ਦੀ ਚਰਚਾ ਸ਼ੁਰੂ ਹੋਈ ਜਿਸ ਅਨੁਸਾਰ ਹਰਿਆਣੇ ਦੇ ਰੋਹਤਕ ਤੇ ਗੁੜਗਾਵਾਂ ਨੂੰ ਦਿਲੀ ਵਿਚ, ਕਰਨਾਲ ਤੇ ਹਿਸਾਰ ਦੇ ਬਾਗੜੀ ਬੋਲਣ ਵਾਲੇ ਇਲਾਕੇ ਨੂੰ ਅਤੇ ਮਹਿੰਦਰਗੜ੍ਹ ਸਾਰੇ ਨੂੰ ਰਾਜਿਸਥਾਨ ਵਿਚ ਮਿਲਾ ਕੇ ਬਾਕੀ ਦੇ ਕਰਨਾਲ, ਹਿਸਾਰ ਤੇ ਪੂਰਾ ਅੰਬਾਲਾ ਜ਼ਿਲਾ, ਪੂਰਾ ਕਾਂਗੜਾ ਜ਼ਿਲਾ ਮਿਲਾ ਕੇ ਪੰਜਾਬੀ ਸੂਬਾ ਬਣਾ ਦੇਣ ਦੀ ਗੱਲ ਤੁਰੀ ਤਾਂ ਨਵਾਂ ਹਿੰਦੁਸਤਾਨ ਨੇ ਸਭ ਤੋਂ ਪਹਿਲਾਂ ਇਸ ਫਾਰਮੂਲੇ ਨੂੰ ਹਕੀਕਤਾਂ ਦੇ ਨੇੜੇ ਦਸਦਿਆਂ ਹੋਇਆਂ ਇਸ ਦੀ ਹਮਾਇਤ ਕੀਤੀ। ਸਾਡੀ ਮੰਗ ਤਾਂ ਇਹ ਹੈ ਕਿ ਹਿਮਾਚਲ ਨੂੰ ਵੀ ਪੰਜਾਬੀ ਸੂਬੇ ਵਿਚ ਮਲਾਇਆ ਜਾਵੇ, ਕਿਉਂਕਿ ਹਮਾਚਲ ਤੇ ਕਾਂਗੜੇ ਦਾ ਜ਼ਿਲਾ ਨਾਮ ਦੇ ਤੌਰ ਤੇ ਹੀ ਅੱਡ ਹਨ ਬੋਲੀ ਤੇ ਕਲਚਰ ਵਲੋਂ ਅੱਡ ਨਹੀਂ, ਇਲਾਕੇ ਵਲੋਂ ਵੀ ਇਹ ਕਦਮ ਕਦਮ ਉਤੇ ਇਕ ਦੂਜੇ ਨੂੰ ਜਫੀਆਂ ਪਾਉਂਦੇ ਇਕ ਦੂਜੇ ਨੂੰ ਕਟਦੇ ਲੰਘਦੇ ਹਨ। ਰੋਹਤਕ ਤੇ ਗੁੜਗਾਵਾਂ ਵਿਚ ਵੀ ਪੰਜਾਬੀਆਂ ਦੀ ਗਿਣਤੀ ਬਹੁਤ ਹੈ। ਇਸ ਲਈ ਜੇ ਇਹਨਾਂ ਦੋਹਾਂ ਜ਼ਿਲਿਆਂ ਨੂੰ ਵੀ ਪੰਜਾਬੀ ਸੂਬੇ ਵਿਚ ਮਿਲਾਈ ਰਖਣ ਲਈ ਫੈਸਲਾ ਲਿਆ ਜਾਵੇ ਤਾਂ ਪੰਜਾਬੀ ਸੂਬੇ ਦੀ ਹੱਦ ਬੰਦੀ ਬਹੁਤ ਠੀਕ ਬਣੇਗੀ।

ਨਵਾਂ ਹਿੰਦੁਸਤਾਨ ਤੋਂ ਬਾਅਦ ਅਜੀਤ ਨੇ ਸੱਚ ਨੂੰ ਮੰਨਣ ਦੀ ਦਲੇਰੀ ਕੀਤੀ ਹੈ ਤੇ ਅਸੀਂ ਜ਼ਰੂਰ ਅਜੀਤ ਨੂੰ ਦਾਦ ਦਿਆਂਗੇ ਉਸ ਨੇ ਇਸ ਨਵੇਂ ਫਾਰਮੂਲੇ ਦੇ ਹਰਿਆਣੇ ਵਾਲੇ ਪੱਖ ਨੂੰ ਮੰਨਿਆ। ਕਾਂਗੜੇ ਬਾਰੇ ਕੁਝ ਨਹੀਂ ਸੀ ਆਖਿਆ। ਅੱਜ ਅਜੀਤ ਨੇ ਕਾਂਗੜੇ ਵਾਲੇ ਉਸ ਫਾਰਮੂਲੇ ਨੂੰ ਮੰਨ ਲਿਆ ਹੈ। ਅਜੀਤ ਦੇ ਸੰਪਾਦਕ ਸਾਹਿਬ ਲਿਖਦੇ ਹਨ—'ਕਾਂਗੜਾ



Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਭਾਸ਼ਾ ਦਾ ਇਲਾਕਾ ਹੈ, ਸਾਰਾ ਹੀ ਅੰਬਾਲਾ ਜ਼ਿਲਾ ਪੰਜਾਬੀ ਦਾ ਇਲਾਕਾ ਹੈ, ਜ਼ਿਲਾ ਕਰ-ਨਾਲ ਦੀਆਂ ਤਹਿਸੀਲਾਂ ਕੈਥਲ ਕਰ-ਨਾਲ ਥਾਨੇਸਰ ਖਾਸ ਤੌਰ ਤੇ ਪੰਜਾਬੀ ਇਲਾਕੇ ਹਨ ਪਰ ਉਂਜ ਸਾਰੇ ਹੀ ਕਰਨਾਲ ਜ਼ਿਲੇ ਦੀ ਭਾਸ਼ਾ ਪੰਜਾਬੀ ਹੈ। ਇਸੇ ਤਰਾਂ ਹੀ ਪੋਜ਼ੀਸ਼ਨ ਹਿਸਾਰ ਦੀ ਹੈ। ਇਹ ਸਾਰਾ ਨਹੀਂ ਤਾਂ ਫ਼ਤਿਹਾਬਾਦ ਤੇ ਸਰਸਾ ਦੀਆਂ ਤਹਿ-ਸੀਲਾਂ ਤਾਂ ਪੰਜਾਬੀ ਬੋਲਦੀਆਂ ਤਹਿ-ਸੀਲਾਂ ਹਨ। ਇਹੋ 'ਸ਼ਬਦ ਦੇ ਠੀਕ' ਅਰਥਾਂ ਵਿਚ ਪੰਜਾਬੀ ਸੂਬਾ ਹੈ ਤੇ ਇਸੇ ਨੂੰ ਅਸੀਂ ਇਕੱਠਾ ਕਰਨਾ ਚਾਹੁੰਦੇ ਸਾਂ ਤੇ ਹੁਣ ਵੀ ਇਕੱਠਾ ਕਰਨ ਦੇ ਹੱਕ ਵਿਚ ਹਾਂ। ਇਸ ਵਿਚ ਸਿਖਾਂ ਦੀ ਆਬਾਦੀ ੪੦ ਫੀ ਸਦੀ ਤੇ ਲਗ ਭਗ ਹੈ ਤੇ ਇਸ ਦੀ ਸਾਰੀ ਵਸੋਂ ਦੀ ਗਿਣਤੀ ਸਵਾ ਕਰੋੜ ਤੋਂ ਵੀ ਵਧ ਜਾਂਦੀ ਹੈ। ਇਹ ਹਰ ਤਰ੍ਹਾਂ ਨਾਲ ਇਕ ਅਜਿਹ ਸੂਬਾ ਬਣ ਜਾਂਦਾ ਹੈ ਜੋ ਹਰ ਤਰ੍ਹਾਂ ਨਾਲ ਆਪਾ-ਨਿਰਭਰ ਹੋਵੇਗਾ। ਮਹਾਸ਼ਿਆਂ ਨੂੰ ਜੋ ਸਭ ਤੋਂ ਵਡਾ ਡਰ ਹੈ ਕਿ ਸਿਖਾਂ ਦੀ ਬਹੁ-ਗਿਣਤੀ ਨਾ ਹੋ ਜਾਵੇ ਉਹ ਵੀ ਖਤਮ ਹੋ ਜਾਏਗਾ। ਸਿੱਖਾਂ ਦੀ ਗਿਣਤੀ ਅਸਲ ਪੰਜਾਬੀ ਸੂਬੇ ਵਿਚ ਕਿਸੇ ਹਾਲਤ ੪੫ ਫੀ ਸਦੀ ਤੋਂ ਨਹੀਂ ਵਧਣ ਲਗੀ। ਪੰਜਾਬੀ ਸੂਬੇ ਨੂੰ ਉਹ ਇਸੇ ਕਰਕੇ ਸਿਖ ਸੂਬਾ ਕਹਿੰਦੇ ਰਹੇ ਹਨ ਤੇ ਜੇ ਹੁਣ ਦੇ ਪੰਜਾਰੀ ਰੀਜਨ ਨੂੰ ਹੀ ਇਸ ਸੂਬੇ ਦਾ ਦਰਜਾ ਦੇ ਦਿਤਾ ਗਿਆ ਤਾਂ ਮਾਸਟਰ ਤਾਰਾ ਸਿੰਘ ਦੀ ਮੰਗ ਪੂਰੀ ਹੋ ਜਾਏਗੀ।"

ਇਸ ਤੋਂ ਪਹਿਲਾਂ ਸੰਪਾਦਕ ਅਜੀਤ ਸਿੱਖਾਂ ਦੀ ਤਸੱਲੀ ਲਈ ੫੫ ਫੀ ਸਦੀ ਸਿਖ ਅਬਾਦੀ ਵਾਲੇ ਪੰਜਾਬੀ ਸੂਬੇ ਦੀ ਮੰਗ ਕਰਦੇ ਸਨ। ਪਰ ਖ਼ੈਰ, ਹੁਣ ਵੀ ਜੇ ਠੀਕ ਗੱਲ ਤੇ ਆ ਗਏ ਹਨ ਤਾਂ ਗਲਤੀ ਸੁਧਰ ਗਈ ਹੈ ਤੇ ਸਾਨੂੰ ਖੁਸ਼ੀ ਹੈ ਕਿ 'ਨਵਾਂ ਹਿੰਦੁਸਤਾਨ' ਦਾ ਵਿਖਾਇਆ ਰਾਹ ਹੀ ਅੰਤ ਨੂੰ ਅਜੀਤ ਨੇ ਵੀ ਚੁਣ ਲਿਆ ਹੈ।

ਇਸ ਤੋਂ ਬਾਅਦ ਅਸੀਂ ਆਸ ਕਰਦੇ ਹਾਂ ਕਿ ਕਮਿਊਨਿਸਟ ਪਾਰਟੀ ਦਾ ਅਖਬਾਰ ਨਵਾਂ ਜ਼ਮਾਨਾ ਵੀ ਜ਼ਬਾਨ ਖੋਹਲੇਗਾ ਕਿਉਂਕਿ ਉਸ ਦਾ ਤਾਂ ਦਾਅਵਾ ਹੀ ਇਹ ਹੈ ਕਿ ਉਹ ਫਿਰਕੂ ਰੁਚੀ ਵਾਲਾ ਨਹੀਂ। ਪਰ ਅਜੇ ਤਕ ਨਵਾਂ ਜ਼ਮਾਨਾ ਨੇ ਸੱਚ ਨੂੰ ਨਹੀਂ ਕਬੂਲਿਆ। ਉਸ ਦਾ ਕਾਰਨ ਇਹ ਹੈ ਕਿ ਨਵਾਂ ਜ਼ਮਾਨਾ ਵਖਰੇ ਹਰਿਆਣਾ ਪ੍ਰਾਂਤ ਦਾ ਮੁਦੱਈ ਹੈ। ਇਹ ਸੱਚ ਮੰਨਣਾ ਉਸ ਲਈ ਔਖਾ ਹੋ ਰਿਹਾ ਹੈ ਕਿ ਹਰਿਆਣੇ ਦੇ ਉਪਰ ਦਸੇ ਇਲਾਕੇ ਪੰਜਾਬੀ ਬੋਲਦੇ ਇਲਾਕੇ ਹਨ ਤੇ ਅਸਲ ਪੰਜਾਬੀ ਸੂਬਾ ਤਦ ਹੀ ਬਣ ਸਕਦਾ ਹੈ ਜੇ ਸਾਰੇ ਪੰਜਾਬੀ ਬੋਲਦੇ ਇਲਾਕੇ ਉਸ ਵਿਚ ਸ਼ਾਮਲ ਕੀਤੇ ਜਾਣ। ਪਰ ਸਾਡਾ ਵਿਸ਼ਵਾਸ ਹੈ ਕਿ ਅੰਤ ਨੂੰ ਸੱਚ ਦੀ ਇਹ ਗੋਲੀ ਕਮਿਊਨਿਸਟ ਪਾਰਟੀ ਤੇ ਉਸ ਦੇ ਅਖਬਾਰ ਨਵਾਂ ਜ਼ਮਾਨਾ ਨੂੰ ਵੀ ਸੰਘੋਂ ਲੰਘਾਉਣੀ ਹੀ ਪਵੇਗੀ ਅਤੇ ਖੁਲ੍ਹ ਕੇ ਇਹ ਕਹਿਣਾ ਪਵੇਗਾ ਕਿ ਮਾਸਟਰ ਤਾਰਾ ਸਿੰਘ ਵਾਲਾ ਪੰਜਾਬੀ ਸੂਬਾ ਨਹੀਂ ਸਗੋਂ ਪੰਜਾਬੀ ਜ਼ਬਾਨ ਦੇ ਆਧਾਰ ਉਤੇ ਬਣਿਆ ਪੰਜਾਬੀ ਸੂਬਾ ਚਾਹੀਦਾ ਹੈ।

ਅਕਾਲੀ ਪਤਰਕਾ ਲਈ ਵੀ ਇਹੋ ਹੀ ਮੁਸ਼ਕਿਲ ਹੈ। ਉਸ ਦੇ ਐਡੀਟਰ ਸਾਹਿਬ ਵੀ ਆਰੀਆ ਸਮਾਜੀ ਵੀਰਾਂ ਦੇ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਨਾ ਮੰਨਣ ਦੀ ਝੂਠੀ ਰਚਨਾ ਵਿਚ ਫਸਕੇ ਸੱਚ ਤੋਂ ਪਰ੍ਹਾਂ ਹਟ ਚੁਕੇ ਹਨ। ਜੋ ਆਰੀਆ ਸਮਾਜੀਆਂ ਨੇ ਕਿਹਾ ਕਿ ਪੰਜਾਬੀ ਭਾਸ਼ਾ ਸਾਡੀ ਮਾਤ ਭਾਸ਼ਾ ਨਹੀਂ, ਹਰਿਆਣਵੀ ਪੰਜਾਬੀ ਦੀ ਉਪ ਭਾਖਾ ਨਹੀਂ, ਕਾਂਗੜੇ ਦੀ ਭਾਸ਼ਾ ਹਿੰਦੀ ਹੈ ਤਾਂ ਇਹਨਾਂ ਨੇ ਵੀ ਉਹੋ ਹੀ ਗੱਲ ਦੁਹਰਾ ਦਿਤੀ। ਗੁੱਸੇ ਵਿਚ ਵਖਰੇ ਹਰਿਆਣੇ ਦੀ, ਵਖਰੇ ਪਹਾੜੀ ਰਾਜ ਦੀ ਮੰਗ ਕਰਕੇ ਪੰਜਾਬੀ ਜ਼ਬਾਨ ਦੇ ਖੇਤਰ ਨੂੰ ਅਤਿ ਛੋਟਾ ਬਨਾਉਣ ਦੀ ਮੰਗ ਚੁਕ ਕੀਤੀ। ਪੰਜਾਬੀ ਜ਼ਬਾਨ ਦਾ ਹੱਕੀ ਖਿਤਾ ਵੀ ਛੋਟਾ ਕਰਕੇ ਸਵਾਰਥੀ ਲੋਕਾਂ ਦੇ ਚੱਕਰ ਵਿਚ ਫਸ ਗਏ।

ਅਸੀਂ ਸਮਝਦੇ ਹਾਂ ਕਿ ਸੱਚ ਬੜੀ ਵਡੀ ਤਾਕਤ ਹੈ ਤੇ ਗ਼ਲਤੀਆਂ ਨੂੰ ਸੋਧਣ ਲਈ ਵੀ ਇਹ ਸਮਰੱਥਾ ਬਖਸ਼ਦਾ ਹੈ। ਇਸ ਸੱਚ ਨੂੰ ਦੇਰ ਨਾਲ ਮੰਨ ਲੈਣ ਵਿਚ ਵੀ ਲਾਭ ਹੈ ਕਿ ਹਰਿਆਣੇ ਦੇ ਉੱਪਰ ਦੱਸੇ ਇਲਾਕੇ ਪੰਜਾਬੀ ਭਾਸ਼ੀ ਹਨ ਤੇ ਕਾਂਗੜਾ ਅਤੇ ਹਿਮਾਚਲ ਦੀ ਵਡੀ ਭਾਸ਼ਾ ਪੰਜਾਬੀ ਹੈ। ਇਸ ਸੱਚ ਨੂੰ ਮੰਨ ਲੈਣ ਨਾਲ ਇਹ ਕਥਨ ਸਹੀ-ਸਿੱਧ ਹੋ ਸਕਦਾ ਹੈ ਕਿ ਉਹਨਾਂ ਨੂੰ ਭਾਸ਼ਾ ਦੇ ਅਧਾਰ ਉਤੇ ਪੰਜਾਬੀ ਸੂਬਾ ਚਾਹੀਦਾ ਹੈ।

ਸੰਤ ਫਤੇਹ ਸਿੰਘ ਜੀ ਦਾ ਅਖ-ਬਾਰ ਕੌਮੀ ਦਰਦ ਜੇ ਸਰਕਾਰ ਨੂੰ ਜਾਂ ਆਰੀਆ ਸਮਾਜੀਆਂ ਨੂੰ ਧਮਕੀਆਂ ਦੇਣ ਵਿਚ ਵਕਤ ਜ਼ਾਇਆ ਕਰਨ ਦੀ ਥਾਂ ਉਪਰ ਦਿਤੀ ਸੱਚੀ ਤਸਵੀਰ ਨੂੰ ਮੰਨ ਕੇ ਪੰਜਾਬ ਦੇ ਵਾਤਾਵਰਨ ਨੂੰ ਸੁਖਾਵਾਂ ਬਣਾਉਣ ਵਿਚ ਸਹਾਇਤਾ ਕਰ ਸਕੇ ਤਾਂ ਸੰਤ ਜੀ ਦੀ ਕੀਮਤੀ ਜ਼ਿੰਦਗੀ ਬਾਰੇ ਮਾੜੀ ਚਰਚਾ ਬੰਦ ਹੋ ਸਕਦੀ ਹੈ।

ਬਾਕੀ ਰਿਹਾ ਜਥੇਦਾਰ ਤੇ ਪਰਭਾਤ, ਉਹਨਾਂ ਨੇ ਤਾਂ ਆਪਣਾ ਧਰਮ ਹੀ ਨਿਭਾਉਣਾ ਹੈ-ਉਹਨਾਂ ਦਾ ਧਰਮ ਭੁਲੇਖਾ ਪਾਉਣ ਵਾਲਾ ਨਹੀਂ ਸਪਸ਼ਟ ਹੈ ਤੇ ਉਹ ਇਹ ਕਿ ਉਹਨਾਂ ਨੂੰ ਸਿਖ ਸੂਬਾ ਹੀ ਚਾਹੀਦਾ ਹੈ।

ਇਹ ਫਿਰਕੂ ਮੰਗ ਕਦੇ ਪੂਰੀ ਹੋਣੀ ਨਹੀਂ। ਪਰ ਜਿਹੜੇ ਸਚੇ ਦਿਲੋਂ ਜ਼ਬਾਨ ਦੇ ਆਧਾਰ ਉਤੇ ਪੰਜਾਬੀ



Sri Satguru Jagjit Singh Ji Elibrary NamdhariElibrary@gmail.com

ਸੂਬਾ ਚਾਹੁੰਦੇ ਹਨ ਉਨ੍ਹਾਂ ਨੂੰ ਖੁਲ੍ਹ ਕੇ ਉਸ ਤਿੰਨ ਸੂਤਰੀ ਫਾਰਮੂਲੇ ਨੂੰ ਆਪਣੇ ਪਰਚਾਰ ਦਾ ਅਧਾਰ ਬਣਾਉਣਾ ਚਾਹੀਦਾ ਹੈ।

(੯ ਦਸੰਬਰ ੧੯੬੫)

## ਨਵਾਂ ਫਾਰਮੂਲਾ—ਸੰਤ ਜੀ ਦੀ ਮਨਜ਼ੂਰੀ

ਪੰਜਾਬ ਤੋਂ ਆਉਣ ਵਾਲੀਆਂ ਖਬਰਾਂ ਅਨੁਸਾਰ ਸੰਤ ਫ਼ਤਹਿ ਸਿੰਘ ਜੀ ਨੇ ਪੰਜਾਬੀ ਸੂਬੇ ਬਾਰੇ ਉਹ ਫਾਰਮੂਲਾ ਮਨਜ਼ੂਰ ਕਰ ਲਿਆ ਹੈ ਜਿਸ ਵਿਚ ਪੂਰੇ ਕਾਂਗੜੇ ਨੂੰ, ਅੱਧੇ ਅੱਧੇ ਹਿਸਾਰ ਤ ਕਰਨਾਲ ਨੂੰ ਤੇ ਪੂਰੇ ਅੰਬਾਲੇ ਨੂੰ ਮਿਲਾ ਕੇ ਪੰਜਾਬੀ ਬੋਲੀ ਵਾਲਾ ਪੰਜਾਬ ਬਣਾਉਣ ਦੀ ਗੱਲ ਆਖੀ ਹੈ। ਇਸ ਫਾਰਮੂਲੇ ਅਨੁਸਾਰ ਰੋਹਤਕ ਤੇ ਗੁੜਗਾਵਾਂ ਦੇ ਜ਼ਿਲੇ ਦਿੱਲੀ ਵਿਚ ਮਿਲਾਏ ਜਾਣਗੇ, ਮਹਿੰਦਰਗੜ੍ਹ ਪੂਰਾ ਤੇ ਹਿਸਾਰ ਅਤੇ ਕਰਨਾਲ ਦੇ ਬਾਗੜੀ ਬੋਲੀ ਵਾਲੇ ਇਲਾਕੇ ਰਾਜਸਥਾਨ ਵਿਚ ਮਿਲਣਗੇ ਅਤੇ ਰਾਜਸਥਾਨ ਦਾ ਗੰਗਾ ਨਗਰ ਸ਼ਾਇਦ ਪੰਜਾਬ ਵਿਚ ਮਿਲਾਇਆ ਜਾਏਗਾ।

ਅਸੀਂ ਸਮਝਦੇ ਹਾਂ ਕਿ ਇਹ ਫਾਰਮੂਲਾ ਹਕੀਕਤਾਂ ਦੇ ਬਹੁਤ ਨੇੜੇ ਹੈ, ਜੇ ਪਰਸ਼ਾਸਨ ਖਰਚ ਤੇ ਸਭਿਆਚਾਰ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਹਿਮਾਚਲ ਨੂੰ ਵੀ ਪੰਜਾਬੀ ਬੋਲਦੇ ਪੰਜਾਬ ਵਿਚ ਰਲਾਉਣਾ ਚਾਹੀਦਾ ਹੈ—ਪਰ ਖੈਰ, ਜੇ ਇਸ ਨਾਲ ਕਿਸੇ ਕਿਸਮ ਦੀ ਨਵੀਂ ਮੁਸ਼ਕਿਲ ਖੜੀ ਹੋਣ ਦੀ ਸੰਭਾਵਨਾ ਹੋਵੇ ਤਦ ਇਹ ਫ਼ਾਰਮੂਲਾ ਇਕ ਚੰਗਾ ਹੱਲ ਹੈ।

ਅਸਾਂ ਇਸ ਫਾਰਮੂਲੇ ਦੇ ਸਾਹਮਣੇ ਆਉਂਦਿਆਂ ਹੀ ਇਸ ਨੂੰ ਜੀਉ ਆਇਆਂ ਆਖਿਆ ਸੀ, ਕਿਉਂਕਿ ਇਹ ਪੰਜਾਬੀ ਸੂਬੇ ਦੇ ਸਵਾਲ ਬਾਰੇ ਅਪਣਾਏ ਸਾਡੇ ਦ੍ਰਿਸ਼ਟੀਕੋਨ ਨਾਲ ਮੇਲ ਖਾਂਦਾ ਹੈ। ਅਸੀਂ ਸ਼ੁਰੂ ਤੋਂ ਹੀ ਪਹਾੜੀ ਰਾਜ ਦੀ ਤੇ ਵਖਰੇ ਹਰਿਆਣਾ ਪ੍ਰਾਂਤ ਦੀ ਰਚਨਾ ਨੂੰ ਗੈਰ ਕੁਦਰਤੀ ਆਖਦੇ ਆ ਰਹੇ ਸਾਂ ਤੇ ਇਸ ਨਾਲ ਮਜ਼ਹਬੀ ਫੁਟ ਦੇ ਨਾਲ ਨਾਲ ਹੋਰ ਕਈ ਪਰਕਾਰ ਦੀ ਫੁਟ ਦਾ ਅੰਦੇਸ਼ਾ ਦਸਦੇ ਰਹੇ ਹਾਂ। ਸਾਡਾ ਸ਼ੁਰੂ ਤੋਂ ਹੀ ਦਾਅਵਾ ਰਿਹਾ ਹੈ ਕਿ ਹਰਿਆਣੇ ਦੀ ਮੂਲ ਭਾਸ਼ਾ ਅਤੇ ਕਾਂਗੜੇ ਦੀ ਮੂਲ ਭਾਸ਼ਾ ਪੰਜਾਬੀ ਦੀਆਂ ਹੀ ਉਪ ਭਾਖਾਵਾਂ ਹਨ ਤੇ ਇਹਨਾਂ ਦਾ ਸਭਿਆਚਾਰ ਵੀ ਪੰਜਾਬੀ ਸਭਿਆਚਾਰ ਹੈ। ਸਾਡਾ ਇਹ ਵੀ ਦਾਅਵਾ ਰਿਹਾ ਹੈ ਕਿ ਹਰਿਆਣੇ ਨੇ ੧੮੫੭ ਦੇ ਗਦਰ ਵਿਚ ਕੋਈ ਹਿੱਸਾ ਨਹੀਂ ਸੀ ਲਿਆ ਅਤੇ ਨਾ ਹੀ ਹਰਿਆਣੇ ਨੂੰ ਕਿਸੇ ਇਹੋ ਜਿਹੀ ਸਜ਼ਾ ਦੇ ਅਧੀਨ ਪੰਜਾਬ ਨਾਲ ਜੋੜਿਆ ਗਿਆ ਸੀ ਜਿਸ ਕਰਕੇ ਉਹ ਪਛੜ ਜਾਏ। ਇਹ ਗ਼ਲਤ ਗੱਲ ਪੰਜਾਬ ਦੀ ਕਮਿਊਨਿਸਟ ਪਾਰਟੀ ਨੇ ਪਰਚਾਰੀ ਸੀ ਤੇ ਕੇਂਦਰੀ ਪੰਜਾਬ ਅਤੇ ਹਰਿਆਨਵੀ ਪੰਜਾਬ ਵਿਚ ਫੁਟ ਦੇ ਬੀ ਬੀਜਣ ਦੀ ਕੋਸ਼ਿਸ਼ ਕੀਤੀ ਸੀ। ਪੰਜਾਬੀ ਸੂਬੇ ਦੇ ਕੁਝ ਹੋਰ ਹਮਾਇਤੀ ਵੀ ਕਮਿਊਨਿਸਟਾਂ ਦੇ ਇਸ ਪਰਚਾਰ ਦਾ ਸ਼ਿਕਾਰ ਹੋ ਕੇ ਇਹੋ ਗੱਲ ਆਖਣ ਲਗ ਪਏ ਸਨ ਤੇ ਏਸੇ ਆਧਾਰ ਉਤੇ ਵਖਰੇ ਹਰਿਆਣਾ ਪ੍ਰਾਂਤ ਦੀ ਮੰਗ ਉਠਾਉਂਦੇ ਸਨ।

ਨਵਾਂ ਹਿੰਦੁਸਤਾਨ ਨੇ ਨਿਰਪਖ ਹੋ ਕੇ ਆਪਣੇ ਸਟੈਂਡ ਤੇ ਪਹਿਰਾ ਦਿਤਾ ਹੈ ਤੇ ਹਰ ਕਿਸੇ ਨੂੰ ਸਹੀ ਰਾਹ ਅਪਨਾਉਣ ਲਈ ਪਰੇਰਿਆ ਹੈ। ਸਾਡੀ ਪਰੇਰਨਾ ਦਾ ਅਸਰ ਸਭ ਤੋਂ ਪਹਿਲਾਂ ਜਲੰਧਰ ਦੇ ਅਜੀਤ ਨੇ ਕਬੂਲਿਆ ਤੇ ਉਪਰੋਕਤ ਫਾਰਮੂਲੇ ਨੂੰ ਸਹੀ ਹਲ ਮੰਨਿਆਂ।

ਹੁਣ ਸੁਣਨ ਵਿਚ ਆ ਰਿਹਾ ਹੈ ਕਿ ਸੰਤ ਜੀ ਵੀ ਇਸ ਨੂੰ ਪਰਵਾਨ ਕਰ ਰਹੇ ਹਨ। ਇਸ ਤੋਂ ਬਾਅਦ ਮੁਸ਼ਕਿਲ ਆਵੇਗੀ ਕਮਿਊਨਿਸਟ ਪਾਰਟੀ ਲਈ ਤੇ ਮਾਸਟਰ ਤਾਰਾ ਸਿੰਘ ਪਾਰਟੀਨਾਲ ਸਬੰਧਤ ਕੁਝ ਦੁਸਹੇ ਲੋਕਾਂ ਲਈ। ਉਨ੍ਹਾਂ ਨਾਲ ਸਾਨੂੰ ਪੂਰੀ ਹਮਦਰਦੀ ਹੈ, ਕਿਉਂਕਿ ਇਸ ਫਾਰਮੂਲੇ ਅਨੁਸਾਰ ਪਹਾੜੀ ਰਾਜ, ਹਰਿਆਣਾ ਪ੍ਰਾਂਤ ਤੇ ਸਿਖ ਸਟੇਟ-ਸਭਨਾ ਦਾ ਹੀ ਭੋਗ ਪੈ ਜਾਂਦਾ ਹੈ।

(੧੯ ਦਸੰਬਰ ੧੯੬੫)



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਜ਼ਮੀਮਾਂ ਨਵਾਂ ਹਿੰਦੁਸਤਾਨ
ਨਵੀਂ ਦਿੱਲੀ-੧

ਤਾਂ ਪੰਜਾਬ

Reg. No. D-865

ਮੁਲ : ੫੦ ਪੈਸੇ

ਨਵਾਂ ਹਿੰਦੁਸਤਾਨ ਪਰੈਸ
1681 ਪਹਾੜ ਗੰਜ
ਨਵੀਂ ਦਿੱਲੀ-1

Sri Satguru Jagjit Singh Ji Elibrary NamdhariElibrary@gmail.com